# ਦੇਸ਼ ਦੁਆਬਾ

VOL -2 ISSUE - 9
August 1-15, 2013
www.deshdoaba.com
www.ambedkartimes.com


ਹਰ ਸਾਲ ਦੀ ਤਰ੍ਹਾਂ
ਇਸ ਵਾਰ ਵੀ 11 ਅਗਸਤ
ਨੂੰ ਐਸ. ਈ. ਐਸ. ਹਾਲ
ਸਟਾਕਟਨ ਬੁਲੇਵਾਡ ਵਿਖੇ
ਪਵੇਗੀ ਤੀਆਂ ਦੀ ਧਮਾਲ
(ਦੇਖੋ ਇਸ਼ਤਿਹਾਰ ਸਫਾ 16 ਤੇ)

ਤੀਆਂ TEEYAN


ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 510-219-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ




ਹਾਊਸ ਆਫ ਕੌਮਨਜ਼ ਵਲੋਂ ਮੈਂਬਰ ਪਾਰਲੀਮੈਂਟ ਜਸਬੀਰ ਸਿੰਘ ਸੰਧੂ, ਬੀਬੀ ਗੁਰਦੀਸ਼ ਕੌਰ ਗਰੇਵਾਲ ਨੂੰ ਅਵਾਰਡ ਆਫ ਔਨਰ ਪ੍ਰਦਾਨ ਕਰਦੇ ਹੋਏ, ਨਾਲ ਦਿਖਾਈ ਦੇ ਰਹੇ ਹਨ- ਜੈਤੇਗ ਸਿੰਘ ਅਨੰਤ ਤੇ ਹੋਰ। (ਦੇਖੋ ਸਫਾ 12 ਤੇ)
Pictures credit: S P Ahir



4 ਅਗਸਤ ਦਿਨ ਐਤਵਾਰ ਨੂੰ ਡਾ. ਮਮਤਾ ਜੋਸ਼ੀ ਨੇ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ (ਕੈਲੀਫੋਰਨੀਆ) ਵਿਖੇ ਸ਼ਬਦ ਗਾਇਨ ਕੀਤਾ। ਗੁਰੂ ਘਰ ਵੱਲੋਂ ਉਹਨਾਂ ਨੂੰ ਸਿਰੋਪੇ ਨਾਲ ਨਿਵਾਜਿਆ ਗਿਆ। ਅਗਲਾ ਪ੍ਰੋਗਰਾਮ ਇਸੇ ਗੁਰੂ ਘਰ ਵਿਖੇ 18 ਅਗਸਤ ਨੂੰ ਸਮੂਹ ਸਾਧ ਸੰਗਤ ਦੇ ਸੱਦੇ ਤੇ ਸ਼ਬਦ ਗਾਇਨ ਦਾ ਪ੍ਰੋਗਰਾਮ ਉਲੀਕਿਆ ਗਿਆ ਹੈ।

# ਕਾਂਗਰਸ ਅਤੇ ਸਪਾ ਦੀਆਂ ਨੀਤੀਆਂ ਜਨ ਵਿਰੋਧੀ ਅਤੇ ਭਾਜਪਾ ਦੀਆਂ ਵੱਖਵਾਦੀ : ਮਾਇਆਵਤੀ

ਲਖਨਊ- ਉਤਰ ਪ੍ਰਦੇਸ਼ ਦੀ ਸਾਬਕਾ ਮੁੱਖ ਮੰਤਰੀ ਅਤੇ ਬਸਪਾ ਪ੍ਰਧਾਨ ਬੀਬੀ ਮਾਇਆਵਤੀ ਨੇ ਦੋਸ਼ ਲਗਾਇਆ ਹੈ ਕਿ ਕਾਂਗਰਸ ਅਤੇ ਭਾਜਪਾ ਦੀਆਂ ਗਲਤ ਨੀਤੀਆਂ ਦੇ ਕਾਰਨ ਦੇਸ਼ 'ਚ ਗਰੀਬੀ, ਮਹਿੰਗਾਈ ਅਤੇ ਬੇਰੁਜ਼ਗਾਰੀ ਤੋਂ ਲੈ ਕੇ ਨਕਸਲਵਾਦ ਤੱਕ ਦੀ ਸਮੱਸਿਆ ਵਧੀ ਹੈ, ਜਦੋਂਕਿ ਸਮਾਜਵਾਦੀ ਪਾਰਟੀ ਦੀ ਦੁਰਭਾਵਨਾ ਅਤੇ ਦੋਸ਼ਪੂਰਣ ਨੀਤੀਆਂ ਦੇ ਕਾਰਨ ਉੱਤਰ ਪ੍ਰਦੇਸ਼ 'ਚ ਕਾਨੂੰਨ ਦਾ ਰਾਜ ਖਤਮ ਹੋਇਆ ਹੈ।



ਮਾਇਆਵਤੀ ਨੇ ਅਗਲੀਆਂ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਪਾਰਟੀ ਸੰਗਠਨ ਦੀ ਖੇਤਰਵਾਰ ਸਮੀਖਿਆ ਬੈਠਕ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਕਾਂਗਰਸ ਅਤੇ ਭਾਜਪਾ ਦੀਆਂ ਗਲਤ ਨੀਤੀਆਂ ਕਾਰਨ ਦੇਸ਼ 'ਚ ਗਰੀਬੀ, ਬੇਰੋਜ਼ਗਾਰੀ ਅਤੇ ਮਹਿੰਗਾਈ ਦੇ ਨਾਲ ਨਕਸਲਵਾਦ ਦੀ ਸਮੱਸਿਆ ਲਗਾਤਾਰ ਵਧਦੀ ਦਿਖ ਰਹੀ ਹੈ।

ਉਨ੍ਹਾਂ ਪ੍ਰਦੇਸ਼ 'ਚ ਸੱਤਾਧਾਰੀ ਸਮਾਜਵਾਦੀ ਪਾਰਟੀ ਨੂੰ ਵੀ ਲੰਮੇਂ ਹੱਥੀਂ ਲਿਆ ਅਤੇ ਇਸ 'ਤੇ ਸਿਆਸਤ ਅਤੇ ਬਦਲੇ ਦੀ ਭਾਵਨਾ ਨਾਲ ਕੰਮ ਕਰਨ ਦਾ ਦੋਸ਼ ਲਗਾਉਂਦੇ ਹੋਏ ਕਿਹਾ ਕਿ ਸਪਾ ਸਰਕਾਰ 'ਚ ਕਾਨੂੰਨ ਅਤੇ ਵਿਵਸਥਾ ਦੀ ਸਥਿਤੀ ਇਸ ਤਰ੍ਹਾਂ ਵਿਗੜ ਗਈ ਹੈ ਕਿ ਆਮ ਜਨਤਾ ਦੀ ਸੁਰੱਖਿਆ ਦੀ ਜ਼ਿੰਮਵਾਰੀ ਸੰਭਾਲਣ ਵਾਲੀ ਪੁਲਿਸ ਅਤੇ ਪੁਲਿਸ ਅਧਿਕਾਰੀ ਵੀ ਗੁੰਡਾ ਅਨਸਰਾਂ ਦੇ ਹਮਲਿਆਂ ਦਾ ਸ਼ਿਕਾਰ ਹੋ ਰਹੇ ਹਨ ਅਤੇ ਉਨ੍ਹਾਂ ਦੀਆਂ ਹੱਤਿਆਵਾਂ ਹੋ ਰਹੀਆਂ ਹਨ। ਅਜਿਹੀ ਸਥਿਤੀ ਵਿਚ ਭਾਰਤ ਦਾ ਰੱਬ ਹੀ ਰਾਖਾ ਹੈ। ਉਹਨਾਂ ਕਿਹਾ ਕਿ ਬਸਪਾ ਹੀ ਇਕੋ ਇਕ ਪਾਰਟੀ ਹੈ ਜਿਹੜੀ ਅਮਨ ਕਾਨੂੰਨ ਸਮੇਤ ਗਰੀਬ ਵਰਗ ਦੀਆਂ ਮੁਸ਼ਕਿਲਾਂ ਨੂੰ ਸਮਝ ਸਕਦੀ ਹੈ।

## ਭਗਵਾਨ ਵਾਲਮੀਕਿ ਸਬੰਧੀ ਅਪਸ਼ਬਦ ਵਰਤਣ ਵਾਲੇ ਖਿਲਾਫ ਕਾਰਵਾਈ ਕੀਤੀ ਜਾਵੇ - ਘੇੜਾ

ਫਗਵਾੜਾ (ਬੀ.ਕੇ.ਰੱਤੂ) ਅੰਬੇਦਕਰ ਸੈਨਾ ਪੰਜਾਬ ਦੇ ਚੇਅਰਮੈਨ ਰਾਜਿੰਦਰ ਘੇੜਾ ਨੇ ਪ੍ਰੈਸ ਬਿਆਨ ਜਾਰੀ ਕਰਦਿਆਂ ਬੀਤੇ ਦਿਨੀਂ ਜੀ.ਟੀ.ਵੀ. 'ਤੇ ਦਿਖਾਏ ਜਾ ਰਹੇ ਸੀਰੀਅਲ ਵਿੱਚ ਭਗਵਾਨ ਵਾਲਮੀਕਿ ਜੀ ਸਬੰਧੀ ਅਪਸ਼ਬਦ ਵਰਤਣ ਦੀ ਘਟਨਾ ਦੀ ਸਖਤ ਸ਼ਬਦਾਂ 'ਚ ਨਿਖੇਧੀ ਕੀਤੀ। ਘੇੜਾ ਨੇ ਕਿਹਾ ਕਿ ਵੱਖ-ਵੱਖ ਟੀ.ਵੀ.ਚੈਨਲਾਂ 'ਤੇ ਬਾਰ ਬਾਰ ਦਲਿਤ ਸਮਾਜ ਦੇ ਮਹਾਂਪੁਰਸ਼ਾਂ ਪ੍ਰਤੀ ਅਪਸ਼ਬਦ ਬੋਲ ਕੇ ਦਲਿਤ ਸਮਾਜ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਈ ਜਾ ਰਹੀ ਹੈ,ਜੋ ਕਿ ਅੰਬੇਦਕਰ ਸੈਨਾ ਪੰਜਾਬ ਕਦੇ ਵੀ ਬਰਦਾਸ਼ਤ ਨਹੀਂ ਕਰੇਗੀ। ਉਨ੍ਹਾਂ ਕਿਹਾ ਕਿ ਬੀਤੇ ਦਿਨ ਜੀ.ਟੀ.ਵੀ. ਚੈਨਲ 'ਤੇ ਭਗਵਾਨ ਵਾਲਮੀਕਿ ਜੀ ਦੇ ਜੀਵਨ ਸਬੰਧੀ ਚੱਲ ਰਹੇ ਸੀਰੀਅਲ ਵਿੱਚ ਭਗਵਾਨ ਵਾਲਮੀਕਿ ਸਬੰਧੀ ਬਹੁਤ ਮੰਦਭਾਗੀ ਸ਼ਬਦਾ ਵਲੀ ਵਰਤੀ ਗਈ ਜੋ ਕਿ ਬਹੁਤ ਹੀ ਨਿੰਦਣਯੋਗ ਹੈ। ਘੇੜਾ ਨੇ ਪੰਜਾਬ ਸਰਕਾਰ ਤੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਜੀ. ਟੀ. ਵੀ. ਚੈਨਲ 'ਤੇ ਭਗਵਾਨ ਵਾਲਮੀਕਿ ਸਬੰਧੀ ਦਿਖਾਏ ਜਾ ਰਹੇ ਸੀਰੀਅਲ ਵਿੱਚ ਭਗਵਾਨ ਵਾਲਮੀਕਿ ਸਬੰਧੀ ਅਪਸ਼ਬਦ ਦੀ ਵਰਤੋਂ ਕਰਨ ਵਾਲੇ ਡਾਇਰੈਕਟਰ ਤੇ ਪ੍ਰਡਿਊਸਰ ਖਿਲਾਫ ਦਲਿਤਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਤੇ ਕਾਨੂੰਨੀ ਕਾਰਵਾਈ ਕੀਤੀ ਜਾਵੇ ਅਤੇ ਅੱਗੇ ਤੋਂ ਵੀ ਟੀ.ਵੀ.ਚੈਨਲਾਂ ਨੂੰ ਸਖਤ ਨਿਰਦੇਸ਼ ਦਿੱਤੇ ਜਾਣ ਕਿ ਕਿਸੇ ਵੀ ਧਰਮ ਸਬੰਧੀ ਸੀਰੀਅਲ ਪ੍ਰਸਾਰਿਤ ਕਰਨ ਤੋਂ ਪਹਿਲਾ ਸੀਰੀਅਲ ਦੇ ਹਰ ਪਹਿਲੂ ਤੇ ਬਾਰੀਕੀ ਨਾਲ ਜਾਣਕਾਰੀ ਹਾਸਲ ਕੀਤੀ ਜਾਵੇ। ਘੇੜਾ ਨੇ ਚੇਤਾਵਨੀ ਦਿੰਦੇ ਹੋਏ ਕਿਹਾ ਕਿ ਜੇਕਰ ਮਹਾਂਪੁਰਸ਼ਾਂ ਸਬੰਧੀ ਕਿਸੇ ਵੀ ਚੈਨਲ ਨੇ ਅਪਸ਼ਬਦ ਜਾਂ ਗਲਤ ਟਿਪਣੀ ਕੀਤੀ ਤਾਂ ਅੰਬੇਡਕਰ ਸੈਨਾ ਪੰਜਾਬ ਸੰਘਰਸ਼ ਕਰਨ ਲਈ ਮਜ਼ਬੂਰ ਹੋਵੇਗੀ।



ਰਾਹੁਲ ਲਾਖਾ ਨੂੰ
ਜਨਮ ਦਿਨ ਦੀਆਂ
ਅਦਾਰਾ
"ਦੇਸ਼ ਦੁਆਬਾ"
ਅਤੇ
"ਅੰਬੇਦਕਰ ਟਾਈਮਜ਼"
ਵੱਲੋਂ ਲੱਖ ਲੱਖ
ਵਧਾਈਆਂ।



## ਅਮਰੀਕਾ ਨੂੰ ਅੱਤਵਾਦ 'ਤੇ ਹਾਵੀ ਰਹਿਣ ਦੀ ਲੋੜ : ਓਬਾਮਾ



ਵਾਸ਼ਿੰਗਟਨ—ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਕਿਹਾ ਹੈ ਕਿ ਅਮਰੀਕਾ ਨੂੰ ਅੱਤਵਾਦ 'ਤੇ ਹਾਵੀ ਬਣੇ ਰਹਿਣ ਦੀ ਲੋੜ ਹੈ ਕਿਉਂਕਿ ਅਲਕਾਇਦਾ ਦੇ ਉੱਚ ਪੱਧਰੀ ਪ੍ਰਧਾਨਗੀ ਨੂੰ ਖਤਮ ਕਰਨ ਦੇ ਬਾਵਜੂਦ ਵਿਰੋਧ ਕਾਇਮ ਹੈ। ਓਬਾਮਾ ਨੇ ਇਕ ਚੈਨਲ ਨੂੰ ਦਿੱਤੇ ਇੰਟਰਵਿਊ 'ਚ ਇਹ ਟਿੱਪਣੀ ਕੀਤੀ। ਉਨ੍ਹਾਂ 'ਚ ਹਾਲ ਹੀ 'ਚ ਅਲਕਾਇਦਾ ਦੇ ਹਮਲੇ ਦੀ ਸ਼ੰਕਾ ਨੂੰ ਧਿਆਨ 'ਚ ਰੱਖਦੇ ਹੋਏ ਉੱਤਰੀ ਅਫਰੀਕਾ ਅਤੇ ਪੱਛਮੀ ਏਸ਼ੀਆ 'ਚ ਅਮਰੀਕੀ ਦੂਤਘਰਾਂ ਅਤੇ ਵਣਜ ਦੂਤਘਰਾਂ ਨੂੰ ਬੰਦ ਕੀਤੇ ਜਾਣ ਨੂੰ ਲੈ ਕੇ ਸਵਾਲ ਕੀਤਾ ਗਿਆ ਸੀ। ਉਨ੍ਹਾਂ ਨੇ ਕਿਹਾ ਕਿ ਓਸਾਮਾ ਬਿਨ ਲਾਦੇਨ ਤੱਕ ਪਹੁੰਚਣ, ਪਾਕਿਸਤਾਨ ਅਤੇ ਅਫਗਾਨਿਸਤਾਨ 'ਚ ਅਲਕਾਇਦਾ ਨੂੰ ਤਬਾਹ ਕਰਨ ਵਰਗੀਆਂ ਸਫਲਤਾਵਾਂ ਦੇ ਬਾਵਜੂਦ ਵਿਰੋਧ ਅਜੇ ਵੀ ਹੈ। ਅਜਿਹੇ 'ਚ ਸਾਨੂੰ ਅੱਤਵਾਦ 'ਤੇ ਹਾਵੀ ਬਣੇ ਰਹਿਣ ਦੀ ਲੋੜ ਹੈ।

## ਪਾਕਿਸਤਾਨੀ ਹਮਲੇ ਵਿੱਚ 5 ਭਾਰਤੀ ਫ਼ੌਜੀ ਹਲਾਕ

ਜੰਮੂ/ਨਵੀਂ ਦਿੱਲੀ- ਪਾਕਿਸਤਾਨੀ ਫੌਜ ਦੀ ਅਗਵਾਈ ਹੇਠ 20 ਹਥਿਆਰਬੰਦ ਬੰਦਿਆਂ ਦਾ ਇਕ ਦਸਤਾ ਅੱਜ ਤੜਕਸਾਰ ਜੰਮੂ-ਕਸ਼ਮੀਰ ਦੇ ਪੁਣਛ ਸੈਕਟਰ ਵਿਚ ਭਾਰਤੀ ਇਲਾਕੇ 'ਚ ਦਾਖਲ ਹੋਇਆ ਅਤੇ ਇਕ ਗਸ਼ਤੀ ਟੁਕੜੀ 'ਤੇ ਘਾਤ ਲਗਾ ਕੇ ਹਮਲਾ ਕਰਕੇ ਪੰਜ ਭਾਰਤੀ ਫੌਜੀਆਂ ਨੂੰ ਮਾਰ ਦਿੱਤਾ। ਅੱਜ ਇਹ ਮੁੱਦਾ ਪਾਰਲੀਮੈਂਟ ਦੇ ਦੋਵੇਂ ਸਦਨਾਂ ਵਿਚ ਗੂੰਜਿਆ ਅਤੇ ਵੱਖ-ਵੱਖ ਪਾਰਟੀਆਂ ਦੇ ਮੈਂਬਰਾਂ ਨੇ ਸਰਕਾਰ ਤੋਂ ਸਖਤ ਜੁਆਬ ਦੇਣ ਦੀ ਮੰਗ ਕੀਤੀ।

ਜੰਮੂ 'ਚ ਰੱਖਿਆ ਤਰਜਮਾਨ ਐਸ.ਐਨ. ਆਚਾਰੀਆ ਨੇ ਇਕ ਬਿਆਨ ਜਾਰੀ ਕਰਕੇ ਦੱਸਿਆ ਕਿ ਅੱਜ ਤੜਕੇ ਜੰਮੂ-ਕਸ਼ਮੀਰ ਦੇ ਪੁਣਛ ਸੈਕਟਰ ਵਿਚ ਅਸਲ ਕੰਟਰੋਲ ਰੇਖਾ ਦੇ ਨੇੜੇ ਭਾਰਤੀ ਫੌਜ ਦੀ ਇਕ ਗਸ਼ਤ ਟੁਕੜੀ ਉਪਰ ਪਾਕਿ ਬਾਰਡਰ ਐਕਸ਼ਨ ਟੀਮ (ਬੀਏਟੀ) ਵੱਲੋਂ ਘਾਤ ਲਗਾ ਕੇ ਹਮਲਾ ਕੀਤਾ ਗਿਆ। ਮਗਰੋਂ ਹੋਈ ਗੋਲੀਬਾਰੀ ਵਿਚ ਪੰਜ ਭਾਰਤੀ ਜਵਾਨ ਸ਼ਹੀਦ ਹੋ ਗਏ। ਇਸ ਹਮਲੇ 'ਚ ਪਾਕਿਸਤਾਨੀ ਫੌਜ ਦੇ ਜਵਾਨਾਂ ਸਮੇਤ 20 ਦੇ ਕਰੀਬ ਹਥਿਆਰਬੰਦ ਅਤਿਵਾਦੀ ਸ਼ਾਮਲ ਸਨ। ਰੱਖਿਆ ਮੰਤਰੀ ਏ.ਕੇ. ਐਂਟਨੀ ਨੇ ਲੋਕ ਸਭਾ ਅਤੇ ਰਾਜ ਸਭਾ ਵਿਚ ਬਿਆਨ ਦਿੰਦਿਆਂ ਕਿਹਾ ਕਿ ਹਮਲਾਵਰ ਦਹਿਸ਼ਤਗਰਦਾਂ ਦੇ ਨਾਲ ਪਾਕਿਸਤਾਨੀ ਫੌਜ ਦੀ ਵਰਦੀਆਂ 'ਚ ਕੁਝ ਬੰਦੇ ਵੀ ਸਨ। ਉਨ੍ਹਾਂ ਕਿਹਾ ਕਿ ਭਾਰਤ ਅਸਲ ਕੰਟਰੋਲ ਰੇਖਾ ਦੀ ਪਾਕੀਜ਼ਮੀ ਬਰਕਰਾਰ ਰੱਖਣ ਲਈ ਸਾਰੇ ਲੋੜੀਂਦੇ ਕਦਮ ਉਠਾਏਗੀ। ਮਗਰੋਂ ਰਾਜ ਸਭਾ 'ਚ ਹੋਈ ਬਹਿਸ ਤੋਂ ਬਾਅਦ ਸ੍ਰੀ ਐਂਟਨੀ ਨੇ ਕਿਹਾ ਕਿ ਸਰਕਾਰ ਦਾ ਰੁਖ਼ ਪਾਕਿਸਤਾਨ ਦੀ ਕਾਰਵਾਈ ਅਤੇ ਹੁੰਗਾਰੇ 'ਤੇ ਨਿਰਭਰ ਕਰੇਗਾ।

ਮਾਰੇ ਗਏ ਜਵਾਨ 21 ਬਿਹਾਰ ਰੈਜੀਮੈਂਟ ਨਾਲ ਸਬੰਧਤ ਸਨ ਜੋ ਪੁਣਛ ਵਿਚ ਚਾਕਾਂ ਕਾ ਬਾਗ ਖੇਤਰ 'ਚ ਅਸਲ ਕੰਟਰੋਲ ਰੇਖਾ 'ਤੇ ਤਾਇਨਾਤ ਸਨ। ਉਨ੍ਹਾਂ ਦੀ ਪਛਾਣ ਨਾਇਕ ਪ੍ਰੇਮ ਨਾਥ ਸਿੰਘ, ਲਾਂਸ ਨਾਇਕ ਸ਼ੰਭੂ ਸੂਰਨ ਰਾਏ, ਸਿਪਾਹੀ ਰਵੀਨੰਦ ਪ੍ਰਸਾਦ, ਸਿਪਾਹੀ ਵਿਜੈ ਕੁਮਾਰ ਰਾਏ ਅਤੇ ਕੁਲੀਨ ਮਨਈ ਵਜੋਂ ਹੋਈ ਹੈ। ਇਕ ਸੀਨੀਅਰ ਫੌਜੀ ਅਫਸਰ ਨੇ ਕਿਹਾ ਕਿ ਗਸ਼ਤ ਟੁਕੜੀ ਦਾ ਰਾਤੀਂ 1.15 ਵਜੇ ਫੌਜੀ ਯੂਨਿਟ ਨਾਲ ਰਾਬਤਾ ਟੁੱਟ ਗਿਆ। ਅਸੀਂ ਸਵੇਰੇ ਲਗਪਗ 5.30 ਵਜੇ ਇਕ ਗਸ਼ਤ ਟੁਕੜੀ ਇਲਾਕੇ 'ਚ ਭੇਜੀ, ਜਿਸ ਨੇ ਪੰਜ ਲਾਸ਼ਾਂ ਬਰਾਮਦ ਕੀਤੀਆਂ ਅਤੇ ਇਕ ਜਵਾਨ ਜ਼ਖਮੀ ਸੀ।




RAMESH SUMAN
Broker Realtor
RCS-D™

MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

Amrik Chand (CPA)
Phone : 510-490-8200
Fax : 510-490-8202
Email : achand@pacbell.net



Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.

* Please call us for
Professional & reliable
services at reasonable rates.

905 Corporate Way, Fremont, CA. 94539


SAROAY INVESTMENT REALTY
39039 Paseo
Padre Parkway
Suite # 205
Fremont, CA 94538



Ram Saroay
Broker
Office: (510) 742-8120, Fax: (510) 742-8121
ramsaroay@hotmail.com

# INDIA MARKET

## ਸਾਡੀ ਨਵੀਂ ਲੁਕੇਸ਼ਨ ਜਲਦੀ ਹੀ ਖੁੱਲਣ ਜਾ ਰਹੀ ਹੈ



ਕਸ਼ਮੀਰ ਸਿੰਘ ਹੀਰਾ




ਗੁਰਪਾਲ ਬੰਗੜ




New location address
1265 Pleasant Grove Blvd.
# 100 Roseville, California 95747

We have the largest collection of indian, fijian and pakistani grocery, music, fabric, artificial jewelery and sweets.Fresh vegitable are available here. We do take EBT card.



WE ACCEPT
FOOD STAMPS
For more information
Call Us :
916-338-5511



## 5202 Elkhorn Blvd. Sacramento, CA 95842



# Raja™ SWEETS & CATERING®

AUTHORIZED CATERER FOR MAJOR 5-STAR HOTELS

ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

Toll Free 1-866-FOR-RAJA
www.rajasweets.com
msbains@rajasweets.com

Follow us on:

**Fresh Sweets, Snacks & Food**

Catering for All occasions up to 10000 guests

Lunch - Dinner - Take Out - Banquets

**Raja Sweets & Indian Cuisine**
31853 Alvarado Blvd. Union City CA 94587
Ph. (510) 489-9100 Fax (510) 489-9111

**Raja Indian Cuisine & Bar**
1275 W Winton Ave. Hayward CA 94545
Ph. (510) 264-9300 Fax (510) 264-9345



**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions/ Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।




Call Makhan Bains or Ravinder Singh for your next Party 1-866-FOR RAJA www.RajaSweets.com

# ਅਮਰੀਕੀ ਯੂਨੀਵਰਸਿਟੀ ’ਚ ਭਾਰਤ ਅਧਿਐਨ ਪ੍ਰੋਗਰਾਮ ਲਈ 12 ਲੱਖ ਡਾਲਰ ਦੀ ਗ੍ਰਾਂਟ

ਨਿਊਯਾਰਕ—ਭਾਰਤੀ ਮੂਲ ਦੇ ਅਮਰੀਕੀ ਨਿਰਮਲ. ਕੇ. ਮੱਟੂ ਨੇ ਸਟੋਨੀ ਬਰੂਕ ਯੂਨੀਵਰਸਿਟੀ ’ਚ ਭਾਰਤ ਅਧਿਐਨ ਪ੍ਰੋਗਰਾਮ ਨੂੰ ਬੜ੍ਹਾਵਾ ਦੇਣ ਦੇ ਟੀਚੇ ਨਾਲ 12.5 ਲੱਖ ਡਾਲਰ ਦੀ ਗ੍ਰਾਂਟ ਦਿੱਤੀ ਹੈ। ਮੱਟੂ ਇਸ ਯੂਨੀ-ਵਰਸਿਟੀ ’ਚ ’ਸੈਂਟਰ ਫਾਰ ਇੰਡੀਆ ਸਟਡੀਜ਼ ਐਗਜ਼ੀਕਿਊਟਿਵ ਕਮੇਟੀ ਦੇ ਮੁਖੀ ਹਨ। ਉਨ੍ਹਾਂ ਦੀ ਇਸ ਗ੍ਰਾਂਟ ਦੀ ਮਦਦ ਨਾਲ ਯੂਨੀਵਰਸਿਟੀ ’ਚ ਨਿਰਮਲ ਅਤੇ ਆਗਵਾਸਟੀਨਾ ਪਿੱਠ ਦੀ ਸਥਾ-



ਪਨਾ ਕੀਤੀ ਜਾਵੇਗੀ। ਇਸ ਪਿੱਠ ’ਚ ਕਲਾ, ਸਾਹਿਤ, ਦਰਸ਼ਨ ਸ਼ਾਸਤਰ, ਧਰਮ, ਅਧਿਆਤਮ , ਮਨੋਵਿਗਿਆਨ ਸਮਾਜਕ-ਰਾਜਨੀਤਿਕ, ਸਿਧਾਂਤ ਅਤੇ ਕੁਝ ਦੂਜੇ ਵਿਸ਼ਿਆਂ ਨੂੰ ਸ਼ਾਮਲ ਕੀਤਾ ਜਾਵੇਗਾ। ਯੂਨੀਵਰਸਿਟੀ ’ਚ ਮੱਟੂ ਦੇ ਯੋਗਦਾਨ ਨੂੰ ਧਿਆਨ ’ਚ ਰੱਖਦੇ ਹੋਏ ਹੁਣ ’ਸੈਂਟਰ ਫਾਰ ਇੰਡੀਆ ਸਟਡੀਜ਼’ ਦਾ ਨਾਂ ’ਵਿਗੋਮਭਰਨਾਥ ਮੱਟੀ ਐਂਡ ਸ਼ੀਲਾ ਮੱਟੂ ਸੈਂਟਰ ਫਾਰ ਇੰਡੀਆ ਸਟਡੀਜ਼’ ਰੱਖਿਆ ਜਾਵੇਗਾ। ਇਹ ਬਦਲਾਅ ਮੱਟੂ ਦੇ ਮਾਤਾ - ਪਿਤਾ ਦੀ ਯਾਦ ’ਚ ਕੀਤਾ ਗਿਆ ਹੈ।

# ਬੁਸ਼ ਦੇ ਦਿਲ ਦਾ ਸਫਲ ਆਪ੍ਰੇਸ਼ਨ ਹੋਇਆ

ਵਾਸ਼ਿੰਗਟਨ—ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਜਾਰਜ ਡਬਲਿਊ ਬੁਸ਼ ਦੇ ਦਿਲ ਦਾ ਆਪ੍ਰੇਸ਼ਨ ਡਲਾਸ ਸ਼ਹਿਰ ਦੇ ਇਕ ਹਸਪਤਾਲ ਵਿਚ ਮੰਗਲਵਾਰ ਨੂੰ ਸਫਲਤਾ ਪੂਰਵਕ ਸੰਪਨ ਹੋ ਗਿਆ। ਬੁਸ਼ ਦੀਆਂ ਧਮਨੀਆਂ ਵਿਚ ਖ਼ੂਨ ਦੇ ਸੰਚਾਰ ਵਿਚ ਸਮੱਸਿਆ ਉਤਪੰਨ ਹੋ ਰਹੀ ਸੀ, ਜਿਸ ਤੋਂ ਬਾਅਦ ਉਨ੍ਹਾਂ ਦਾ



ਇਹ ਆਪ੍ਰੇਸ਼ਨ ਜ਼ਰੂਰੀ ਦੱਸਿਆ ਜਾ ਰਿਹਾ ਸੀ। ਇਕ ਬੁਲਾਰੇ ਮੁਤਾਬਕ ਅਮਰੀਕਾ ਦੇ 43ਵੇਂ ਰਾਸ਼ਟਰਪਤੀ ਨੂੰ ਬੁੱਧਵਾਰ ਨੂੰ ਹਸਪਤਾਲ ਤੋਂ ਛੁੱਟੀ ਮਿਲਣ ਦੀ ਉਮੀਦ ਹੈ ਅਤੇ ਅਗਲੇ ਦਿਨ ਤੋਂ ਹੀ ਆਪਣੀ ਰੋਜ਼ਾਨਾ ਰੂਟੀਨ ਅਨੁਸਾਰ ਕੰਮ ਕਰ ਸਕਦੇ ਹਨ। ਡਾਕਟਰਾਂ ਨੇ ਦੱਸਿਆ ਕਿ ਆਪ੍ਰੇਸ਼ਨ ਤੋਂ ਬਾਅਦ ਬੁਸ਼ ਬੇਹੱਦ ਉਤਸ਼ਾਹਤ ਹੈ ਅਤੇ ਘਰ ਵਾਪਸੀ ਲਈ ਉਤਸੁਕ ਹੈ।

# ਚਰਨਜੀਤ ਸਿੰਘ ਅਟਵਾਲ ਦੇ ਅਮਰੀਕਾ ਪਹੁੰਚਣ ਤੇ ਯੂਥ ਅਕਾਲੀ ਦਲ ਕੈਲੀਫੋਰਨੀਆਂ ਵਲੋਂ ਕੀਤਾ ਜਾਵੇਗਾ ਭਰਵਾਂ ਸਵਾਗਤ-ਸਿੱਧੂ, ਵੋਹਰਾ

## ਸ: ਬਾਦਲ ਦੀ ਜੋਸ਼ੀਲੀ ਅਗਵਾਈ ਦੇ ਸੁਮੇਲ ਨਾਲ ਪੰਜਾਬ ਦਿਨ ਦੁੱਗਣੀ ਅਤੇ ਰਾਤ ਚੌਗੁਣੀ ਤਰੱਕੀ ਕਰ ਰਿਹਾ ਹੈ-ਵਿਨੇ ਵੋਹਰਾ

ਸੈਕਰਾਮੈਂਟੋ (ਬਿਓਰੋ)-ਪੰਜਾਬ ਵਿਧਾਨ ਸਭਾ ਦੇ ਸਪੀਕਰ ਸ ਚਰਨਜੀਤ ਸਿੰਘ ਅਟਵਾਲ ਦੇ ਅਮਰੀਕਾ ਆਉਣ ਤੇ ਯੂਥ ਅਕਾਲੀ ਦਲ ਕੈਲੀਫੋਰਨੀਆਂ ਵਲੋਂ ਭਰਵਾਂ ਸਵਾਗਤ ਕੀਤਾ ਜਾਵੇਗਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸ: ਹਰਪ੍ਰੀਤ ਸਿੰਘ ਸਿੱਧੂ ਪ੍ਰਧਾਨ ਯੂਥ ਵਿੰਗ ਅਕਾਲੀ ਦਲ ਕੈਲੇਫੋਰਨੀਆਂ ਅਤੇ ਸ੍ਰੀ ਵਿਨੇ ਵੋਹਰਾ ਸੀਨੀਅਰ ਵਾਈਸ ਪ੍ਰਧਾਨ ਯੂਥ ਵਿੰਗ ਕੈਲੇਫੋਰਨੀਆਂ ਨੇ ਕਿਹਾ ਕਿ ਸ ਅਟਵਾਲ ਪੰਜਾਬ ਸਰਕਾਰ ਦੀ ਤਰਫੋਂ ਵਿਸਕਾਂਸਨ ਗੋਲੀ ਕਾਂਡ ਦੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਨ ਆਏ ਹਨ ਅਤੇ ਇਸ ਤੋਂ ਇਲਾਵਾ ਉਹ ਸ਼ਰੋਮਣੀ ਅਕਾਲੀ ਦਲ ਦੀ ਅਮਰੀਕਾ ਵਿਚ ਕਾਗੁਜ਼ਾਰੀ ਦਾ ਜ਼ਾਇਜ਼ਾ ਵੀ ਲੈਣਗੇ। ਸ੍ਰੀ ਵਿਨੇ ਵੋਹਰਾ ਨੇ ਕਿਹਾ ਕਿ ਸ ਅਟਵਾਲ ਦੇ ਇਸ ਦੌਰੇ ਨਾਲ ਯੂਥ ਅਕਾਲੀ ਦਲ ਵਿਚ ਉਤਸ਼ਾਹ ਦੁੱਗਣਾ ਹੋ ਗਿਆ ਹੈ। ਇਸ ਮੌਕੇ ਸ੍ਰੀ ਵੋਹਰਾ ਨੇ



ਹੋਰ ਗੱਲਬਾਤ ਕਰਦਿਆਂ ਕਿਹਾ ਕਿ ਸ਼ਰੋਮਣੀ ਅਕਾਲੀ ਦਲ ਪੰਜਾਬੀਆਂ ਦੀ ਮਾਂ ਪਾਰਟੀ ਹੈ ਜਿਸ ਕਾਰਨ ਅੱਜ ਹਰ ਪੰਜਾਬੀ ਇਸ ਪਾਰਟੀ ਨਾਲ ਜੁੜਨ ਲਈ ਕਾਹਲਾ ਹੈ ਅਤੇ ਪਾਰਟੀ ਵਲੋਂ ਵੀ ਉਹਨਾਂ ਨੂੰ ਸਤਿਕਾਰ ਦਿੱਤਾ ਜਾ ਰਿਹਾ ਹੈ। ਲਗਾਤਾਰ ਜਿੱਤੀਆਂ ਜਾ ਰਹੀਆਂ ਚੋਣਾਂ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਆਉਣ ਵਾਲੇ ਸਮੇਂ ਵਿਚ ਸ਼ਰੋਮਣੀ ਅਕਾਲੀ ਦਲ ਦੀ ਹਨੇਰੀ ਅੱਗੇ ਕੋਈ ਵੀ ਨਹੀਂ ਖੜ੍ਹ ਸਕੇਗਾ। ਉਨ੍ਹਾਂ ਕਿਹਾ ਕਿ ਸ: ਪਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਪੰਜਾਬ ਦੀ ਸੂਝ ਬੂਝ ਅਤੇ ਸ: ਸੁਖਬੀਰ ਸਿੰਘ ਬਾਦਲ ਉਪ ਮੁੱਖ ਮੰਤਰੀ ਦੀ ਜੋਸ਼ੀਲੀ ਅਗਵਾਈ ਦੇ ਸੁਮੇਲ ਨਾਲ ਪੰਜਾਬ ਦਿਨ ਦੁੱਗਣੀ ਅਤੇ ਰਾਤ ਚੌਗੁਣੀ ਤਰੱਕੀ ਕਰ ਰਿਹਾ ਹੈ। ਉਹਨਾਂ ਕਿਹਾ ਕਿ ਹੁਣ ਸ: ਸੁਖਬੀਰ ਸਿੰਘ ਬਾਦਲ ਦੇ 25 ਸਾਲ ਦੇ ਰਾਜ ਕਰਨ ਦੇ ਸੁਪਨੇ ਨੂੰ ਪੂਰਾ ਕਰਨਾ ਦੂਰ ਦੀ ਗੱਲ ਨਹੀਂ ਰਹਿ ਗਏ ਅਤੇ ਇਹ ਹੋ ਕੇ ਰਹੇਗਾ।


# ਗੁਜਰਾਤ ਵਿਚੋਂ ਸਿੱਖ ਕਿਸਾਨਾਂ ਦਾ ਉਜਾੜਾ ਰੋਕਣ ਲਈ ਨਾਰਥ ਅਮਰੀਕਨ ਪੰਜਾਬੀ ਐਸੋਸੀਏਸ਼ਨ ਦੇ ਯਤਨਾਂ ਨੂੰ ਬੂਰ ਪੈਣ ਲਗਾ

ਮਿਲਪੀਟਸ (ਕੈਲੀਫੋਰਨੀਆ) ਗੁਜਰਾਤ ਵਿੱਚ ਨਰਿੰਦਰ ਮੋਦੀ ਸਰਕਾਰ ਵੱਲੋਂ ਉਜਾੜੇ ਜਾ ਰਹੇ ਸਿੱਖਾਂ ਦਾ ਮਾਮਲੇ ਵਿੱਚ ਨਾਰਥ ਅਮਰੀਕਨ ਪੰਜਾਬੀ ਐਸੋਸ਼ੀਏਸ਼ਨ ਦੇ ਚੇਅਰਮੈਨ ਸ: ਦਲਵਿੰਦਰ ਸਿੰਘ ਧੂਤ ਤੇ ਉਹਨਾਂ ਦੇ ਸਹਿਯੋਗੀ ਆਗੂਆਂ ਦੇ ਯਤਨਾਂ ਨੂੰ ਉਦੋਂ ਬੂਰ ਪਿਆ ਜਦੋਂ ਗੁਜਰਾਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਨੂੰ ਪੰਜਾਬ ਦੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਨੂੰ ਮਿਲ ਕੇ ਕਹਿਣ ਲਈ ਮਜ਼ਬੂਰ ਹੋਣਾ ਪਿਆ ਕਿ ਉਨ੍ਹਾਂ ਦੀ ਸਰਕਾਰ ਵੱਲੋਂ ਗੁਜਰਾਤ ਵਿੱਚ ਕਿਸੇ ਵੀ ਸਿੱਖ ਕਿਸਾਨ ਨੂੰ ਨਹੀਂ ਉਜਾੜਿਆ ਜਾ ਰਿਹਾ। ਨਰਿੰਦਰ ਮੋਦੀ ਨੇ ਇਸ ਨੂੰ ਸਿਰਫ਼ ਅਫ਼ਵਾਹ ਦੱਸ ਕੇ ਸਮੁੱਚੇ ਮਾਮਲੇ ਤੋਂ ਪਾਸੇ ਹਟਣ ਦਾ ਯਤਨ ਕੀਤਾ ਹੈ। ਦੱਸਣਯੋਗ ਹੈ ਕਿ ਨਾਰਥ ਅਮਰੀਕਨ ਐਸੋਸੀਏਸ਼ਨ ਨੇ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਅਮਰੀਕਾ ਦੇ ਰਾਸ਼ਟਰਪਤੀ ਸ੍ਰੀ ਬਰਾਕ ਓਬਾਮਾ ਅਤੇ ਅਮਰੀਕਾ ਦੀ ਸੈਨੇਟ ਦੇ ਸਮੂਹ ਸੈਨੇਟਰਾਂ ਨੂੰ ਪੱਤਰ ਲਿਖ ਕੇ ਮੰਗ ਕੀਤੀ ਸੀ ਕਿ ਨਰਿੰਦਰ ਮੋਦੀ ਇੱਕ ਫ਼ਿਰਕਪ੍ਰਸਤ ਅਤੇ ਘੱਟਗਿਣਤੀ ਵਿਰੋਧੀ ਵਿਅਕਤੀ ਹੈ ਇਸ ਲਈ ਉਸਨੂੰ ਅਮਰੀਕਾ ’ਚ ਦਾਖਲ ਹੋਣ ਲਈ ਵੀਜ਼ਾ ਨਾ ਦਿੱਤਾ ਜਾਵੇ। ਭਾਰਤ ਦੇ ਸਿਰਕੱਢ ਰੋਜ਼ਾਨਾ ਅੰਗਰੇਜ਼ੀ ਅਖ਼ਬਾਰ 'ਦ ਹਿੰਦੂ' ਦੀ ਰਿਪੋਰਟ ਅਨੁਸਾਰ ਨਾਪਾ ਵੱਲੋਂ ਬਰਾਕ ਓਬਾਮਾ ਪ੍ਰਸ਼ਾਸ਼ਨ ਕੋਲ ਉਠਾਈ ਇਸ ਮੰਗ ਤੋਂ ਪੈਦਾ ਹੋਏ ਮਾਹੌਲ ਕਾਰਨ ਮੋਦੀ ਨੂੰ ਸਿੱਖ ਕਿਸਾਨਾਂ ਬਾਰੇ ਆਪਣੇ ਫ਼ੈਸਲੇ ਤੋਂ ਪਿੱਛੇ ਹਟਣਾ ਪਿਆ ਹੈ। ਇਸ ਤੋਂ ਬਿਨਾਂ ਪੰਜਾਬ ਦੀਆਂ ਭਸ਼ਾਈ ਅਖਬਾਰਾਂ ਤੋਂ ਇਲਾਵਾ 'ਟਾਈਮਜ਼ ਆਫ ਇੰਡੀਆ’ ਨੇ ਵੀ ਇਸ ਖ਼ਬਰ ਨੂੰ ਪ੍ਰਮੁੱਖਤਾ ਨਾਲ ਛਾਪਿਆ ਹੈ। ਨਾਪਾ ਨੇ ਸ੍ਰੀ ਓਬਾਮਾ ਅਤੇ ਅਮਰੀਕਨ ਸੈਨੇਟਰਾਂ ਨੂੰ ਲਿਖੇ ਪੱਤਰਾਂ ਵਿੱਚ ਸਿੱਖ ਕਿਸਾਨਾਂ ਨਾਲ ਜੁੜੇ ਮਾਮਲੇ ਦਾ ਵੀ ਪੂਰੇ ਵਿਸਥਾਰ ਨਾਲ ਜ਼ਿਕਰ ਕੀਤਾ ਸੀ ਕਿ ਕਿਸ ਤਰ੍ਹਾਂ ਭਾਰਤ ਦੇ ਉਦੋਂ ਦੇ ਪ੍ਰਧਾਨ ਮੰਤਰੀ ਲਾਲ ਬਹਾਦਰ ਸ਼ਾਸਤਰੀ ਨੇ ਸਿੱਖ ਕਿਸਾਨਾਂ ਦੇ ਮਿਹਨਤੀ ਅਤੇ ਬਹਾਦਰ ਪੱਖ ਨੂੰ ਵੇਖਦੇ ਹੋਏ ਗੁਜਰਾਤ ਦੇ ਕੱਛ ਇਲਾਕੇ ’ਚ ਬੰਜਰ ਪਈਆਂ ਜ਼ਮੀਨਾਂ ਨੂੰ ਆਬਾਦ ਕਰਨ ਲਈ ਅਤੇ ਪਾਕਿਸਤਾਨ ਤੋਂ ਹੁੰਦੀ ਘੁਸਪੈਠ ਰੋਕਣ ਲਈ ਇੱਥੇ ਵਸਾਇਆ ਸੀ। ਇਹ ਕਿਸਾਨ ਅਤੇ ਉਨ੍ਹਾਂ ਦੀਆਂ ਅਗਲੀਆਂ ਪੀੜ੍ਹੀਆਂ ਉਦੋਂ ਤੋਂ ਹੀ ਇੱਥੇ ਰਹਿ ਰਹੀਆਂ ਹਨ। ਹੁਣ ਇਨ੍ਹਾਂ ਕਿਸਾਨਾਂ ਵਲੋਂ ਮਿਹਨਤ ਨਾਲ ਆਬਾਦ ਕੀਤੀਆਂ ਜ਼ਮੀਨਾਂ ਅਤੇ ਇਨ੍ਹਾਂ ਦੇ ਘਰ ਬਾਰ ਖੋਹ ਲੈਣ ਦੀ ਮੋਦੀ ਸਰਕਾਰ ਤਿਆਰੀ ਕਰ ਰਹੀ ਹੈ।



ਦਲਵਿੰਦਰ ਸਿੰਘ ਧੂਤ
ਚੇਅਰਮੈਨ

ਗੁਜਰਾਤ ਦੇ ਮੁਖਮੰਤਰੀ ਨਰਿੰਦਰ ਮੋਦੀ ਵਲੋਂ ਪੰਜਾਬ ਦੇ ਮੁੱਖ ਮੰਤਰੀ ਸ: ਪਰਕਾਸ਼ ਸਿੰਘ ਬਾਦਲ ਨੂੰ ਗੁਜਰਾਤ ਵਿਚੋਂ ਸਿਖ ਕਿਸਾਨਾਂ ਨੂੰ ਉਜਾੜੇ ਨਾ ਜਾਣ ਦੇ ਭਰੋਸੇ ਵਿਚ ਇਸ ਗਲ ਦਾ ਸ਼ਕ ਪਾਇਆ ਜਾ ਰਿਹਾ ਹੈ ਕਿ ਜੇਕਰ ਨਰਿੰਦਰ ਮੋਦੀ ਸਚਮੁਚ ਹੀ ਇਸ ਪਾਸੇ ਵਲ ਗੰਭੀਰ ਹੈ ਤਾਂ ਉਹ ਗੁਜਰਾਤ ਸਰਕਾਰ ਵਲੋਂ ਇਥੋਂ ਦੇ ਸਿਖ ਕਿਸਾਨਾਂ ਨੂੰ ਉਜਾੜੇ ਜਾਣ ਉਪਰ ਹਾਈ ਕੋਰਟ ਵਲੋਂ ਲਗਾਈ ਗਈ ਰੋਕ ਵਿਰੁਧ ਸੁਪਰੀਮ ਕੋਰਟ ਵਿਚ ਪਾਈ ਗਈ ਅਪੀਲ ਪਟੀਸ਼ਨ ਵਾਪਸ ਕਿਉਂ ਨਹੀਂ ਲੈ ਲੈਂਦੇ।ਭਾਰਤ ਦੀਆਂ ਪਰਮੁਖ ਅਖਬਾਰਾਂ ਉਦੀ ਹਿੰਦੂ” ਤੇ ‘ਟਾਈਮਜ ਆਫ ਇੰਡੀਆ” ਅਨੁਸਾਰ ਜਿਸ ਮਸਲੇ ਨੂੰ ਹੱਲ ਕਰਵਾਉਣ ਲਈ ਪੰਜਾਬ ਭਰ ਦੀਆਂ ਸਿਆਸੀ ਪਾਰਟੀਆਂ ਦੇ ਆਗੂ ਨਰਿੰਦਰ ਮੋਦੀ ਨੂੰ ਟੱਸ ਤੋਂ ਮੱਸ ਨਹੀਂ ਕਰ ਸਕੇ ਉਸ ਮਸਲੇ ਦੇ ਹੱਲ ਲਈ ਨਰਿੰਦਰ ਮੋਦੀ ਨੂੰ ਆਪਣਾ ਮੂੰਹ ਖੋਹਲਣ ਲਈ ਨਾਰਥ ਅਮਰੀਕਨ ਪੰਜਾਬੀ ਐਸੋਸ਼ੀਏਸ਼ਨ (ਨਾਪਾ) ਨੇ ਉਸ ਵੇਲੇ ਤੋਂ ਆਪਣਾ ਲਗਾਤਾਰ ਦਬਾਅ ਬਣਾ ਕੇ ਮਜਬੂਰ ਕਰ ਦਿਤਾ ਹੈ ਜਿਸ ਤੋਂ ਗੁਜਰਾਤ ਦੇ ਸਿਖ ਕਿਸਾਨਾਂ ਨੇ ਕੁਝ ਰਾਹਤ ਮਹਿਸੂਸ ਕੀਤੀ ਹੈ।


Mikasa
HOMES & FUNDING

Rakesh Chander

Mikasa Homes & Funding
1601 S. De Anza Blvd, Suite 118
Cupertino, CA 95014

Cell: (916) 698-3808
Fax: (916) 725-5812

Mikasa Homes & Funding
DRE Lic.: 01866732

Email: mchander@comcast.net, Web: www.milasafunding.com


# ਇੰਟਰਨੈਸ਼ਨਲ ਸਿੱਖ ਸਾਹਿਤ ਸਭਾ ਵੱਲੋ ਗੁਰੂ-ਘਰ ਰੋਜ਼ਵਿਲ ਵਿਖੇ ਕਵੀ ਦਰਬਾਰ

ਰੋਜ਼ਵਿਲ- ਗੁਰਦਵਾਰਿਆਂ ਵਿੱਚ ਕਵੀ ਦਰਬਾਰਾਂ ਦੀ ਲੜੀ ਨੂੰ ਜ਼ਾਰੀ ਰੱਖਦੇ ਹੋਏ ਬੀਤੇ ਐਤਵਾਰ ਗੁਰਦਵਾਰਾ ਰੋਜ਼ਵਿਲ ਦੀ ਪ੍ਰਬੰਧਕ ਕਮੇਟੀ ਦੇ ਸੱਦੇ ਤੇ ਸਭਾ ਵੱਲੋਂ ਇੱਕ ਕਵੀ-ਦਰਬਾਰ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਬੇ-ਏਰੀਆ ਅਤੇ ਸੈਕਰਾਮੈਂਟੋ ਦੇ ਇਲਾਕੇ ਤੋਂ ਸਭਾ ਦੇ ਮੈਂਬਰਾਂ ਨੇ ਪਹੁੰਚ ਕੇ ਭਰਪੂਰ ਸ਼ਮੂਲਿਅਤ ਕੀਤੀ। ਕਵੀ ਦਰਬਾਰ ਵਿਚ 16 ਕਵੀਆਂ ਵੱਲੋ ਆਪਣੀਆਂ ਰਚਨਾਵਾਂ ਸੰਗਤਾਂ ਨਾਲ ਸਾਂਝੀਆਂ ਕੀਤੀਆਂ ਗਈਆਂ ਜਿਨ੍ਹਾਂ ਵਿੱਚ ਰਣਜੀਤ ਸਿੰਘ, ਗੁਰਦਿਆਲ਼ ਸਿੰਘ ਨੂਰਪੁਰੀ, ਤਰਸੇਮ ਸਿੰਘ ਸੁਮਨ, ਮਾਤਾ ਗੁਰਦੇਵ ਕੌਰ, ਅਵਤਾਰ ਸਿੰਘ ਮਿਸ਼ਨਰੀ, ਹਰਸਿਮਰਤ ਕੌਰ ਖਾਲਸਾ, ਸੁਖਵਿੰਦਰ ਸਿੰਘ ਕੰਗ, ਜਿਵਨ ਰੱਤੂ ਦੇ ਨਾਂ ਵਿਸ਼ੇਸ ਤੌਰ ਤੇ ਸ਼ਾਮਿਲ ਹਨ। ਸੰਗਤਾਂ ਨੇ ਵੀ ਮੰਤਰ-ਮੁਗਧ ਹੋ ਕੇ ਦੋ ਘੰਟੇ ਚੱਲੇ ਇਸ ਕਵੀ ਦਰਬਾਰ ਦਾ ਖ਼ੂਬ ਆਨੰਦ ਮਾਣਿਆ। ਇਸ ਗੁਰੂ-ਘਰ ਵਿੱਚ ਅਜਿਹਾ ਪਹਿਲਾ ਉਪਰਾਲਾ ਹੈ ਜਿਸ ਦਾ ਸਿਹਰਾ ਗੁਰਦਵਾਰਾ ਸਾਹਿਬ ਦੀ ਮੈਨੇਜਮੈਂਟ ਕਮੇਟੀ, ਪਰਮਜੀਤ ਸਿੰਘ ਦਾਖਾ ਅਤੇ ਸੁਖੱਵਿਦਰ ਸਿੰਘ ਸੰਘੇੜਾ ਨੂੰ ਜਾਂਦਾ ਹੈ। ਸਟੇਜ ਸਕੱਤਰ ਦੀ ਸੇਵਾ ਕੁਲਦੀਪ ਸਿੰਘ ਢੀਂਡਸਾ ਵੱਲੋ ਨਿਭਾਈ ਗਈ। ਪ੍ਰੋਗਰਾਮ ਦੀ ਸ਼ੁਰੂਆਤ ਮਨਜੀਤ ਸਿੰਘ ਪੱਤਰ ਅਤੇ ਸੁਖਚੈਨ ਸਿੰਘ ਦੀ ਜੋੜੀ ਨੇ ਕਵੀਸ਼ਰੀ ਦਾ ਇੱਕ ਖ਼ੂਬਸੂਰਤ ਨਮੂਨਾ ਪੇਸ਼ ਕਰਕੇ ਕੀਤੀ। ਪ੍ਰਬੰਧਕਾਂ ਅਤੇ ਸੰਗਤਾਂ ਵੱਲੋ ਇੰਟਰਨੇਸ਼ਨਲ ਸਿੱਖ ਸਾਹਿਤ ਸਭਾ ਨੂੰ ਭਵਿੱਖ ਵਿੱਚ ਵੀ ਅਜਿਹੇ ਪ੍ਰੋਗਰਾਮ ਜਾਰੀ ਰੱਖਣ ਲਈ ਬੇਨਤੀ ਕੀਤੀ ਗਈ । ਪ੍ਰੋਗਰਾਮ ਦੀ ਸਫ਼ਲਤਾ ਤੋ ਸੰਤੁਸ਼ਟ ਪ੍ਰਬਧਕਾਂ ਅਤੇ ਸੰਗਤਾਂ ਵੱਲੋ ਪਰਮਜੀਤ ਸਿੰਘ ਦਾਖਾ ਅਤੇ ਸਾਥੀਆਂ ਦਾ ਵਿਦਾ ਹੋਣ ਤੋਂ ਪਹਿਲਾਂ ਵਿਸ਼ੇਸ ਤੌਰ ਤੇ ਇੱਕ ਖੰਡਾ ਦੇ ਕੇ ਸਨਮਾਨ ਕੀਤਾ ਗਿਆ। ਗੁਰਦਵਾਰਿਆਂ ਵਿੱਚ ਕਵੀ ਦਰਬਾਰਾਂ ਦੀ ਲੜੀ ਨੂੰ




ਜ਼ਾਰੀ ਰੱਖਦੇ ਹੋਏ ਗੁਰਦਵਾਰਾ ਰੋਜ਼ਵਿਲ ਦੀ ਪ੍ਰਬੰਧਕ ਕਮੇਟੀ ਦੇ ਸੱਦੇ ਤੇ ਸਭਾ ਵੱਲੋਂ ਇੱਕ ਕਵੀ-ਦਰਬਾਰ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਬੇ-ਏਰੀਆ ਅਤੇ ਸੈਕਰਾਮੈਂਟੋ ਦੇ ਇਲਾਕੇ ਤੋਂ ਸਭਾ ਦੇ ਮੈਂਬਰਾਂ ਨੇ ਪਹੁੰਚ ਕੇ ਭਰਪੂਰ ਸ਼ਮੂਲਿਅਤ ਕੀਤੀ। ਕਵੀ ਦਰਬਾਰ ਵਿੱਚ 16 ਕਵੀਆਂ ਵੱਲੋ ਆਪਣੀਆਂ ਰਚਨਾਵਾਂ ਸੰਗਤਾਂ ਨਾਲ ਸਾਂਝੀਆਂ ਕੀਤੀਆਂ ਗਈਆਂ ਜਿਨ੍ਹਾਂ ਵਿੱਚ ਰਣਜੀਤ ਸਿੰਘ, ਗੁਰਦਿਆਲ਼ ਸਿੰਘ ਨੂਰਪੁਰੀ, ਤਰਸੇਮ ਸਿੰਘ ਸੁਮਨ, ਮਾਤਾ ਗੁਰਦੇਵ ਕੌਰ, ਅਵਤਾਰ ਸਿੰਘ ਮਿਸ਼ਨਰੀ, ਹਰਸਿਮਰਤ ਕੌਰ ਖਾਲਸਾ, ਸੁਖਵਿੰਦਰ ਸਿੰਘ ਕੰਗ, ਜਿਵਨ ਰੱਤੂ ਦੇ ਨਾਂ ਵਿਸ਼ੇਸ ਤੌਰ ਤੇ ਸ਼ਾਮਿਲ ਹਨ। ਸੰਗਤਾਂ ਨੇ ਵੀ ਮੰਤਰ-ਮੁਗਧ ਹੋ ਕੇ ਦੋ ਘੰਟੇ ਚੱਲੇ ਇਸ ਕਵੀ ਦਰਬਾਰ ਦਾ ਖ਼ੂਬ ਆਨੰਦ ਮਾਣਿਆ । ਇਸ ਗੁਰੂ-ਘਰ ਵਿੱਚ ਅਜਿਹਾ ਪਹਿਲਾ ਉਪਰਾਲਾ ਹੈ ਜਿਸ ਦਾ ਸਿਹਰਾ ਗੁਰਦਵਾਰਾ ਸਾਹਿਬ ਦੀ ਮੈਨੇਜਮੈਂਟ ਕਮੇਟੀ, ਪਰਮਜੀਤ ਸਿੰਘ ਦਾਖਾ ਅਤੇ ਸੁਖੱਵਿਦਰ ਸਿੰਘ ਸੰਘੇੜਾ ਨੂੰ ਜਾਂਦਾ ਹੈ।

ਸਟੇਜ ਸਕੱਤਰ ਦੀ ਸੇਵਾ ਕੁਲਦੀਪ ਸਿੰਘ ਢੀਂਡਸਾ ਵੱਲੋ ਨਿਭਾਈ ਗਈ। ਪ੍ਰੋਗਰਾਮ ਦੀ ਸ਼ੁਰੂਆਤ ਮਨਜੀਤ ਸਿੰਘ ਪੱਤਰ ਅਤੇ ਸੁਖਚੈਨ ਸਿੰਘ ਦੀ ਜੋੜੀ ਨੇ ਕਵੀਸ਼ਰੀ ਦਾ ਇੱਕ ਖ਼ੂਬਸੂਰਤ ਨਮੂਨਾ ਪੇਸ਼ ਕਰਕੇ ਕੀਤੀ। ਪ੍ਰਬੰਧਕਾਂ ਅਤੇ ਸੰਗਤਾਂ ਵੱਲੋ ਇੰਟਰਨੇਸ਼ਨਲ ਸਿੱਖ ਸਾਹਿਤ ਸਭਾ ਨੂੰ ਭਵਿੱਖ ਵਿੱਚ ਵੀ ਅਜਿਹੇ ਪ੍ਰੋਗਰਾਮ ਜਾਰੀ ਰੱਖਣ ਲਈ ਬੇਨਤੀ ਕੀਤੀ ਗਈ।

ਪ੍ਰੋਗਰਾਮ ਦੀ ਸਫ਼ਲਤਾ ਤੋ ਸੰਤੁਸ਼ਟ ਪ੍ਰਬਧਕਾਂ ਅਤੇ ਸੰਗਤਾਂ ਵੱਲੋ ਪਰਮਜੀਤ ਸਿੰਘ ਦਾਖਾ ਅਤੇ ਸਾਥੀਆਂ ਦਾ ਵਿਦਾ ਹੋਣ ਤੋਂ ਪਹਿਲਾਂ ਵਿਸ਼ੇਸ ਤੌਰ ਤੇ ਇੱਕ ਖੰਡਾ ਦੇ ਕੇ ਸਨਮਾਨ ਕੀਤਾ ਗਿਆ।





Bank-Owned Homes • Foreclosure Homes
Short Sale Homes • Commercial & Business
Many Years Experience In Real Estate

ਕੀ ਤੁਸੀਂ ਬੈਂਕਾਂ ਦੇ ਅਤੇ ਫ਼ੋਰ ਕਲੋਜ਼ਰ ਘਰ ਖਰੀਦਣਾ ਚਾਹੁੰਦੇ ਹੋ ?

JAIN Reality
Lic # 01469392

ਅਸੀਂ ਇਨ੍ਹਾਂ ਸ਼ਹਿਰਾਂ ’ਚ ਤਸੱਲੀਬਖ਼ਸ਼ ਕੰਮ ਕਰਦੇ ਹਾਂ
Sacramento, Natomas, Roseville, Elk Grove, Bay Area, Tracy & Stockton Area

Parminder Singh Aujla
Ph: 916.410.0711 • Fax: 916.200.0607
email : greatamerica2004@yahoo.com

# ਸ੍ਰੀ ਗੁਰੂ ਰਵਿਦਾਸ ਸਭਾ ਸਿਡਨੀ ਦੀ ਸਾਲਾਨਾ ਚੋਣ



ਸਿਡਨੀ (ਬਿਊਰੋ)- ਬੀਤੀ 28 ਜੁਲਾਈ 2013 ਨੂੰ ਸ੍ਰੀ ਗੁਰੂ ਰਵਿਦਾਸ ਸਭਾ ਸਿਡਨੀ ਦੀ ਚੋਣ ਸਰਬਸੰਮਤੀ ਨਾਲ ਹੋਈ। ਮੀਟਿੰਗ ਦੀ ਪ੍ਰਧਾਨਗੀ ਮਾਣਯੋਗ ਕੇ. ਐਨ. ਗਾਇਕਵਾੜ ਨੇ ਕੀਤੀ। ਸ੍ਰੀ ਗੁਰੂ ਰਵਿਦਾਸ ਸਭਾ ਸਿਡਨੀ ਦੀ ਐਗਜ਼ੈਕਟਿਵ ਕਮੇਟੀ ਦੀ ਚੋਣ ਇਸ ਤਰ੍ਹਾਂ ਹੋਈ: ਪ੍ਰਧਾਨ- ਰਣਜੀਤ ਸਿੰਘ (ਸੋਢੀ), ਉਪ ਪ੍ਰਧਾਨ- ਮਨਜੀਤ ਚੋਪੜਾ, ਸੈਕਟਰੀ- ਵਿਨੋਦ ਕੁਮਾਰ, ਉਪ ਸੈਕਟਰੀ- ਬਲਵਿੰਦਰ ਕੁਮਾਰ, ਖਜਾਨਚੀ- ਗਿਆਨ ਬੰਗਾ, ਐਗਜ਼ੈਕਟਿਵ ਕਮੇਟੀ ਦੇ ਮੈਂਬਰ- ਭਾਗ ਮੱਲ, ਉਤਮ ਕੇਨ, ਸੁਸ਼ੀਲ ਕੁਮਾਰ, ਸੀਮਾ ਕੁਮਾਰ, ਅੰਜਨਾ ਕੈਂਥ।

ਸ੍ਰੀ ਗੁਰੂ ਰਵਿਦਾਸ ਸਭਾ ਸਿਡਨੀ ਦੀ ਗਵਰਨਿੰਗ ਬੋਰਡ ਕਮੇਟੀ ਦੀ ਚੋਣ ਇਸ ਤਰ੍ਹਾਂ ਹੋਈ: ਚੇਅਰਮੈਨ- ਬਲਜਿੰਦਰ ਰਤਨ, ਉਪ ਚੇਅਰਮੈਨ- ਨਰਿੰਦਰ ਰਹਿਲ, ਸੈਕਟਰੀ- ਗੁਰਮੀਤ ਮਹਿਮੀ, ਉਪ ਸੈਕਟਰੀ- ਭਾਗ ਮੱਲ, ਫਾਇਨਾਂਸ ਕੰਟਰੋਲਰ- ਗਿਆਨ ਬੰਗਾ, ਮੈਂਬਰ ਆਫ ਗਵਰਨਿੰਗ ਕਮੇਟੀ- ਡੀ. ਪੀ. ਰਾਏ, ਉਤਮ ਕੇਨ।

ਇਹ ਜਾਣਕਾਰੀ ਚੇਅਰਮੈਨ ਬਲਜਿੰਦਰ ਰਤਨ (0061433541413) ਨੇ ਦਿੱਤੀ।

# ਮਰਹੂਮ ਇਨਕਲਾਬੀ ਸ਼ਾਇਰ ਪਾਸ਼ ਦੇ ਮਰਹੂਮ ਪਿਤਾ ਸ. ਸੋਹਣ ਸਿੰਘ ਸੰਧੂ ਨੂੰ ਸ਼ਰਧਾਂਜਲੀ



ਹੇਵਰਡ- ਬੀਤੇ ਦਿਨੀਂ ਮਰਹੂਮ ਇਨਕਲਾਬੀ ਸ਼ਾਇਰ ਪਾਸ਼ ਦੇ ਮਰਹੂਮ ਪਿਤਾ ਸ. ਸੋਹਣ ਸਿੰਘ ਸੰਧੂ ਆਪਣੀ ਸੰਸਾਰਿਕ ਯਾਤਰਾ ਪੂਰੀ ਕਰ ਗਏ ਹਨ। ਹੁਣੇ-ਹੁਣੇ ਭਾਰਤ ਤੋਂ ਪ੍ਰਸਿੱਧ ਕਹਾਣੀਕਾਰ ਅਜਮੇਰ ਸਿੰਘ ਸਿੱਧੂ ਨੇ ਫੋਨ ਤੇ ਗੱਲਬਾਤ ਕਿਹਾ ਕਿ ਸੋਹਣ ਸਿੰਘ ਸੰਧੂ ਨੇ ਆਪਣੇ ਜੀਉਂਦੇ ਜੀ ਸਿਰਫ ਪਾਸ਼ ਦੇ ਸਾਹਿਤ ਨੂੰ ਹੀ ਨਹੀਂ ਸਾਂਭਿਆ, ਸਗੋਂ ਜ਼ਿੰਦਗੀ ਦੇ ਆਖਰੀ ਪੜਾਅ ਤੇ ਇਨਕਲਾਬੀ ਸੋਚ ਵਾਲੇ ਸਾਹਿਤ ਨੂੰ ਪ੍ਰਫੁੱਲਤ ਕਰਨ ਵਿਚ ਪੂਰਾ ਯੋਗਦਾਨ ਪਾਇਆ ਹੈ। ਉਨ੍ਹਾਂ ਉਦਾਸ ਸੁਰ ਵਿਚ ਕਿਹਾ ਕਿ ਜਦੋਂ ਮੇਰੀ ਪੁਸਤਕ ਬਾਬਾ ਬੂਝਾ ਸਿੰਘ ਤੇ ਫਿਲਮ ਬਣਨ ਦੀ ਗੱਲ ਤੁਰੀ ਤਾਂ ਪੈਸੇ ਭੇਜਣ ਦੀ ਸਭ ਤੋਂ ਪਹਿਲੀ ਪੇਸ਼ਕਸ਼ ਉਨ੍ਹਾਂ ਵਲੋਂ ਨੇ ਹੀ ਭੇਜੀ ਸੀ। ਉਨ੍ਹਾਂ ਦੇ ਤੁਰ ਜਾਣਾ ਦਾ ਘਾਟਾ ਸਿਰਫ ਪਰਿਵਾਰ ਨੂੰ ਹੀ ਨਹੀਂ ਪਿਆ ਸਗੋਂ ਪੰਜਾਬੀ ਭਾਈਚਾਰੇ ਦੇ ਨਾਲ- ਨਾਲ ਪੰਜਾਬੀ ਸਾਹਿਤ ਅਤੇ ਇਨਕਲਾਬੀ ਸੋਚ ਨੂੰ ਵੀ ਪਿਆ ਹੈ। ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਦੇ ਪ੍ਰਧਾਨ ਦਲਵੀਰ ਦਿਲ ਨਿੱਜਰ ਨੇ ਵੀ ਫੋਨ ਤੇ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਪਰਿਵਾਰ ਦੀ ਇਸ ਦੁੱਖ ਦੀ ਘੜੀ ਵਿਚ ਸ਼ਰੀਕ ਹੈ।

ਰਿਪੋਰਟ: ਨੀਲਮ ਸੈਣੀ

# ਰਿਜ਼ਰਵੇਸ਼ਨ ਦੇ ਸਮਰਥਨ ਵਿਚ ਸੜਕਾਂ ਤੇ ਉਤਰੇ ਸਾਥੀਆਂ ਦਾ ਧੰਨਵਾਦ

ਇਹ ਲੜਾਈ ਸਿਰਫ ਨੌਕਰੀ ਪ੍ਰਾਪਤ ਕਰਨ ਲਈ ਨਹੀਂ ਹੈ, ਬਲਕਿ ਇਤਿਹਾਸਕ ਗੈਰ ਬਰਾਬਰੀ ਦੇ ਖਿਲਾਫ ਦੇਸ਼ ਦੀ 80 ਫੀਸਦੀ ਆਬਾਦੀ ਦੇ ਹੱਕ ਅਤੇ ਇਨਸਾਫ ਦੀ ਲੜਾਈ ਹੈ। ਇਹ ਲੜਾਈ ਜਾਤੀ ਦੇ ਆਧਾਰ 'ਤੇ ਦੇਸ਼ ਦੇ ਸਾਰੇ ਸਰੋਤਾਂ ਅਤੇ ਸੱਤਾ ਵਿਵਸਥਾ 'ਤੇ ਕਬਜ਼ਾ ਕਰਕੇ 80 ਫੀਸਦੀ ਆਬਾਦੀ ਨੂੰ ਗੁਲਾਮ ਬਣਾਉਣ ਦੀ ਬ੍ਰਾਹਮਣਵਾਦੀ ਸਾਜਿਸ਼ ਦੇ ਖਿਲਾਫ ਹੈ। ਜੇਕਰ ਅਸੀਂ ਸਾਰਿਆਂ ਨੂੰ ਆਪਣੀ ਆਉਣ ਵਾਲੀਆਂ ਪੀੜ੍ਹੀਆਂ ਦੇ ਲਈ ਸਮਾਨਤਾ ਦੀ ਕੀਮਤ ਤੇ ਆਧਾਰਿਤ ਲੋਕਤੰਤਰ, ਇਨਸਾਫ ਅਤੇ ਭੇਦ ਭਾਵ ਰਹਿਤ ਸੁਰੱਖਿਅਤ ਦੇਸ਼ ਅਤੇ ਸਮਾਜ ਦੇਣਾ ਹੈ ਤਾਂ ਇਲਾਹਾਬਾਦ ਦੇ ਸੰਘਰਸ਼ ਨੂੰ ਪੂਰੇ ਦੇਸ਼ ਵਿਚ ਫੈਲਾਉਣਾ ਹੋਵੇਗਾ। ਇਹ ਜ਼ਿੰਮੇਵਾਰੀ ਸਿਰਫ ਦਲਿਤਾਂ, ਪੱਛੜਿਆਂ ਅਤੇ ਦੱਬੇ ਕਚਲੇ ਵਰਗ ਦੇ ਲੋਕਾਂ ਦੀ ਹੀ ਨਹੀਂ ਬਲਕਿ ਸਾਰੇ ਇਨਸਾਫ ਪਸੰਦ, ਸਮਾਨਤਾ ਅਤੇ ਲੋਕਤੰਤਰੀ ਕਦਰਾਂ ਕੀਮਤਾਂ ਵਿਚ ਵਿਸ਼ਵਾਸ ਰੱਖਣ ਵਾਲਿਆ ਦੀ ਹੈ। ਇਸ ਵਾਰ ਸਾਨੂੰ ਗੰਭੀਰਤਾ ਨਾਲ ਇਹ ਦੇਖਣਾ ਹੋਵੇਗਾ ਕਿ ਕੌਣ ਕੌਣ ਇਸ ਅੰਦੋਲਨ ਦੇ ਪੱਖ ਵਿਚ ਅੱਗੇ ਆ ਕੇ ਸਾਥ ਦਿੰਦਾ ਹੈ। ਇਸ ਅੰਦੋਲਨ ਨੂੰ ਬਦਲਾਅ ਅਤੇ ਤਬਦੀਲੀ ਦੇ ਅੰਦੋਲਨ ਵਿਚ ਬਦਲ ਦੇਣਾ ਹੋਵੇਗਾ।

ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਰਾਜ ਸੱਤਾ ਵਿਵਸਥਾ ਸਾਡੇ ਵਰਗਾਂ ਦੇ ਪ੍ਰਤੀ ਬਹੁਤ ਹੀ ਕਰੂਰ, ਸਾਮੰਤਵਾਦੀ ਅਤੇ ਬ੍ਰਾਹਮਣਵਾਦੀ ਸੋਚ ਦੀ ਹੈ ਅਤੇ ਉਹ ਸਾਡੇ ਅੰਦੋਲਨ ਨੂੰ ਕੁਚਲਣ ਦੇ ਲਈ ਕਿਸੇ ਵੀ ਹੱਦ ਤੱਕ ਜਾ ਸਕਦੇ ਹਨ।

# ਬਾਵਾ ਦੀ ਅਗਵਾਈ ਵਿਚ ਕਾਂਗਰਸੀ ਵਰਕਰਾਂ ਨੇ ਨਰਿੰਦਰ ਮੋਦੀ ਦਾ ਰੋਸ ਮਾਰਚ ਕਰਕੇ ਪੁਤਲਾ ਫੂਕਿਆ

## ਪੰਜਾਬੀ ਮੂਲ ਦੇ ਗੁਜਰਾਤੀ ਕਿਸਾਨਾਂ ਨੂੰ ਮੋਦੀ ਵਲੋਂ ਉਜਾੜਨਾ ਮੰਦ ਭਾਗਾ-ਬਾਵਾ



ਲੁਧਿਆਣਾ 3 ਅਗਸਤ (ਪ੍ਰੀਤੀ ਸ਼ਰਮਾ) ਅੱਜ ਵਿਧਾਨ ਸਭਾ ਹਲਕਾ ਆਤਮ ਨਗਰ ਦੇ ਕਾਂਗਰਸੀ ਵਰਕਰਾਂ ਨੇ ਘੱਟ ਗਿਣਤੀਆਂ ਦੇ ਦੁਸ਼ਮਣ ਨਰਿੰਦਰ ਮੋਦੀ ਮੁੱਖ ਮੰਤਰੀ ਗੁਜਰਾਤ ਖਿਲਾਫ ਰੋਸ ਮਾਰਚ ਕਰਕੇ ਅਤੇ ਪੁਤਲਾ ਫੂਕ ਕੇ ਆਪਣਾ ਵਿਰੋਧ ਜਾਹਿਰ ਕੀਤਾ। ਇਹ ਵਿਰੋਧ ਸੀਨੀਅਰ ਕਾਂਗਰਸੀ ਨੇਤਾ ਕ੍ਰਿਸ਼ਨ ਕੁਮਾਰ ਬਾਵਾ ਸਾਬਕਾ ਪ੍ਰਧਾਨ ਜ਼ਿਲ੍ਹਾ ਕਾਂਗਰਸ ਲੁਧਿਆਣਾ ਦੀ ਅਗਵਾਈ ਵਿਚ ਗਿੱਲ ਰੋਡ ਵਿਖੇ ਕੀਤਾ ਗਿਆ। ਇਸ ਸਮੇਂ ਸ੍ਰੀ ਬਾਵਾ ਨੇ ਕਿਹਾ ਕਿ ਗੁਜਰਾਤ ਦੇ ਕੱਛ ਖੇਤਰ ਵਿਚ ਸੈਕੜੇ ਪੰਜਾਬੀ ਕਿਸਾਨਾਂ ਨੂੰ ਘਰੋਂ ਬੇਘਰ ਕਰਨ ਤੇ ਤੁਲੇ ਮੁੱਖ ਮੰਤਰੀ ਗੁਜਰਾਤ ਨਰਿੰਦਰ ਮੋਦੀ ਘੱਟ ਗਿਣਤੀਆਂ ਦੇ ਦੁਸ਼ਮਣ ਹਨ। ਉਹਨਾ ਕਿਹਾ ਕਿ 1965 ਤੋ ਕੱਛ ਖੇਤਰ 'ਚ ਵਸੇ ਕਿਸਾਨਾ ਨੇ ਜੰਗਲ ਸਾਫ ਕਰਕੇ ਸਖਤ ਮਿਹਨਤ ਨਾਲ ਉਪਜਾਊ ਜ਼ਮੀਨ ਬਣਾਈ ਪਰ ਹੁਣ ਮੋਦੀ ਦੇ ਜੁਲਮ ਦਾ ਕੁਹਾੜਾ ਮਿਹਨਤਕਸ਼ ਲੋਕਾਂ ਤੇ ਚਲਾਉਣਾ ਅਤਿ ਦੁਖਦਾਇ ਹੈ। ਇਧਰ ਪੰਜਾਬ ਦੀ ਅਕਾਲੀ ਭਾਜਪਾ ਸਰਕਾਰ ਅਜਿਹੇ ਗੰਭੀਰ ਮੁੱਦੇ ਤੇ ਕੁੰਭ ਕਰਨੀ ਨੀਂਦ ਸੁੱਤੀ ਪਈ ਹੈ। ਸ੍ਰੀ ਬਾਵਾ ਨੇ ਕਿਹਾ ਕਿ ਨਰਿੰਦਰ ਮੋਦੀ ਅੰਦਰ ਘੱਟ ਗਿਣਤੀਆਂ ਪ੍ਰਤੀ ਜੋ ਨਫਰਤ ਹੈ ਉਹ ਹੁਣ ਸਾਫ ਦਿਖਾਈ ਦੇ ਰਹੀ ਹੈ। ਉਹਨਾਂ ਕਿਹਾ ਕਿ ਭਾਰਤ ਅਨੇਕਾ ਧਰਮਾਂ, ਜਾਤੀਆਂ ਅਤੇ ਭਾਸ਼ਾਵਾਂ ਦਾ ਸਮੂੰਹ ਹੈ ਇਸ ਨੂੰ ਸੈਕੂਲਰ ਤਾਕਤਾਂ ਹੀ ਚਲਾ ਸਕਦੀਆਂ ਹਨ। ਉਹਨਾ ਕਿਹਾ ਕਿ ਫ੍ਰਿਕਾਪ੍ਰਸਤ, ਕੱਟੜਪੰਥੀ, ਵੱਖਵਾਦੀ ਨੇਤਾਵਾਂ ਅਤੇ ਪਾਰਟੀਆਂ ਦਾ ਭਾਰਤ ਵਿਚ ਕੋਈ ਸਥਾਨ ਨਹੀ ਹੈ।

# ਆਲਮੀ ਸਿੱਖ ਰਹਿਤ ਪ੍ਰਚਾਰ ਮਿਸ਼ਨ ਦੇ ਕਵੀਆਂ ਨੇ ਇਤਿਹਾਸਕ ਗੁਰਦੁਆਰਾ ਸਟਾਕਟਨ ਤੋਂ ਗਦਰੀ ਬਾਬਿਆਂ ਦਾ ਆਸ਼ੀਰਵਾਦ ਪ੍ਰਾਪਤ ਕੀਤਾ




ਸਟਾਕਟਨ, ਕੈਲੀਫੋਰਨੀਆ (ਯੂ. ਐਸ. ਏ.) (ਪ੍ਰਮਿੰਦਰ ਸਿੰਘ ਪ੍ਰਵਾਨਾ)- ਆਲਮੀ ਸਿੱਖ ਰਹਿਤ ਪ੍ਰਚਾਰ ਮਿਸ਼ਨ ਵੱਲੋਂ ਹਫਤਾਵਾਰੀ ਧਾਰਮਿਕ ਕਵੀ ਦਰਬਾਰਾਂ ਦੀ ਲੜੀ ਵਿਚ ਬੀਤੇ ਦਿਨੀਂ ਗੁਰਦੁਆਰਾ ਸਟਾਕਟਨ ਵਿਖੇ ਤੇਰਵਾਂ ਕਵੀ ਦਰਬਾਰ ਪ੍ਰਧਾਨ ਪਨੇਸਰ ਅਤੇ ਸਮੁੱਚੀ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਸੰਗਤਾਂ ਦੇ ਭਰਵੇਂ ਹੁੰਗਾਰੇ ਨਾਲ ਸੰਪੰਨ ਹੋਇਆ। ਇਸਦੇ ਨਾਲ ਹੀ ਸਟਾਕਟਨ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਕੈਲੀਫੋਰਨੀਆ ਗਤਕਾ ਦਲ ਨੇ ਸਾਂਝੇ ਤੌਰ 'ਤੇ ਹੋਰ ਪੰਥਕ ਜਥੇਬੰਦੀਆਂ ਦੇ ਸਹਿਯੋਗ ਨਾਲ ਮੀਰੀ-ਪਹਬਹ ਦਿਵਸ ਇਸ ਗਦਰੀ ਬਾਬਿਆਂ ਦੇ ਇਤਿਹਾਸਕ ਸਥਾਨ ਤੇ ਮਨਾ ਕੇ ਵਿਸਰ ਰਹੇ ਵਿਰਸੇ ਨੂੰ ਸੁਰਜੀਤ ਰੱਖਣ ਦਾ ਉਪਰਾਲਾ ਕੀਤਾ ਹੈ। ਹਫਤਾਵਾਰੀ ਦੀਵਾਨ ਵਿਚ ਕਥਾ, ਕੀਰਤਨ, ਢਾਡੀ ਵਾਰਾਂ ਅਤੇ ਗਤਕਾ ਦੇ ਜੌਹਰਾਂ ਦੇ ਨਾਲ ਹੀ ਆਲਮੀ ਸਿੱਖ ਰਹਿਤ ਪ੍ਰਚਾਰ ਮਿਸ਼ਨ ਵੱਲੋਂ ਵੀ ਮੀਰੀ ਪੀਰੀ ਤੇ ਸਿੱਖ ਇਤਿਹਾਸ ਦੇ ਸ਼ਹੀਦਾਂ ਬਾਰੇ ਕਵੀ ਦਰਬਾਰ ਪੇਸ਼ ਕੀਤਾ ਗਿਆ। ਮੰਚ ਸੰਚਾਲਨ ਸਾਹਿਤਕਾਰ ਪ੍ਰਮਿੰਦਰ ਸਿੰਘ ਪ੍ਰਵਾਨਾ ਵੱਲੋਂ ਬਾਖੂਬੀ ਨਿਭਾਇਆ ਗਿਆ ਅਤੇ ਕਵੀ ਸ਼ਾਮਲ ਹੋਏ: ਗੁਰਦਿਆਲ ਸਿੰਘ ਨੂਰਪੁਰੀ, ਬੀਬੀ ਗੁਰਦੇਵ ਕੌਰ, ਤਰਸੇਮ ਸਿੰਘ ਸੁਮਨ, ਪ੍ਰੋ. ਸੁਰਜੀਤ ਸਿੰਘ ਨਨੂਆ, ਜਸਦੀਪ ਸਿੰਘ, ਹਰਮੇਲ ਸਿੰਘ, ਪ੍ਰਮਿੰਦਰ ਸਿੰਘ ਪ੍ਰਵਾਨਾ ਨੇ ਕਵਿਤਾਵਾਂ। ਪ੍ਰਬੰਧਕਾਂ ਦੇ ਸਹਿਯੋਗ ਨਾਲ ਭਵਿੱਖ ਵਿਚ ਵੀ ਅਜਿਹੇ ਕਵੀ ਦਰਬਾਰ ਜਾਰੀ ਰੱਖਣ ਦਾ ਐਲਾਨ ਕੀਤਾ ਗਿਆ। ਮਿਸ਼ਨ ਵੱਲੋਂ ਕਵੀ- ਦਰਬਾਰਾਂ ਵਿਚ ਸਿੱਖ ਇਤਿਹਾਸ ਦੀ ਜਾਣਕਾਰੀ ਨਵੀਂ ਪੀੜ੍ਹੀ ਤੱਕ ਪਹੁੰਚਾਉਣ ਲਈ ਯਤਨ ਜਾਰੀ ਹਨ। ਦੂਰ ਦੂਰ ਤੱਕ ਗੁਰਦੁਆਰਿਆਂ ਵਿਚ ਕਵੀ ਦਰਬਾਰ ਕਰਨ ਦੀ ਸਮਰੱਥਾ ਹੈ। ਗੁਰਦੁਆਰਿਆਂ ਵਿਚ ਕਵੀ ਦਰਬਾਰ ਕਰਵਾਉਣ ਲਈ (408) 661-3707 ਅਤੇ (510) 415-9377 ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਬੁੱਧ ਗਯਾ ਬੰਬ ਧਮਾਕਿਆਂ ਵਿਰੁੱਧ ਰੋਸ ਧਰਨਾ




ਜਲੰਧਰ- ਅੰਬੇਦਕਰ ਮਿਸ਼ਨ ਸੁਸਾਇਟੀ ਪੰਜਾਬ ਅਤੇ ਸਮਤਾ ਸੈਨਿਕ ਦਲ ਦੀ ਅਗਵਾਈ ਹੇਠ ਬੁੱਧ ਗਯਾ ਬੰਬ ਧਮਾਕਿਆਂ ਵਿਰੁੱਧ ਅੰਬੇਦਕਰ ਚੌਕ ਜਲੰਧਰ ਵਿਖੇ 14 ਜੁਲਾਈ 2013 ਨੂੰ ਰੋਸ ਧਰਨਾ ਦਿੱਤਾ ਗਿਆ, ਜਿਸ ਵਿਚ ਬਾਬਾ ਸਾਹਿਬ ਡਾ. ਅੰਬੇਦਕਰ ਅਤੇ ਬੁੱਧ ਦੇ ਪੈਰੋਕਾਰਾਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ। ਪ੍ਰੋਗਰਾਮ ਦੀ ਸ਼ੁਰੂਆਤ ਭਿਕਸ਼ੁਣੀ ਨਾਗਰੂਪਾ ਵੱਲੋਂ ਤ੍ਰੀਸ਼ਰਣ ਨਾਲ ਸ਼ੁਰੂ ਹੋਈ। ਜਿਹਨਾਂ ਮੁੱਖ ਬੁਲਾਰਿਆਂ ਨੇ ਇਸ ਮੌਕੇ ਆਪਣੇ ਵਿਚਾਰ ਰੱਖੇ ਉਹ ਹਨ- ਸਰਵ ਸ੍ਰੀ ਲਾਹੌਰੀ ਰਾਮ ਬਾਲੀ, ਐਸ. ਐਲ. ਵਿਰਦੀ, ਹਰਮੇਸ਼ ਜੱਸਲ, ਤਰਸੇਮ ਸਾਗਰ, ਹਰਭਜਨ ਸਾਂਪਲਾ, ਸੋਹਣ ਲਾਲ, ਬਲਦੇਵ ਜੱਸਲ, ਜਸਵਿੰਦਰ ਵਰਿਆਣਾ, ਕਮਲਦੇਵ ਜੰਡੂ ਸਿੰਘਾ, ਪਰਮਜੀਤ ਜੱਸਲ ਅਤੇ ਚਰਨਦਾਸ ਸੰਧੂ। ਇਹਨਾਂ ਤੋਂ ਇਲਾਵਾ ਹੋਰ ਜਿਹੜੇ ਪ੍ਰਮੁੱਖ ਵਿਅਕਤੀ ਸ਼ਾਮਲ ਹੋਏ ਉਹ ਸਨ- ਡਾ. ਪਰਮਜੀਤ ਜੱਸਲ, ਦੇਸ ਰਾਜ, ਚਮਨ ਸਾਂਪਲਾ, ਬਲਦੇਵ ਭਾਰਦਵਾਜ, ਰਾਮਨਾਥ ਸੁੰਡਾ, ਰੂਪ ਲਾਲ, ਦਲਬੀਰ ਸਰੋਏ, ਦਰਸ਼ਨ ਬੋਧੀ ਅਤੇ ਵੱਖ ਵੱਖ ਬੁੱਧ ਵਿਹਾਰਾਂ 'ਚੋਂ ਉਪਾਸਕ।

ਸਰਵ ਸੰਮਤੀ ਨਾਲ ਤਿੰਨ ਮਤੇ ਪਾਸ ਕੀਤੇ ਗਏ ਜਿਵੇਂ ਕਿ 1. ਦੋਸ਼ੀਆਂ ਨੂੰ ਗ੍ਰਿਫਤਾਰ ਕਰਕੇ ਸਖਤ ਸਜ਼ਾਵਾਂ ਦਿੱਤੀਆਂ ਜਾਣ। 2. ਬੁੱਧ ਵਿਹਾਰ ਗਯਾ ਦੀ ਪ੍ਰਬੰਧਕੀ ਕਮੇਟੀ ਵਿਚੋਂ ਗੈਰ-ਬੋਧੀਆਂ ਨੂੰ ਕੱਢ ਕੇ ਪ੍ਰਬੰਧ ਨਿਰੋਲ ਬੋਧੀਆਂ ਨੂੰ ਸੌਂਪਿਆ ਜਾਵੇ। 3. ਦਿੱਲੀ ਵਿਖੇ ਬਾਬਾ ਸਾਹਿਬ ਦੀ ਡਿਜੀਟਲ ਫੋਟੋ ਨਾਲ ਭੱਦਾ ਮਜ਼ਾਕ ਕਰਨ ਵਾਲਿਆਂ ਨੂੰ ਗ੍ਰਿਫਤਾਰ ਕਰਕੇ ਮੁਕੱਦਮੇ ਦਰਜ ਕੀਤੇ ਜਾਣ।

ਬੁਲਾਰਿਆਂ ਨੇ ਮੁੱਖ ਰੂਪ ਵਿਚ ਮਹਾਂਬੋਧੀ ਵਿਹਾਰ ਦੀ ਹਿਫਾਜ਼ਤ ਨੂੰ ਹੋਰ ਮਜ਼ਬੂਤ ਕਰਨ, ਬੁੱਧ ਵਿਹਾਰ ਅਤੇ ਬੋਧੀ ਦਰਖਤ ਨੂੰ ਹੋਏ ਨੁਕਸਾਨ ਦਰੁੱਸਤ ਕਰਨ ਅਤੇ ਜ਼ਖਮੀਆਂ ਨੂੰ ਮਾਲੀ ਮਦਦ ਦੇਣ ਦੀ ਮੰਗ ਕੀਤੀ।

(ਹਰਮੇਸ਼ ਜੱਸਲ)

# ਬਾਬਾ ਸੇਵਾ ਸਿੰਘ ਨੇ ਐਨ.ਡੀ.ਏ.ਟੈਸਟ ਦੇਣ ਜਾ ਰਹੇ ਵਿਦਿਆਰਥੀਆਂ ਨੂੰ ਦਿੱਤਾ ਪ੍ਰੇਰਨਾਮਈ ਭਾਸ਼ਣ





ਖਡੂਰ ਸਾਹਿਬ- 'ਨਿਸ਼ਾਨ-ਏ-ਸਿੱਖੀ' ਟਾਵਰ ਵਿਖੇ ਚੱਲ ਰਹੀ 'ਨੈਸ਼ਨਲ ਅਕੈਡਮੀ ਆਫ ਕੰਪੀਟੀਟਿਵ ਐਗਜ਼ਾਮੀਨੇਸ਼ਨਜ਼' ਦੇ 11 ਅਗਸਤ ਨੂੰ ਐਨ.ਡੀ.ਏ. (ਨੈਸ਼ਨਲ ਡਿਫੈਂਸ ਅਕੈਡਮੀ) ਦਾ ਇਮਤਿਹਾਨ ਦੇਣ ਜਾ ਰਹੇ ਵਿਦਿਆਰਥੀਆਂ ਨੂੰ ਸੇਵਾ ਦੇ ਪੁੰਜ ਬਾਬਾ ਸੇਵਾ ਸਿੰਘ ਕਾਰ ਸੇਵਾ ਵਾਲਿਆਂ ਵੱਲੋਂ ਵਿਸ਼ੇਸ਼ ਤੌਰ 'ਤੇ ਪ੍ਰੇਰਨਾਮਈ ਭਾਸ਼ਣ ਅਤੇ ਆਸ਼ੀਰਵਾਦ ਦਿੱਤਾ ਗਿਆ। ਇਹ ਅਕੈਡਮੀ ਸਾਬਕਾ ਉੱਚ ਪੁਲਿਸ ਅਧਿਕਾਰੀ ਸ. ਸਰੂਪ ਸਿੰਘ, ਆਈ.ਪੀ.ਐਸ. (ਸੇਵਾ ਮੁਕਤ) ਦੇ ਦਿਸ਼ਾ-ਨਿਰਦੇਸ਼ਾਂ ਹੇਠ ਆਰਥਿਕ ਤੌਰ 'ਤੇ ਕਮਜ਼ੋਰ, ਪੇਂਡੂ ਅਤੇ ਪਛੜੇ ਵਰਗਾਂ ਨਾਲ ਸਬੰਧਿਤ ਹੋਣਹਾਰ ਤੇ ਲਾਇਕ ਵਿਦਿਆਰਥੀਆਂ ਨੂੰ ਐਨ.ਡੀ.ਏ. ਅਤੇ ਸੀ.ਡੀ.ਐਸ. ਟੈਸਟਾਂ ਦੀ ਕੋਚਿੰਗ ਦੇ ਰਹੀ ਹੈ। ਬਾਬਾ ਜੀ ਨੇ ਇਸ ਮੌਕੇ ਬੋਲਦਿਆਂ ਕਿਹਾ ਕਿ ਬੰਦੇ ਨੂੰ ਕਿਸੇ ਵੀ ਖੇਤਰ ਵਿਚ ਸਫਲਤਾ ਹਾਸਲ ਕਰਨ ਲਈ ਸਭ ਤੋਂ ਪਹਿਲਾਂ ਦ੍ਰਿੜ ਨਿਸ਼ਚੇ ਦੀ ਲੋੜ ਹੁੰਦੀ ਹੈ ਅਤੇ ਵਿਦਿਆਰਥੀਆਂ ਨੂੰ ਅਜਿਹਾ ਨਿਸ਼ਚਾ ਧਾਰਨ ਕਰਨਾ ਚਾਹੀਦਾ ਹੈ, ਜੇਕਰ ਉਹਨਾਂ ਨੇ ਐਨ.ਡੀ.ਏ. ਵਰਗਾ ਔਖਾ ਇਮਤਿਹਾਨ ਸਰ ਕਰਨਾ ਹੈ। ਉਹਨਾਂ ਜਨਰਲ ਹਰਬਖ਼ਸ਼ ਸਿੰਘ ਜਿਹਨਾਂ ਨੇ 1965 ਦੀ ਭਾਰਤ-ਪਾਕਿ ਜੰਗ ਵਿਚ ਮਾਝੇ ਨੂੰ ਪਾਕਿਸਤਾਨ ਦੇ ਕਬਜ਼ੇ ਵਿਚ ਜਾਣ ਤੋਂ ਬਚਾਇਆ ਸੀ, ਦੀ ਮਿਸਾਲ ਦਿੰਦਿਆਂ ਕਿਹਾ ਕਿ ਸਖਤ ਮਿਹਨਤ ਨਾਲ ਹੀ ਸ਼ਕਤੀ ਹਾਸਲ ਹੁੰਦੀ ਹੈ ਅਤੇ ਸ਼ਕਤੀ ਨਾਲ ਹੀ ਕੌਮ ਦੀ ਸੇਵਾ ਕੀਤੀ ਜਾ ਸਕਦੀ ਹੈ। ਉਹਨਾਂ ਵਿਦਿਆਰਥੀਆਂ ਨੂੰ ਇਸ ਇਮਤਿਹਾਨ ਲਈ ਸ਼ੁੱਭ ਇੱਛਾਵਾਂ ਦਿੰਦਿਆਂ ਕਿਹਾ ਕਿ ਉਹਨਾਂ ਨੂੰ ਮੁਕਾਬਲੇ ਵਿਚ ਬੈਠਣ ਲਈ ਪਰਮਾਤਮਾ ਦਾ ਓਟ-ਆਸਰਾ ਵੀ ਲੈਣਾ ਚਾਹੀਦਾ ਹੈ। ਸ. ਸਰੂਪ ਸਿੰਘ ਨੇ ਵਿਦਿਆਰਥੀਆਂ ਨੂੰ ਮੁਖਾਤਿਬ ਹੁੰਦਿਆਂ ਕਿਹਾ ਕਿ ਉਹ ਬਹੁਤ ਹੀ ਅਹਿਮ ਇਮਤਿਹਾਨ ਵਿਚ ਬੈਠਣ ਜਾ ਰਹੇ ਹਨ, ਜਿਸ ਲਈ ਉਹਨਾਂ ਨੂੰ ਪੂਰੇ ਉਤਸ਼ਾਹ ਤੇ ਹੌਸਲੇ ਦੀ ਲੋੜ ਹੈ। ਇਸ ਮੌਕੇ ਅਕੈਡਮੀ ਦੇ ਕੋਆਰਡੀਨੇਟਰ ਪ੍ਰੋ. ਸੁਖਪ੍ਰੀਤ ਸਿੰਘ ਅਤੇ ਪ੍ਰੋ. ਸ਼ੇਖਰ ਕੁਮਾਰ ਵੀ ਹਾਜ਼ਰ ਸਨ।

# ਗੁਰਦੁਆਰਾ ਸਾਹਿਬ ਫਰੀਮਾਂਟ ਵਿਚ ਗਰਮੀਆਂ ਦਾ ਸਿੱਖੀ ਕੈਂਪ ਲੱਗਿਆ





ਫਰੀਮਾਂਟ (ਬਲਵਿੰਦਰਪਾਲ ਸਿੰਘ ਖਾਲਸਾ)- ਪਿਛਲੇ ਦੋ ਹਫਤੇ ਲੱਗੇ ਸਿੱਖੀ ਕੈਂਪ ਵਿਚ ਡੇਢ ਸੌ ਦੇ ਲਗਭਗ ਛੋਟੇ ਅਤੇ ਵੱਡੇ ਬੱਚੇ/ ਬਚੀਆਂ ਨੇ ਗੁਰਬਾਣੀ ਸੰਥਿਆ, ਸਿੱਖ ਇਤਿਹਾਸ, ਗੁਰਮਤਿ ਸੰਗੀਤ, ਗਤਕਾ, ਗੁਰਮੁਖੀ-ਪੰਜਾਬੀ ਦੀ ਪੜਾਈ, ਅਤੇ ਖੇਡਾਂ ਨਾਲ ਸਾਂਝ ਪਾਈ। ਇਸ ਕੈਂਪ ਦਾ ਪ੍ਰਬੰਧ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ, ਖਾਲਸਾ ਸਕੂਲ ਨੇ ਸਿੱਖ ਸੰਗਤਾਂ-ਪਰਵਾਰਾ ਦੇ ਆਪਸੀ ਸਹਿਯੋਗ ਨਾਲ ਕੀਤਾ ਗਿਆ।

ਦੋ ਹਫਤੇ ਦੌਰਾਨ ਬਚਿਆਂ ਨੇ ਨਿੱਤਨੇਮ, ਸੁਖਮਨੀ ਸਾਹਿਬ, ਆਸਾ ਦੀ ਵਾਰ, ਬਸੰਤ ਦੀ ਵਾਰ ਅਤੇ ਰਾਮਕਲੀ ਦੀ ਵਾਰ ਦੇ ਪਾਠ ਦੀ ਸਿਖਲਾਈ ਹਾਸਲ ਕੀਤੀ। ਉਮਰ ਦੇ ਹਿਸਾਬ ਨਾਲ ਵੱਖ ਵੱਖ ਸਿਖਲਾਈ ਦਾ ਪ੍ਰਬੰਧ ਕੀਤਾ ਗਿਆ। ਇਸ ਵਿਚ ਲਗਭਗ 30 ਸੇਵਾਦਾਰਾਂ ਨੇ ਸਿਖਲਾਈ ਦੀ ਸੇਵਾ ਵਿਚ ਹਿੱਸਾ ਲਿਆ। ਜਿਸ ਵਿਚ ਪੜਾਉਣ, ਲੰਗਰ, ਸਾਂਭ-ਸੰਭਾਲ, ਗਤਕੇ ਦੀ ਸਿਖਲਾਈ ਵਾਲੇ ਸੇਵਾਦਾਰਾਂ ਨੇ ਤਨ ਤੇ ਮਨ ਨਾਲ ਸੇਵਾ ਕੀਤੀ। ਬਚਿਆਂ ਨੂੰ ਪ੍ਰੇਰਨਾ ਦੇਣ ਲਈ ਵੱਖ ਵੱਖ ਵਿਸ਼ਿਆ ਨਾਲ ਸਬੰਧਿਤ ਮਾਹਰ ਬੁਲਾ ਕੇ ਉਨਾਂ ਦੇ ਵੀਚਾਰਾਂ ਨਾਲ ਬੱਚਿਆਂ ਦੀ ਸਾਂਝ ਪੁਆਈ ਗਈ। ਸਿੱਖੀ ਸਰੂਪ ਦੀ ਲੋੜ, ਮਹੱਤਤਾ ਤੇ ਬਾਣੀ ਬਾਣੇ ਦੇ ਸੁਮੇਲ ਬਾਰੇ ਖਾਸ ਵੀਚਾਰ ਚਰਚਾ ਕੀਤੀ ਗਈ। ਬਾਸਕਟ ਬਾਲ, ਕਰਿਕਟ ਦਾ ਵੀ ਬੱਚਿਆਂ ਨੇ ਖੂਬ ਅਨੰਦ ਮਾਣਿਆ। ਕੈਂਪ ਦੇ ਅਖੀਰ ਵਿਚ ਬੱਚਿਆਂ ਨੂੰ ਇਨਾਮ ਦਿਤੇ ਗਏ ਤੇ ਦੋ ਹਫਤੇ ਤੋਂ ਜ਼ਿਆਦਾ ਕੈਂਪ ਲਾਉਣ ਬਾਰੇ ਗੰਭੀਰ ਵਿਚਾਰ ਚਰਚਾ ਕੀਤੀ ਗਈ ਅਤੇ ਇਹ ਵੀ ਫੈਸਲਾ ਹੋਇਆ ਕਿ ਸਰਦੀਆਂ ਤੇ ਗਰਮੀਆ ਵਿਚ ਮਿਲਣ ਵਾਲੀਆਂ ਸਾਰੀਆਂ ਛੁੱਟੀਆਂ ਵਿਚ ਕੈਂਪਾਂ ਦਾ ਪ੍ਰਬੰਧ ਕੀਤਾ ਜਾਵੇਗਾ। ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਖਾਲਸਾ ਸਕੂਲ ਦੇ ਆਪਸੀ ਸਹਿਯੋਗ ਨਾਲ ਲੱਗੇ ਇਸ ਕੈਂਪ ਦੀ ਸੰਗਤਾਂ ਤੇ ਬੱਚਿਆਂ ਨੇ ਬੇਹੱਦ ਸਿਫਤ ਕੀਤੀ।

# ਸਾਬਕਾ ਸੰਸਦ ਮੈਂਬਰ ਤਰਲੋਚਨ ਸਿੰਘ ਨੇ ਕੀਤਾ 'ਨਿਸ਼ਾਨ-ਏ-ਸਿੱਖੀ' ਦਾ ਦੌਰਾ

## ਬਾਬਾ ਸੇਵਾ ਸਿੰਘ ਜੀ ਵੱਲੋਂ ਕੀਤੇ ਜਾ ਰਹੇ ਕਾਰਜ ਬੇਮਿਸਾਲ-ਤਰਲੋਚਨ ਸਿੰਘ



ਖਡੂਰ ਸਾਹਿਬ- ਸਾਬਕਾ ਸੰਸਦ ਮੈਂਬਰ ਅਤੇ ਕੌਮੀ ਘੱਟ ਗਿਣਤੀ ਕਮਿਸ਼ਨ ਦੇ ਸਾਬਕਾ ਚੇਅਰਮੈਨ ਸ. ਤਰਲੋਚਨ ਸਿੰਘ ਜਿਹਨਾਂ ਦੀ ਪਛਾਣ ਰਾਸ਼ਟਰੀ ਪੱਧਰ ਦੇ ਸਿੱਖ ਸਿਆਸਤਦਾਨ ਵਜੋਂ ਹੈ, ਵੱਲੋਂ ਅੱਜ ਆਪਣੀ ਖਡੂਰ ਸਾਹਿਬ ਫੇਰੀ ਦੌਰਾਨ ਕਾਰ ਸੇਵਾ ਅਧੀਨ ਚੱਲ ਰਹੀ ਪ੍ਰਸਿੱਧ ਸੰਸਥਾ 'ਨਿਸ਼ਾਨ-ਏ-ਸਿੱਖੀ' ਅਤੇ ਹੋਰ ਅਦਾਰਿਆਂ ਦਾ ਦੌਰਾ ਕੀਤਾ ਗਿਆ, ਜਿਸ ਦੌਰਾਨ ਉਹਨਾਂ ਨੇ ਬਾਬਾ ਸੇਵਾ ਸਿੰਘ ਵੱਲੋਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਸਰਬੱਤ ਦੇ ਭਲੇ ਲਈ ਕੀਤੇ ਜਾ ਰਹੇ ਕਾਰਜਾਂ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਇਹਨਾਂ ਕਾਰਜਾਂ ਵਿਚ ਆਪਣਾ ਬਨਦਾ ਯੋਗਦਾਨ ਪਾਉਣ ਦਾ ਐਲਾਨ ਕੀਤਾ।

ਸ. ਤਰਲੋਚਨ ਸਿੰਘ ਨੇ ਅੱਜ ਖਡੂਰ ਸਾਹਿਬ ਪਹੁੰਚਦਿਆਂ ਸਭ ਤੋਂ ਪਹਿਲਾਂ ਸ੍ਰੀ ਦਰਬਾਰ ਸਾਹਿਬ (ਅੰਗੀਠਾ ਸਾਹਿਬ) ਵਿਖੇ ਮੱਥਾ ਟੇਕਿਆ ਜਿੱਥੇ ਉਹਨਾਂ ਨੂੰ ਗੁਰਦੁਆਰਾ ਸਾਹਿਬ ਦੇ ਮੈਨੇਜਰ ਭਾਈ ਪਰਮਜੀਤ ਸਿੰਘ ਨੇ ਸਿਰਪਾਉ ਅਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ। ਇਸ ਦੌਰਾਨ ਉਹਨਾਂ ਨੇ ਬਾਬਾ ਸੇਵਾ ਸਿੰਘ ਨਾਲ ਵਿਸ਼ੇਸ਼ ਮੁਲਾਕਾਤ ਕੀਤੀ ਅਤੇ 'ਨਿਸ਼ਾਨ-ਏ-ਸਿੱਖੀ' ਇਮਾਰਤ ਵਿਖੇ ਧਰਮ, ਡਿਫੈਂਸ, ਮੈਡੀਕਲ, ਅਤੇ ਇੰਜੀਨੀਅਰਿੰਗ ਦੇ ਖੇਤਰ ਦੀ ਉਚ ਪੱਧਰੀ ਵਿਦਿਆ ਪ੍ਰਦਾਨ ਕਰ ਰਹੇ ਵੱਖ-ਵੱਖ ਇੰਸਟੀਚਿਊਟਾਂ ਦਾ ਦੌਰਾ ਕੀਤਾ। ਇਸ ਤਹਿਤ ਉਹਨਾਂ ਨੇ ਇਹਨਾਂ ਇੰਸਟੀਚਿਊਟਾਂ ਦੇ ਡਾਇਰੈਕਟਰ ਸਾਹਿਬਾਨਾਂ ਨਾਲ ਵੀ ਵਿਸ਼ੇਸ਼ ਮੁਲਾਕਾਤ ਕੀਤੀ ਅਤੇ ਸੰਬਧਿਤ ਇੰਸਟੀਚਿਊਟ ਬਾਰੇ ਜਾਣਕਾਰੀ ਹਾਸਲ ਕਰਨ ਤੋਂ ਇਲਾਵਾ ਉਹਨਾਂ ਨੂੰ ਆਪਣੇ ਵੱਡਮੁੱਲੇ ਸੁਝਾਅ ਵੀ ਦਿੱਤੇ। ਇਸ ਤੋਂ ਇਲਾਵਾ ਉਹਨਾਂ ਨੇ ਇਥੋਂ ਦੇ ਵਿਦਿਆਰਥੀਆਂ ਨਾਲ ਵੀ ਗੱਲਬਾਤ ਕੀਤੀ ਅਤੇ ਉਹਨਾਂ ਨੂੰ ਅੱਗੇ ਵਧਣ ਦੀ ਪ੍ਰੇਰਨਾ ਦਿੱਤੀ। ਉਹ ਕਾਰ ਸੇਵਾ ਅਧੀਨ ਧਰਮ, ਵਿੱਦਿਆ, ਵਾਤਾਵਰਨ ਸੰਭਾਲ, ਖੇਡਾਂ ਅਤੇ ਸਮਾਜ ਸੇਵਾ ਦੇ ਖੇਤਰ 'ਚ ਚੱਲ ਰਹੇ ਪ੍ਰਾਜੈਕਟਾਂ ਤੋਂ ਬੇਹੱਦ ਪ੍ਰਭਾਵਿਤ ਹੋਏ।

# ਬਾਬਾ ਬੰਦਾ ਸਿੰਘ ਬਹਾਦਰ ਅੰਤਰਰਾਸ਼ਟਰੀ ਫਾਊਡੇਸ਼ਨ ਵਲੋ ਸਰਬਜੀਤ ਕੌਰ (ਯੂ.ਐਸ.ਏ) ਸਨਮਾਨਿਤ

ਲੁਧਿਆਣਾ (ਪ੍ਰੀਤੀ ਸ਼ਰਮਾ) ਬਾਬਾ ਬੰਦਾ ਸਿੰਘ ਬਹਾਦਰ ਭਵਨ ਰਕਬਾ ਵਿਖੇ ਹੋਏ ਇੱਕ ਸਮਾਗਮ ਦੌਰਾਨ ਕ੍ਰਿਸ਼ਨ ਕੁਮਾਰ ਬਾਵਾ ਪ੍ਰਧਾਨ ਬਾਬਾ ਬੰਦਾ ਸਿੰਘ ਬਹਾਦਰ ਅੰਤਰਰਾਸ਼ਟਰੀ ਫਾਊਡੇਸ਼ਨ ਅਤੇ ਕਰਨੈਲ ਸਿੰਘ ਗਿੱਲ ਪ੍ਰਧਾਨ ਫਾਊਡੇਸ਼ਨ ਪੰਜਾਬ ਨੇ ਬੀਬੀ ਸਰਬਜੀਤ ਕੌਰ ਅਮਰੀਕਾ ਦਾ ਬਾਬਾ ਬੰਦਾ ਸਿੰਘ ਬਹਾਦਰ ਜੀ ਦਾ ਚਿੱਤਰ ਸ਼ਾਲ ਅਤੇ ਮੈਡਲ ਪਾ ਕੇ ਸਨਮਾਨ ਕੀਤਾ। ਇਸ ਸਮੇ ਦਲਬੀਰ ਸਿੰਘ ਜੱਸੜ, ਹਰਿੰਦਰ ਸਿੰਘ ਰੂਮੀ, ਬਲਜੀਤ ਕੌਰ ਅਤੇ ਰਣਜੀਤ ਕੌਰ ਦਾ ਵੀ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਸਮੇ ਸ਼ਾਮ ਸੁੰਦਰ ਭਾਰਦਵਾਜ ਟਰੱਸਟੀ ਕੈਸ਼ੀਅਰ ਫਾਊਡੇਸ਼ਨ, ਨਿਰਮਲ ਸਿੰਘ ਪੰਡੋਰੀ ਪ੍ਰਧਾਨ ਫਾਊਡੇਸ਼ਨ ਲੁਧਿਆਣਾ ਦਿਹਾਤੀ, ਜੈ ਰਾਮ ਸਿੰਘ ਮੁੱਖ ਸੇਵਾਦਾਰ ਗੁਰੂਦੁਆਰਾ ਸਾਹਿਬ ਰਕਬਾ ਅਤੇ ਅਮਨਜੀਤ ਸਿੰਘ ਹਾਜਰ ਸਨ।

ਇਸ ਸਮੇ ਬੋਲਦੇ ਸ੍ਰੀ ਬਾਵਾ ਨੇ ਕਿਹਾ ਕਿ ਨਿਰਮਲ ਸਿੰਘ ਗਰੇਵਾਲ ਦਾ ਪਰਿਵਾਰ ਨਿਊ ਜਰਸੀ (ਅਮਰੀਕਾ) ਵਿਖੇ ਸਮਾਜਿਕ ਅਤੇ ਧਾਰਮਿਕ ਖੇਤਰ ਵਿਚ ਵੱਡਮੁੱਲੀ ਸੇਵਾ ਕਰ ਰਿਹਾ ਹੈ। ਉਹਨਾ ਕਿਹਾ ਕਿ ਬੀਬੀ ਸਰਬਜੀਤ ਕੌਰ ਪੰਜਾਬੀਅਤ ਦੀ ਸੇਵਾ ਲਈ ਮੋਹਰੀ ਰੋਲ ਅਦਾ ਕਰਦੇ ਹਨ। ਉਹਨਾ ਕਿਹਾ ਕਿ ਪ੍ਰਵਾਸੀ ਪੰਜਾਬੀਆਂ ਅੰਦਰ ਮਹਾਨ ਸ਼ਹੀਦਾ ਪ੍ਰਤੀ ਅਥਾਹ ਸ਼ਰਧਾ ਅਤੇ ਸਤਿਕਾਰ ਹੈ ਜੋ ਉਹਨਾਂ ਨੂੰ ਹਮੇਸ਼ਾ ਸਮਾਜ ਸੇਵਾ ਲਈ ਪ੍ਰੇਰਿਤ ਕਰਦਾ ਹੈ।

# ਪ੍ਰੈਸ ਕਲੱਬ ਫਗਵਾੜਾ ਦਾ ਉਦਘਾਟਨ ਸੰਸਦੀ ਸਕੱਤਰ ਕੈਂਥ ਤੇ ਵਾਹਦ ਨੇ ਕੀਤਾ

## ਪ੍ਰੈਸ ਕਲੱਬ ਨੂੰ ਅਖ਼ਤਿਆਰੀ ਫ਼ੰਡ ਚੋਂ 2 ਲੱਖ ਦੀ ਗਰਾਂਟ ਦੇਣ ਦਾ ਐਲਾਨ

ਕਪੂਰਥਲਾ- (ਬੀ.ਕੇ.ਰੱਤ)- ਨਗਰ ਨਿਗਮ ਫਗਵਾੜਾ ਸ਼ਹਿਰ ਦੇ ਵਿਕਾਸ ਲਈ 10 ਕਰੋੜ ਰੁਪਏ ਦੇ ਕੰਮ ਕਰਵਾਏ ਜਾ ਰਹੇ ਹਨ, ਜਿੰਨ੍ਹਾਂ ਵਿੱਚੋਂ ਵਧੇਰੇ ਕੰਮ ਪ੍ਰਗਤੀ ਅਧੀਨ ਹਨ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸ੍ਰੀ ਸੋਮ ਪ੍ਰਕਾਸ਼ ਕੈਂਥ ਮੁੱਖ ਸੰਸਦੀ ਸਕੱਤਰ ਨੇ ਅੱਜ ਪ੍ਰੈਸ ਕਲੱਬ ਫਗਵਾੜਾ ਦਾ ਉਦਘਾਟਨ ਕਰਦਿਆਂ ਕੀਤਾ। ਇਸ ਮੌਕੇ ਸ੍ਰ. ਜਰਨੈਲ ਸਿੰਘ ਵਾਹਦ ਚੇਅਰਮੈਨ ਮਾਰਕਫੈੱਡ ਪੰਜਾਬ, ਸ੍ਰੀ ਕਾਲੀਚਰਨ ਸੂਦ ਆਜ਼ਾਦੀ ਘੁਲਾਟੀਏ ਤੇ ਡਾਇਰੈਕਟਰ ਪ੍ਰੈਸ ਕਲੱਬ, ਸ੍ਰੀ ਸਰਵਣ ਸਿੰਘ ਕੁਲਾਰ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸੁਖਬੀਰ ਸਿੰਘ ਸੰਧਰ ਚੇਅਰਮੈਨ ਵਾਹਦ ਸੰਧਰ ਸ਼ੂਗਰ ਲਿਮ., ਤੇਜਸਵੀ ਭਾਰਦਵਾਜ ਜ਼ਿਲ੍ਹਾ ਪ੍ਰਧਾਨ ਅਤੇ ਸ੍ਰੀ ਜਤਿੰਦਰਪਾਲ ਸਿੰਘ ਪਲਾਹੀ ਤੋਂ ਇਲਾਵਾ ਪ੍ਰੈਸ ਕਲੱਬ ਫਗਵਾੜਾ ਦੇ ਅਹੁਦੇਦਾਰ ਤੇ ਮੈਂਬਰ ਵੀ ਹਾਜ਼ਰ ਸਨ। ਇਸ ਮੌਕੇ ਆਪਣੇ ਸੰਬੋਧਨ ਵਿਚ ਸ੍ਰੀ ਸੋਮ ਪ੍ਰਕਾਸ਼ ਕੈਂਥ ਨੇ ਕਿਹਾ ਕਿ ਮਿਆਰੀ ਪੱਤਰਕਾਰੀ ਸਾਡੇ ਲੋਕਤੰਤਰ ਦਾ ਧੁਰਾ ਹੈ, ਜੋ ਸਾਡੇ ਸਮਾਜ ਨੂੰ ਸਹੀ ਦਿਸ਼ਾ ਪ੍ਰਦਾਨ ਕਰਦੀ ਹੈ। ਉਨ੍ਹਾਂ ਆਸ ਪ੍ਰਗਟ ਕੀਤੀ ਕਿ ਪ੍ਰੈਸ ਕਲੱਬ ਫਗਵਾੜਾ ਚੰਗੀ ਪੱਤਰਕਾਰੀ ਦੀ ਮਿਸਾਲ ਬਣੇਗਾ। ਇਸ ਮੌਕੇ ਉਨ੍ਹਾਂ ਪ੍ਰੈਸ ਕਲੱਬ ਫਗਵਾੜਾ ਨੂੰ ਆਪਣੇ ਅਖਤਿਆਰੀ ਫੰਡ ਵਿੱਚੋਂ 2 ਲੱਖ ਰੁਪਏ ਦੀ ਵਿੱਤੀ ਰਾਸ਼ੀ ਦੇਣ ਦਾ ਵੀ ਐਲਾਨ ਕੀਤਾ।

ਇਸ ਮੌਕੇ ਸ੍ਰੀ ਸੋਮ ਪ੍ਰਕਾਸ਼ ਕੈਂਥ ਨੇ ਕਿਹਾ ਕਿ ਨਗਰ ਨਿਗਮ ਫਗਵਾੜਾ ਦੇ ਹੋਂਦ ਵਿੱਚ ਆਉਣ ਤੋਂ ਬਾਅਦ ਫਗਵਾੜਾ ਸ਼ਹਿਰ ਦੇ ਵਿਕਾਸ ਕਾਰਜਾਂ ਵਿੱਚ ਤੇਜ਼ੀ ਆਈ ਹੈ। ਉਨ੍ਹਾਂ ਦੱਸਿਆ ਕਿ ਨਗਰ ਨਿਗਮ ਫਗਵਾੜਾ ਦੀਆਂ ਮੁਹੱਲਾ ਸੈਨੀਟੇਸ਼ਨ ਕਮੇਟੀਆਂ ਦੇ 116 ਸਫਾਈ ਸੇਵਕਾਂ ਨੂੰ ਰੈਗੂਲਰ ਕੀਤਾ ਗਿਆ ਹੈ ਅਤੇ ਸੀਵਰਮੈਨਾਂ ਦੀ ਨਵੀਂ ਭਰਤੀ ਕਰਨ ਬਾਰੇ ਦਫਤਰੀ ਕਾਰਵਾਈ ਚਲ ਰਹੀ ਹੈ। ਉਨ੍ਹਾਂ ਦੱਸਿਆ ਨਗਰ ਨਿਗਮ ਦੇ ਦਫਤਰ ਲਈ ਨਵਾਂ ਕੰਪਲੈਕਸ ਤਿਆਰ ਕਰਨ ਲਈ ਯੋਜਨਾ ਬਣਾਈ ਜਾ ਰਹੀ ਹੈ। ਸ੍ਰੀ ਸੋਮ ਪ੍ਰਕਾਸ਼ ਕੈਂਥ ਨੇ ਦੱਸਿਆ ਕਿ ਫਗਵਾੜਾ ਸ਼ਹਿਰ ਦੇ ਵੱਖ-ਵੱਖ ਹਿੱਸਿਆ ਵਿੱਚ ਸੀਵਰੇਜ ਅਤੇ ਵਾਟਰ ਸਪਲਾਈ ਲਾਈਨ ਪਾਉਣ ਲਈ 17 ਕਰੋੜ 56 ਲੱਖ ਰੁਪਏ ਖਰਚ ਕੀਤੇ ਜਾ ਰਹੇ ਅਤੇ ਇਸ ਸਬੰਧੀ ਕੰਮ ਜ਼ੋਰ ਸ਼ੋਰ ਨਾਲ ਚਲ ਰਹੇ ਹਨ। ਇਸ ਤੋਂ ਇਲਾਵਾ 1 ਕਰੋੜ 10 ਲੱਖ ਰੁਪਏ ਦੀ ਲਾਗਤ ਬਾਬਾ ਗਧੀਆ, ਰਿਜੈਂਸੀ ਟਾਊਨ, ਲੇਬਰ ਕਲੋਨੀ, ਗੁਰੂ ਨਾਨਕ ਨਗਰ, ਪੁਰਾਣੀ ਸਬਜ਼ੀ ਮੰਡੀ, ਮਾਲ ਗੁਦਾਮ ਰੋਡ ਇਲਾਕਿਆਂ ਵਿੱਚ ਟਿਊਬਵੈੱਲ ਲਗਾਏ ਗਏ ਹਨ ਅਤੇ ਵਰਿੰਦਰਾ ਪਾਰਕ ਅਤੇ ਤੰਬਾਕੂ ਕੁੱਟਾਂ ਮੁਹੱਲਾ ਵਿੱਚ ਟਿਊਬਵੈੱਲ ਲਗਾਉਣ ਦਾ ਕੰਮ ਚਲ ਰਿਹਾ ਹੈ। ਇਸ ਮੌਕੇ ਦਵਿੰਦਰ ਸਪਰਾ, ਰਣਜੀਤ ਖੁਰਾਣਾ, ਸਰਬਜੀਤ ਕੌਰ, ਤੇਜਪਾਲ ਬਸਰਾ, ਬੀਰਾ ਰਾਮ ਬਲਜੋਤ, ਗਜਬੀਰ ਸਿੰਘ ਵਾਲੀਆ ਸਾਰੇ ਸਾਬਕਾ ਕੌਂਸਲਰ, ਕੇ.ਕੇ.ਸਰਦਾਨਾ, ਰਮੇਸ਼ ਸਚਦੇਵਾ ਭਾਜਪਾ ਆਗੂ, ਸੁਰਿੰਦਰ ਸਿੰਘ ਵਾਲੀਆ, ਪੰਕਜ ਚਾਵਲਾ, ਮਨਜਿੰਦਰ ਸਿੰਘ ਮੇਹਟ, ਓਮ ਪ੍ਰਕਾਸ਼ ਬਿੱਟੂ, ਮਨਿੰਦਰ ਚਾਚੋਕੀ, ਮਲਕੀਅਤ ਸਿੰਘ ਰਘਬੋਤਰਾ, ਟੀ. ਡੀ.ਚਾਵਲਾ, ਜੇ. ਐਸ. ਗੰਢਮ, ਹਰੀਪਾਲ ਸਿੰਘ, ਅਸ਼ਵਨੀ ਦਸੌਤ, ਛਵੀ ਭਾਸਕਰ, ਡਾ. ਰਮਨ, ਕੁਲਵੰਤ ਸਿੰਘ ਚਾਨਾ, ਰਾਕੇਸ਼ ਸੂਦ, ਅਸ਼ੋਕ ਵਾਲੀਆ, ਪੀ. ਪੀ.ਭੋਲਾ, ਵਿਜੈ ਛਾਬੜਾ, ਰਵਿੰਦਰ ਅਨੰਦ, ਰਾਜਾ, ਐਚ. ਐਸ. ਬਸਰਾ, ਅਮਨਦੀਪ, ਰਾਕੇਸ਼ ਕੁਮਾਰ, ਗਿਰਧਰ ਸ਼ਰਮਾ ਤੋਂ ਇਲਾਵਾ ਵੱਡੀ ਗਿਣਤੀ 'ਚ ਸ਼ਹਿਰ ਦੀਆਂ ਪ੍ਰਮੁੱਖ ਸਖਸ਼ੀਅਤਾਂ ਹਾਜ਼ਰ ਸਨ।



ਮੁੱਖ ਸੰਸਦੀ ਸਕੱਤਰ ਸੋਮ ਪ੍ਰਕਾਸ਼ ਕੈਂਥ, ਜਰਨੈਲ ਸਿੰਘ ਵਾਹਦ ਪ੍ਰੈਸ ਕਲੱਬ ਦਾ ਉਦਘਾਟਨ ਕਰਦੇ ਹੋਏ ਤੇ ਉਨ੍ਹਾਂ ਨਾਲ ਜਰਨਾਲਿਸਟ ਕਲੱਬ ਦੇ ਅਹੁਦੇਦਾਰ।

# ਬਸਪਾ ਖੁਰਾਕ ਸੁਰੱਖਿਆ ਯੋਜਨਾ ਦੀ ਸਿਧਾਂਤਕ ਤੌਰ 'ਤੇ ਹਮਾਇਤੀ- ਮਾਇਆਵਤੀ

ਲਖਨਊ- ਬਹੁਜਨ ਸਮਾਜ ਪਾਰਟੀ (ਬਸਪਾ) ਮੁਖੀ ਮਾਇਆਵਤੀ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਕੇਂਦਰ ਸਰਕਾਰ ਵੱਲੋਂ ਪ੍ਰਸਤਾਵਤ ਖੁਰਾਕ ਸੁਰੱਖਿਆ ਯੋਜਨਾ ਦੀ ਸਿਧਾਂਤਕ ਤੌਰ 'ਤੇ ਹਮਾਇਤੀ ਹੈ ਪਰ ਸਰਕਾਰ ਨੇ ਜਿਸ ਤਰ੍ਹਾਂ ਜਲਦਬਾਜ਼ੀ ਕਰਦੇ ਹੋਏ ਇਸ ਸੰਬੰਧ 'ਚ ਆਰਡੀਨੈਂਸ ਜਾਰੀ ਕੀਤਾ ਉਹ ਗਲਤ ਹੈ। ਮਾਇਆਵਤੀ ਨੇ



ਇੱਥੇ ਪ੍ਰੈੱਸ ਕਾਨਫਰੰਸ 'ਚ ਇਕ ਸਵਾਲ 'ਤੇ ਕਿਹਾ ਕਿ ਸੁਪਰੀਮ ਕੋਰਟ ਨੇ ਕਰੀਬ ਸਵਾ 2 ਸਾਲ ਪਹਿਲਾਂ ਕੇਂਦਰ ਸਰਕਾਰ ਨੂੰ ਕਿਹਾ ਸੀ ਕਿ ਦੇਸ਼ 'ਚ ਅਨਾਜ ਦੀ ਕੋਈ ਕਮੀ ਨਹੀਂ ਹੈ ਅਤੇ ਉਸ ਦੇ ਸੰਪੂਰਨ ਭੰਡਾਰਨ ਦੀ ਵਿਵਸਥਾ ਨਾ ਹੋਣ ਕਾਰਨ ਉਹ ਸੜ ਰਿਹਾ ਹੈ। ਉਸ ਅਨਾਜ ਨੂੰ ਅਜਿਹਾ ਲੋਕਾਂ ਨੂੰ ਵੰਡ ਦਿੱਤਾ ਜਾਵੇ ਜੋ ਭੁੱਖੇ ਮਰ ਰਹੇ ਹਨ। ਉਨ੍ਹਾਂ ਨੇ ਕਿਹਾ ਪਰ ਦੁੱਖ ਦੀ ਗੱਲ ਹੈ ਕਿ ਸਵਾ ਦੋ ਸਾਲ ਤੱਕ ਕੇਂਦਰ ਇਸ ਮਾਮਲੇ 'ਚ ਚੁੱਪ ਰਿਹਾ। ਹੁਣ ਉਹ ਖੁਰਾਕ ਸੁਰੱਖਿਆ ਯੋਜਨਾ ਲੈ ਕੇ ਆਇਆ ਹੈ। ਸਾਡੀ ਪਾਰਟੀ ਸਿਧਾਂਤਕ ਤੌਰ 'ਤੇ ਇਸ ਦੀ ਹਮਾਇਤੀ ਹੈ।''

ਬਸਪਾ ਮੁਖੀ ਨੇ ਕਿਹਾ ਪਰ ਖੁਰਾਕ ਸੁਰੱਖਿਆ ਸੰਬੰਧੀ ਯੋਜਨਾ ਨੂੰ ਜਿਸ ਤਰੀਕੇ ਨਾਲ ਜਲਦਬਾਜ਼ੀ 'ਚ ਆਰਡੀਨੈਂਸ ਦੇ ਤੌਰ 'ਤੇ ਲਿਆਂਦਾ ਗਿਆ ਹੈ, ਉਹ ਸਹੀ ਤਰੀਕਾ ਨਹੀਂ ਹੈ, ਜੇਕਰ ਇਸ ਨੂੰ ਸਹੀ ਤਰੀਕੇ ਨਾਲ ਲਿਆਂਦਾ ਗਿਆ ਹੁੰਦਾ, ਸੰਸਦ 'ਚ ਚਰਚਾ ਹੁੰਦੀ ਤਾਂ ਕੁਝ ਚੰਗੇ ਸੁਝਾਅ ਆਉਂਦੇ ਪਰ ਫਿਰ ਵੀ ਦੇਰ ਆਏ ਦਰੁਸਤ ਆਏ।'' ਕਾਂਗਰਸ ਨੇਤਾਵਾਂ ਵੱਲੋਂ ਪੰਜ ਰੁਪਏ ਅਤੇ 12 ਰੁਪਏ 'ਚ ਭਰ ਪੇਟ ਭੋਜਨ ਉਪਲੱਬਧ ਹੋਣ ਦੇ ਬਿਆਨ 'ਤੇ ਮਾਇਆਵਤੀ ਨੇ ਕਿਹਾ,''ਮੈਨੂੰ ਲੱਗਦਾ ਹੈ ਕਿ ਉਨ੍ਹਾਂ ਲੋਕਾਂ ਨੇ ਕਦੇ ਗਰੀਬੀ ਨਹੀਂ ਦੇਖੀ। ਜੇਕਰ ਉਨ੍ਹਾਂ ਨੇ ਦੇਖੀ ਹੁੰਦੀ ਹੈ ਤਾਂ ਉਹ ਅਜਿਹੀ ਗੱਲ ਨਹੀਂ ਕਰਦੇ। ਜਿਸ ਤਰ੍ਹਾਂ ਹਰ ਖੇਤਰ 'ਚ ਮਹਿੰਗਾਈ ਵਧੀ ਹੈ ਅਤੇ ਉਸ ਕਾਰਨ ਗਰੀਬਾਂ ਦੀ ਜੋ ਹਾਲਤ ਖਰਾਬ ਹੈ, ਉਸ ਨੂੰ ਦੇਖਦੇ ਹੋਏ ਇਹ ਬਿਆਨ ਬਹੁਤ ਭੱਦਾ ਮਜ਼ਾਕ ਹੈ, ਅਸੀਂ ਇਸ ਦੀ ਨਿੰਦਾ ਕਰਦੇ ਹਾਂ।''

# ਮੇਲਾ ਤੀਆਂ ਦਾ

ਸੱਭਿਆਚਾਰ ਕਿਸੇ ਕੌਮ ਦੀ ਖਾਸ ਪਹਿਚਾਣ ਹੋਇਆ ਕਰਦਾ ਹੈ। ਦੁਨੀਆਂ ਭਰ ਦੇ ਦੇਸ਼ਾਂ, ਸੂਬਿਆਂ, ਸ਼ਹਿਰਾਂ, ਨਗਰਾਂ, ਪਿੰਡਾਂ ਅਤੇ ਭਾਰਤ ਵਰਗੇ ਬਹੁ-ਕੌਮੀ ਦੇਸ਼ ਵਿਚ ਇਸ ਤੋਂ ਹੋਰ ਅਗਲੇ ਪੱਧਰ ਤੇ ਛੋਟੀਆਂ ਇਕਾਈਆਂ ਦਾ ਸਭਿਆਚਾਰ ਵੱਖ ਵੱਖ ਹੈ। ਹਰ ਪਿੰਡ ਵਿਚ ਹੀ ਸਭਿਆਚਾਰ ਦੇ ਵੱਖ ਵੱਖ ਰੂਪ ਦੇਖਣ ਵਿਚ ਆਉਂਦੇ ਹਨ। ਦੁਨੀਆਂ ਦੇ ਇਕ ਪਿੰਡ ਬਣ ਜਾਣ ਦੀ ਗਤੀ ਵਿਚ ਤੇਜ਼ੀ ਕਰਕੇ ਕੁਝ ਸੱਭਿਆਚਾਰ ਅੰਸ਼ਕ ਤੌਰ ਤੇ ਦੂਜਿਆਂ ਦੇਸ਼ਾਂ, ਸਭਿਆਚਾਰਾਂ ਦੇ ਪ੍ਰਭਾਵ ਕਬੂਲ ਕਰਦੇ ਹੋਏ ਕੁਝ ਰਵਾਇਤਾਂ ਦੀ ਸਾਂਝ ਜ਼ਰੂਰ ਪਾ ਰਹੇ ਹਨ। ਪੰਜਾਬੀ ਆਪਣੇ ਸੁਭਾਅ ਮੁਤਾਬਕ ਆਪਣੇ ਵਿਰਸੇ ਅਤੇ ਸਭਿਆਚਾਰ ਦੀ ਵਿਲੱਖਣਤਾ ਅਤੇ ਅਮੀਰੀ ਰੱਖਦੇ ਹਨ। ਇਸੇ ਕਰਕੇ ਦੁਨੀਆਂ ਭਰ ਦੇ ਲੋਕ ਪੰਜਾਬੀ ਸਭਿਆਚਾਰ ਪ੍ਰਤੀ ਲਗਾਅ ਰੱਖਦੇ ਹਨ ਤੇ ਇਸ ਨੂੰ ਪਸੰਦ ਕਰਦੇ ਹਨ।

ਦੁਨੀਆਂ ਭਰ ਵਿਚ ਵੱਸੇ ਪੰਜਾਬੀ ਵਿਦੇਸ਼ੀ ਸਭਿਆਚਾਰਾਂ ਵਿਚ ਰਹਿੰਦੇ ਹੋਏ ਵੀ ਆਪਣੀ ਸਭਿਆਚਾਰ ਪ੍ਰਤੀ ਵਫ਼ਾਦਾਰੀ ਅਤੇ ਚੇਤਨਤਾ ਰੱਖਦੇ ਹਨ। ਪੰਜਾਬੀ ਵਿਰਸੇ ਅਤੇ ਸੱਭਿਆਚਾਰ ਦੀ ਸੇਵਾ ਲਈ ਤਨਦੇਹੀ ਨਾਲ ਜੁਟੇ ਹੋਏ ਫਰਵਾਲਾ ਪਰਿਵਾਰ ਦਾ ਯੋਗਦਾਨ ਹੋਰ ਵੀ ਵਡਮੁੱਲਾ ਹੈ। ਅਮਰੀਕਾ ਦੀ ਧਰਤੀ ਤੇ ਕੈਲੇਫੋਰਨੀਆ ਵਿਚ ਸੈਕਰਾਮੈਂਟੋ/ਐਲਕ ਗਰੋਵ ਵਿਚ ਰਸ਼ਪਾਲ ਫਰਵਾਲਾ ਅਤੇ ਉਹਨਾਂ ਦੀ ਧਰਮ ਪਤਨੀ ਮਨਦੀਪ ਫਰਵਾਲਾ ਦੀ ਸੁਯੋਗ ਅਗਵਾਈ ਵਿਚ ਵੱਡੇ ਉਦਮ ਅਤੇ ਉਪਰਾਲੇ ਸੱਭਿਆਚਾਰ ਨੂੰ ਵਿਦੇਸ਼ੀ ਧਰਤੀ 'ਚ ਆਪਣੀਆਂ ਅਗਲੀਆਂ ਪੀੜ੍ਹੀਆਂ ਤੱਕ ਪਹੁੰਚਾਉਣ ਲਈ ਕੀਤੇ ਜਾਂਦੇ ਹਨ। ਰਸ਼ਪਾਲ ਫਰਵਾਲਾ ਦੇ ਉਤਸ਼ਾਹੀ ਸੁਭਾਅ ਦੀ ਅਗਵਾਈ 'ਚ ਵਿਸਾਖੀ ਦਾ ਨਿਰੋਲ ਸਭਿਆਚਾਰਕ ਮੇਲਾ, ਜਿਸ ਦੀ ਅਗਲੇ ਵਰ੍ਹੇ ਸਿਲਵਰ ਜੁਬਲੀ ਮਨਾਈ ਜਾ ਰਹੀ ਹੈ। ਲਗਾਤਾਰ ਚੌਵੀ ਸਾਲ ਤੋਂ ਇਸ ਮੇਲੇ ਦਾ ਸਫਲ ਆਯੋਜਨ ਹੋ ਰਿਹਾ ਹੈ। ਇਸ ਵਿਚ ਸ਼ਿਰਕਤ ਕਰਨ ਵਾਲੇ ਕਲਾਕਾਰ ਵੀ ਸੱਚਮੁਚ ਹੀ ਸੇਵਾ ਕਰਦੇ ਹੋਏ ਮੁਫ਼ਤ ਵਿਚ ਹੀ ਆਪਣੀ ਹਾਜ਼ਰੀ ਲਵਾਉਂਦੇ ਹਨ। ਪੀ. ਸੀ. ਐਸ. ਬੈਨਰ ਵਾਲੀ ਇਸ ਜਥੇਬੰਦੀ ਦਾ ਇਹ ਸ਼ਲਾਘਾਯੋਗ ਕਦਮ ਹੈ।

ਇਸ ਅਧਿਆਇ ਦੀ ਅਗਲੀ ਕੜੀ ਵਿਚ ਰਸ਼ਪਾਲ ਫਰਵਾਲਾ ਦੀ ਪਤਨੀ ਮਨਦੀਪ ਫਰਵਾਲਾ ਦਾ ਨਾਮ ਤੀਆਂ ਦੇ ਲਗਾਤਾਰ ਚੌਦਾਂ ਸਾਲ ਤੋਂ ਸਫਲ ਮੇਲੇ ਲਗਾਉਣ ਕਰਕੇ ਸਭਿਆਚਾਰ ਦੇ ਰਖਵਾਲਿਆਂ ਦੀ ਮੋਹਰਲੀ ਕਤਾਰ ਵਿਚ ਸ਼ੁਮਾਰ ਹੈ। ਇਸ ਵਾਰ ਤੀਆਂ ਦੇ ਮੇਲੇ ਦੀਆਂ ਤਿਆਰੀਆਂ ਪਹਿਲਾਂ ਦੀ ਤਰ੍ਹਾਂ ਉਹਨਾਂ ਦੇ ਨਿਵਾਸ ਸਥਾਨ ਤੇ ਸਵਾ ਮਹੀਨਾ ਪਹਿਲਾਂ ਹੀ ਸ਼ੁਰੂ ਹੋ ਚੁੱਕੀਆਂ ਹਨ। ਹਰ ਰੋਜ਼ ਵਿਆਹ ਗੁਜ਼ਰਦਾ ਹੈ। ਬਜ਼ੁਰਗਾਂ, ਜਵਾਨਾਂ ਅਤੇ ਬੱਚਿਆਂ ਵਿਚ ਪੀੜ੍ਹੀ ਪਾੜੇ ਨੂੰ ਘੱਟ ਕਰਕੇ ਤਾਲਮੇਲ ਦੀ ਮਜ਼ਬੂਤ ਡੋਰ ਬੱਝਦੀ ਹੈ। ਪੁਰਾਣੇ ਸਮੇਂ ਦੇ ਲੋਕ ਗੀਤਾਂ, ਘੋੜੀਆਂ, ਸੁਹਾਗ, ਟੱਪੇ, ਦੋਹੇ, ਬੋਲੀਆਂ, ਸਿੱਠਣੀਆਂ, ਗਿੱਧਾ, ਭੰਗੜਾ (ਜੋ ਹੁਣ ਕੁੜੀਆਂ ਵਿਚ ਪ੍ਰਚੱਲਿਤ ਹੈ), ਤ੍ਰਿੰਝਣ ਦੀ ਰੀਤ ਦੀ ਨਦੀ ਬਜ਼ੁਰਗਾਂ ਤੋਂ ਜਵਾਨਾਂ ਅਤੇ ਜਵਾਨਾਂ ਤੋਂ ਬੱਚਿਆਂ ਵੱਲ ਵਗਦੀ ਹੈ। ਇਸ ਸਾਰੀ ਤਿਆਰੀ ਦਾ ਨਤੀਜਾ ਸਿਰਫ ਔਰਤਾਂ ਦੇ ਤੀਆਂ ਦੇ ਮੇਲੇ ਦੇ ਬਹੁਤ ਵੱਡੇ ਮੰਚ ਤੇ ਪੇਸ਼ਕਾਰੀਆਂ ਦੇ ਰੂਪ ਵਿਚ ਦਰਸ਼ਕਾਂ ਨੂੰ ਦੰਦਾਂ ਹੇਠ ਉਂਗਲਾਂ ਦਬਾਉਣ ਅਤੇ ਚਾਅ ਵਿਚ ਕਿਲਕਾਰੀਆਂ ਅਤੇ ਤਾੜੀਆਂ ਮਾਰਨ ਲਈ ਮਜਬੂਰ ਕਰ ਦੇਵੇਗਾ। ਖੂਬ ਧਮਾਲਾਂ ਪੈਣਗੀਆਂ। ਹਰ ਵੱਖਰਾ ਗਰੁੱਪ ਇਕ ਦੂਜੇ ਤੋਂ ਵੱਧ ਕੇ ਆਪਣੀ ਕਲਾ ਦਾ ਮੁਜ਼ਾਹਾਰਾ ਕਰੇਗਾ। ਵਿਸ਼ਾਲ ਮੰਚ ਦੇ ਕੈਨਵਸ ਤੇ ਚਿੱਤਰੇ ਪੇਂਡੂ ਮਾਹੌਲ ਨੂੰ ਦੇਖ ਕੇ ਆਪਣੇ ਆਪ ਨੂੰ ਪੰਜਾਬ ਵਿਚ ਹੀ ਮਹਿਸੂਸ ਕੀਤਾ ਜਾ ਸਕਦਾ ਹੈ ਤੇ ਪੇਸ਼ਕਾਰੀਆਂ ਸੋਨੇ ਤੇ ਸੁਹਾਗੇ ਦੀ ਗੱਲ।

ਅਮਰੀਕਾ ਦੀ ਧਰਤੀ ਤੇ ਇਸ ਮੇਲੇ ਦਾ ਵੱਖਰਾ ਆਨੰਦ ਉਪਜਦਾ ਹੈ। ਇਹ ਮੇਲਾ ਹਰ ਪੇਂਡੂ ਪੰਜਾਬੀ ਮੇਲੇ ਵਾਂਗ ਪੂਰਾ ਭਰਦਾ ਹੈ। ਆਪਣੇ ਸਭਿਆਚਾਰ ਤੋਂ ਅਣਜਾਣ ਪੀੜ੍ਹੀ ਵੀ ਇਸ ਨੂੰ ਜਾਣ ਕੇ, ਸੁਚੇਤ ਰੂਪ ਵਿਚ ਵਿੱਚਰਨ ਵਿਚ ਸਫਲ ਹੋ ਰਹੀ ਹੈ। ਇਸ ਨੂੰ ਮਾਣ ਕੇ ਮਾਣ ਮਹਿਸੂਸ ਕਰਦੀ ਹੈ।

ਪੰਜਾਬੀ ਸਭਿਆਚਾਰ ਨੂੰ ਸਮਰਪਿਤ ਤੇ ਪਰਣਾਈ ਹੋਈ ਫਰਵਾਲਾ ਜੋੜੀ, ਜੱਗ ਦੀਆਂ ਥੋੜ੍ਹੀਆਂ ਜੋੜੀਆਂ ਵਿਚੋਂ ਇਕ ਹੈ ਅਤੇ ਇਹ ਸੇਵਾ ਨਿਭਾਅ ਕੇ ਆਪਣਾ ਜੀਵਨ ਸਫਲ ਬਣਾ ਰਹੀ ਹੈ।

ਤੀਆਂ ਦੇ ਇਸ ਮੇਲੇ ਨੂੰ ਸਫਲ ਬਣਾਉਣ ਲਈ ਮਨਦੀਪ ਫਰਵਾਲਾ ਅਤੇ ਉਸਦੀਆਂ ਸੁੱਘੜ ਸਾਥਣਾਂ ਰਸ਼ਪਾਲ ਪਰਿਹਾਰ, ਬਲਦੇਵ ਕੌਰ, ਪਰਦੀਪ ਪੂੰਨੀ, ਪਰਮਜੀਤ ਔਲਖ, ਭਵਨਦੀਪ ਗਿੱਲ, ਪਰਮਜੀਤ, ਰਾਣੀ ਸਰਹੱਦੀ, ਅਮਨ ਗਰੇਵਾਲ, ਦਲਜੀਤ ਗਿੱਲ, ਜਸਮੀਨ ਕੌਰ, ਕਮਲ ਢਿੱਲੋਂ, ਰਾਜਵੀਰ ਕੌਰ, ਮੀਨਾ ਸਿਮਰਨ, ਰਾਜਵੀਰ ਰਹੇਲ, ਰੋਜ਼ੀ ਸਿੱਧੂ, ਮਨਜੀਤ ਗਰੇਵਾਲ, ਇੰਦਰਪਾਲ ਕਾਹਲੋਂ ਬਤੌਰ ਆਰਗੇਨਾਈਜ਼ਰ ਮੇਲੇ ਨੂੰ ਕਾਮਯਾਬ ਬਣਾਉਣ ਲਈ ਮੋਢੇ ਨਾਲ ਮੋਢਾ ਜੋੜ ਕੇ ਤੁਰਦੀਆਂ ਹਨ। ਇਸ ਵਾਰ ਮੇਲੇ ਨੂੰ ਸਫਲਤਾ ਪੂਰਵਕ ਨੇਪਰੇ ਚਾੜ੍ਹਨ ਲਈ ਦਰਜ-ਬ-ਦਰਜਾ ਸਭ ਨੇ ਮਿਹਨਤ ਕੀਤੀ ਹੈ ਤੇ ਰੰਗ ਵੀ ਚੋਖਾ ਲਿਆਵੇਗੀ। -ਆਮੀਨ

# ਮੋਦੀ ਤੇ ਹਮਲਿਆਂ ਕਾਰਨ ਭਾਜਪਾ 'ਚ ਬੁਖਲਾਹਟ




ਗੁਜਰਾਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਨੂੰ ਭਾਜਪਾ ਵਲੋਂ 2014 ਦੀਆਂ ਲੋਕ ਸਭਾ ਚੋਣਾਂ ਲਈ ਬਣਾਈ ਗਈ ਚੋਣ ਪ੍ਰਚਾਰ ਕਮੇਟੀ ਦਾ ਮੁਖੀ ਬਣਾਏ ਜਾਣ ਦੇ ਨਾਲ ਹੀ ਮੋਦੀ ਦੀ ਦੇਸ਼ ਭਰ ਵਿੱਚ ਹੋ ਰਹੀ ਅਲੋਚਨਾ ਤੋਂ ਭਾਜਪਾ ਨੇਤਾ ਬੁਖਲਾ ਗਏ ਜਾਪਦੇ ਹਨ। ਨਰਿੰਦਰ ਮੋਦੀ ਅਸਲ ਵਿੱਚ ਸੈਕੁਲਰਿਜ਼ਮ ਵਿਰੋਧੀ ਤਾਕਤਾਂ ਦਾ ਅਸਲ ਚਿਹਰਾ ਹੋਣ ਕਾਰਣ ਉਨ੍ਹਾਂ ਦੀ ਅਜੇਹੀ ਅਲੋਚਨਾ ਹੋਣੀ ਕੁਦਰਤੀ ਹੈ। ਹਾਲੇ ਤਾਂ ਭਾਜਪਾ ਨੇ ਉਨ੍ਹਾਂ ਨੂੰ ਭਾਜਪਾ ਵਲੋਂ ਪ੍ਰਧਾਨ ਮੰਤਰੀ ਪਦ ਦੇ ਉਮੀਦਵਾਰ ਵਜੋਂ ਮੈਦਾਨ ਵਿੱਚ ਉਤਾਰਿਆ ਜਾਣਾ ਬਾਕੀ ਹੈ। ਗੁਜਰਾਤ ਵਿੱਚ 2002 ਵਿੱਚ ਗੋਧਰਾ ਕਾਂਡ ਪਿਛੋਂ ਜੋ ਘਟਗਿਣਤੀਆਂ ਉਤੇ ਬੀਤੀ ਉਸ ਲਈ ਨਰਿੰਦਰ ਮੋਦੀ ਹੀ ਜ਼ਿੰਮੇਵਾਰ ਹਨ। ਘਟਗਿਣਤੀਆਂ ਉਤੇ ਹੋਏ ਜ਼ੁਲਮ ਤਸ਼ਦਦ ਦੀ ਪੜਤਾਲ ਲਈ ਸੁਪਰੀਮ ਕੋਰਟ ਵਲੋਂ ਬਣਾਈ ਗਈ ਵਿਸ਼ੇਸ਼ ਜਾਂਚ ਟੀਮ ਨੇ ਤਕਨੀਕੀ ਕਾਰਣਾਂ ਕਰਕੇ ਉਨ੍ਹਾਂ ਨੂੰ ਦੋਸ਼ੀ ਨਹੀਂ ਮੰਨਿਆ ਪਰ ਸਾਰਾ ਜੱਗ ਜਾਣਦਾ ਹੈ ਕਿ ਮੁੱਖ ਮੰਤਰੀ ਹੋਣ ਦੇ ਨਾਤੇ ਰਾਜ ਦੇ ਨਾਗਰਿਕਾਂ ਦੀ ਜਾਨ ਤੇ ਮਾਲ ਦੀ ਰੱਖਿਆ ਮੁਖ ਮੰਤਰੀ ਦੀ ਸੰਵਿਧਾਨਕ ਜ਼ਿੰਮੇਵਾਰੀ ਹੈ।

ਭਾਰਤੀ ਮੂਲ ਦੇ ਅਮਰੀਕੀ ਨਾਗਰਿਕ ਅਮਰਿਤਿਆ ਸੇਨ ਜੋ ਕਿ ਨੌਬਲ ਪੁਰਸਕਾਰ ਪ੍ਰਾਪਤ ਹਨ ਅਤੇ ਵਿਸ਼ਵ ਪੱਧਰ ਦੇ ਅਰਥ ਸ਼ਾਸ਼ਤਰੀ ਹਨ, ਸਾਰੇ ਭਾਰਤ ਨੂੰ ਉਨ੍ਹਾਂ ਦੀਆਂ ਪ੍ਰਾਪਤੀਆਂ ਤੇ ਮਾਣ ਹੈ ਇਸੇ ਕਰਕੇ ਹੀ ਐਨ.ਡੀ.ਏ ਸਰਕਾਰ ਨੇ ਹੀ ਉਨ੍ਹਾਂ ਨੂੰ ਭਾਰਤ ਰਤਨ ਨਾਲ ਨਿਵਾਜਿਆ ਸੀ। ਪਿਛੇ ਜਹੇ ਜਦ ਅਮਰਿਤਿਆ ਸੇਨ ਨੇ ਇਕ ਪੁਸਤਕ ਰਲੀਜ਼ ਸਮਾਗਮ ਵਿੱਚ ਇਹ ਆਖ ਦਿੱਤਾ ਕਿ ਮੋਦੀ ਨੂੰ ਪ੍ਰਧਾਨ ਮੰਤਰੀ ਨਹੀਂ ਬਣਾਇਆ ਜਾਣਾ ਚਾਹੀਦਾ ਕਿਉਂਕਿ ਉਹ 2002 ਵਿੱਚ ਘਟਗਿਣਤੀਆਂ ਦੀ ਰੱਖਿਆ ਨਹੀਂ ਕਰ ਸਕੇ ਤਾਂ ਭਾਜਪਾਈ ਨੇਤਾ ਪਿੱਟ ਉਠੇ ਅਤੇ ਬੁਲਾਹਟ ਵਿੱਚ ਇਥੋ ਤੱਕ ਆਖਣ ਲੱਗ ਪਏ ਕਿ ਸੇਨ ਤੋਂ ਭਾਰਤ ਰਤਨ ਵਾਪਸ ਲਿਆ ਜਾਵੇ। ਕੁਝ ਕਹਿਣ ਲਗ ਪਏ ਕਿ ਐਨ.ਡੀ.ਏ. ਸਰਕਾਰ ਬਣਨ ਤੇ ਉਨ੍ਹਾਂ ਤੋਂ ਭਾਰਤ ਰਤਨ ਦਾ ਖਿਤਾਬ ਵਾਪਿਸ ਲਿਆ ਜਾਵੇਗਾ। ਇਸ ਘਟਨਾ ਨਾਲ ਭਾਜਪਾ ਦੀ ਸੈਕੁਰਰਿਜ਼ਮ ਵਿਰੋਧੀ ਆਤਮਾ ਨੰਗੀ ਹੋ ਗਈ। ਹਾਲਾਂਕਿ ਬਾਅਦ ਵਿੱਚ ਭਾਜਪਾ ਨੇਤਾਵਾਂ ਨੇ ਸੌਰੀ ਆਖ ਦਿੱਤਾ ਪਰ ਇਕ ਗੱਲ ਸਾਫ ਹੋ ਗਈ ਕਿ ਉਸਦੀ ਆਤਮਾ ਕਿੰਨੀ ਸੈਕੁਲਰਿਜ਼ਮ ਵਿਰੋਧੀ ਹੈ। ਭਾਰਤ ਇਕ ਲੋਕਤੰਤਰਕ ਅਤੇ ਸੈਕੁਲਰ ਦੇਸ਼ ਹੈ ਜਿਸ ਵਿੱਚ ਹਰ ਵਿਅਕਤੀ ਨੂੰ ਆਪਣੀ ਰਾਏ ਦੇਣ ਦੀ ਆਜ਼ਾਦੀ ਹੈ। ਇਸ ਘਟਨਾ ਤੋਂ ਸਾਬਤ ਹੋ ਗਿਆ ਹੈ ਕਿ ਜੇਕਰ ਐਨ.ਡੀ.ਏ. ਸਰਕਾਰ ਆਈ ਤਾਂ ਲੋਕਾਂ ਦੀ ਬੋਲਣ ਅਤੇ ਲਿਖਣ ਦੀ ਆਜ਼ਾਦੀ ਦਾ ਕੀ ਹਸ਼ਰ ਹੋਵੇਗਾ।

ਮੋਦੀ ਨੂੰ ਭਾਜਪਾ ਵਲੋਂ 2014 ਦੀਆਂ ਲੋਕ ਸਭਾ ਚੋਣਾ ਲਈ ਪਾਰਟੀ ਦੀ ਪ੍ਰਚਾਰ ਕਮੇਟੀ ਦਾ ਮੁਖੀ ਬਣਾਉਣ ਤੇ ਮਸੀਹੀ ਸੰਸਾਰ ਨੇ ਲਿਖਿਆ ਸੀ ਕਿ ਮੋਦੀ ਸੈਕੁਲਰਿਜ਼ਮ ਵਿਰੋਧੀ ਤਾਕਤਾਂ ਦਾ ਚਿਹਰਾ ਹਨ। ਇਸ ਕਰਕੇ 2014 ਦੀਆਂ ਲੋਕ ਸਭਾ ਚੋਣਾਂ ਵਿੱਚ ਮਹਿੰਗਾਈ ਅਤੇ ਭ੍ਰਿਸ਼ਟਾਚਾਰ ਦੇ ਮੁੱਦੇ ਪਿਛੇ ਰਹਿ ਜਾਣਗੇ ਅਤੇ ਇਹ ਲੜਾਈ ਸੈਕੁਲਰ ਅਤੇ ਸੈਕੁਰਰਿਜ਼ਮ ਵਿਰੋਧੀ ਤਾਕਤਾਂ ਦੀ ਲੜਾਈ ਬਣ ਕੇ ਰਹਿ ਜਾਵੇਗੀ। ਭਾਜਪਾ ਦੇ ਸੀਨੀਅਰ ਨੇਤਾ ਜਸਵੰਤ ਸਿਨਹਾ ਦੇ ਤਾਜ਼ਾ ਬਿਆਨ ਤੋਂ ਇਹ ਸਪਸ਼ਟ ਹੋ ਗਿਆ ਹੈ ਕਿ ਜਿਨ੍ਹਾਂ ਮੁਦਿਆਂ ਤੇ ਭਾਜਪਾ ਨੇ ਯੂ.ਪੀ.ਏ ਵਿਰੁਧ ਚੋਣ ਲੜਨੀ ਸੀ, ਉਹ ਪਿਛੇ ਰਹਿ ਗਏ ਹਨ।

ਫਿਲਮ ਐਕਟਰ ਸ਼ਤਰੂਘਨ ਜੋ ਭਾਜਪਾ ਦੇ ਐਮ.ਪੀ. ਹਨ ਨੇ ਇਹ ਆਖ ਕੇ ਇਹ ਸਾਬਤ ਕਰ ਦਿੱਤਾ ਹੈ ਕਿ ਭਾਜਪਾ ਵਿੱਚ ਮੋਦੀ ਦੇ ਮੁੱਦੇ ਤੇ ਫੁੱਟ ਹੈ। ਮਸੀਹੀ ਸੰਸਾਰ ਨੇ ਪਿਛੇ ਜਹੇ ਲਿਖਿਆ ਸੀ ਕਿ ਭਾਜਪਾ ਵਿੱਚ ਅੰਦਰੂਨੀ ਫੁੱਟ ਗੰਭੀਰ ਹੋ ਗਈ ਹੈ। ਸ਼ਤਰੂਘਨ ਸਿਨਹਾ ਵਲੋਂ ਖੁਲ੍ਹੇ ਤੌਰ ਤੇ ਮੋਦੀ ਦੇ ਵਿਰੋਧ ਤੋਂ ਇਹ ਗੱਲ ਖੁਲ ਕੇ ਸਾਮਣੇ ਆ ਗਈ ਹੈ।




ਸ਼ਤਰੂਘਨ ਸਿਨਹਾ ਵਿਰੁਧ ਅਨੁਸ਼ਾਸਨੀ ਕਾਰਵਾਈ ਨਾ ਕਰਨ ਦਾ ਭਾਜਪਾ ਦਾ ਐਲਾਨ ਸਾਬਤ ਕਰਦਾ ਹੈ ਕਿ ਭਾਜਪਾ ਅੰਦਰੂਨੀ ਫੁੱਟ ਦੀ ਭਿਆਨਕਤਾ ਨੂੰ ਭਾਂਪ ਗਈ ਹੈ ਅਤੇ ਫੁੱਟ ਉੱਤੇ ਕਾਬੂ ਪਾਉਣਾ ਉਸ ਦੇ ਵੱਸ ਦੀ ਗੱਲ ਨਹੀਂ।

ਪਾਰਲੀਮੈਂਟ ਦੇ 65 ਮੈਂਬਰ ਵਲੋਂ ਅਮਰੀਕਾ ਨੂੰ ਲਿਖੇ ਇਸ ਪੱਤਰ ਨਾਲ ਕਿ ਮੋਦੀ ਨੂੰ ਅਮਰੀਕਾ ਵੀਜ਼ਾ ਨਾ ਦੇਵੇ ਵੀ ਭਾਜਪਾ ਵਿੱਚ ਬੁਖਲਾਹਟ ਪੈਦਾ ਹੋ ਗਈ ਹੈ ਤੇ ਉਸਨੇ ਇਸ ਨੂੰ ਸੰਸਦੀ ਮਰਯਾਦਾ ਦੀ ਉਲੰਘਣਾ ਦਾ ਇਸ਼ੂ ਬਣਾ ਦਿੱਤਾ ਹੈ। ਅਸਲ ਵਿੱਚ ਇਹ ਪੱਤਰ ਪਿਛਲੀ ਨਵੰਬਰ ਵਿੱਚ ਵੀ ਅਮਰੀਕਾ ਨੂੰ ਭੇਜਿਆ ਗਿਆ ਸੀ, ਉਸ ਸਮੇਂ ਇਹ ਮਰਯਾਦਾ ਦਾ ਈਸ਼ੂ ਨਹੀਂ ਸੀ? ਮੋਦੀ ਨੂੰ ਚੋਣ ਪ੍ਰਚਾਰ ਕਮੇਟੀ ਦਾ ਮੁਖੀ ਬਣਾਏ ਜਾਣ ਤੇ ਹੀ ਇਹ ਮਸਲਾ ਕਿਉਂ ਮਰਯਾਦਾ ਦਾ ਈਸ਼ੂ ਬਣ ਗਿਆ ਹੈ? ਅਸਲ ਵਿੱਚ ਅਮਰੀਕਾ ਦੀ ਵਿਦੇਸ਼ ਨੀਤੀ ਦਾ ਆਧਾਰ ਧਾਰਮਿਕ ਸਹਿਣਸ਼ੀਲਤਾ ਹੈ। ਉਹ ਹਰ ਸਾਲ ਭਾਰਤ ਸਮੇਤ ਸੰਸਾਰ ਦੇ ਸਾਰੇ ਦੇਸ਼ਾਂ ਵਿੱਚ ਮੌਜੂਦ ਧਾਰਮਿਕ ਸਹਿਣਸ਼ੀਲਤਾ ਦੀ ਸਥਿਤੀ ਦੀ ਆਲੋਚਨਾ ਕਰਦਾ ਹੈ। ਕੀ ਉਦੋਂ ਇਹ ਭਾਰਤ ਦਾ ਅਦੰਰੂਨੀ ਮਸਲਾ ਨਹੀਂ ਹੁੰਦਾ? ਉੜੀਸਾ ਵਿੱਚ ਗਰਾਹਮ ਸਟੇਨਜ਼ ਦੀ ਹੱਤਿਆ ਦੇ ਦੋਸ਼ੀ ਨਾ ਫੜੇ ਜਾਣ ਤੇ ਉਸ ਸਮੇਂ ਦੇ ਅਮਰੀਕਾ ਦੇ ਰਾਸ਼ਟਰਪਤੀ ਕਲੰਟਿਨ ਦੀ ਪਤਨੀ ਹਲੇਰੀ ਕਲੰਟਿਨ ਦੇ ਦਬਾਅ ਹੇਠ ਹੀ ਐਨ.ਡੀ.ਏ. ਸਰਕਾਰ ਨੇ ਦੋਸ਼ੀ ਫੜੇ ਸਨ। ਕੀ ਇਹ ਭਾਰਤ ਦੇ ਅੰਦਰੂਨੀ ਮਾਮਲੇ ਵਿੱਚ ਦਖਲ ਨਹੀਂ ਸੀ? ਅਸਲ ਵਿੱਚ ਇਨਸਾਨੀਅਤ ਉੱਤੇ ਜ਼ੁਲਮ-ਓ-ਤਸ਼ਦਦ ਅੰਤਰ ਰਾਸ਼ਟਰੀ ਮਾਮਲਾ ਬਣਦਾ ਜਾ ਰਿਹਾ ਹੈ। ਲੋਕਾਂ ਉੱਤੇ ਜ਼ੁਲਮ-ਓ-ਤਸ਼ਦਦ ਕਰਨਾ ਅਤੇ ਜ਼ਮਾਨੇ ਨੂੰ ਆਖਣਾ ਇਹ ਸਾਡਾ ਅੰਦਰੂਨੀ ਮਾਮਲਾ ਹੈ। ਇਹ ਕਿਥੋ ਤੱਕ ਜਾਇਜ਼ ਹੈ? ਇਹ ਕੇਵਲ ਭਾਜਪਾ ਨੇ ਹੀ ਤਹਿ ਕਰਨਾ ਹੈ ਕਿ ਦੇਸ਼ ਦਾ ਅੰਦਰੂਨੀ ਮਾਮਲਾ ਕਿਹੜਾ ਹੈ ਕਿਹੜਾ ਨਹੀਂ। ਹਾਲਾਂਕਿ ਧਾਰਮਿਕ ਅਸਹਿਨਸ਼ੀਲਤਾ ਲਈ ਮੁਖ ਤੌਰ ਤੇ ਭਾਜਪਾ ਹੀ ਜ਼ਿੰਮੇਵਾਰ ਹੈ। ਭਾਰਤ ਦੇ ਅੰਦਰੂਨੀ ਮਸਲੇ ਦੀ ਆੜ ਵਿੱਚ ਲੋਕਾਂ ਉਤੇ ਜ਼ੁਲਮ ਤਸ਼ਦਦ ਕੀਤਾ ਜਾਵੇ। ਇਹ ਕਿਥੋਂ ਤੱਕ ਜਾਇਜ਼ ਹੈ? ਲਗਦਾ ਹੈ ਕਿ ਦੇਸ਼ ਨੂੰ ਦਰਪੇਸ਼ ਅਸਲ ਮੁੱਦੇ ਉਠਾਉਣ ਦੀ ਬਜਾਏ ਭਾਜਪਾ ਦਾ ਸਾਰਾ ਜ਼ੋਰ ਮੋਦੀ ਬਾਰੇ ਸਫਾਈਆਂ ਦੇਣ ਉੱਤੇ ਹੀ ਲੱਗ ਜਾਵੇਗਾ। ***# ਮੁੱਖ ਸੰਪਾਦਕ ਮਸੀਹੀ ਸੰਸਾਰ, ਜਲੰਧਰ***

# ਨਰਿੰਦਰ ਮੋਦੀ ਨੂੰ ਫਿਰਕਾਪ੍ਰਸਤ ਲੀਡਰ ਐਲਾਨਿਆ ਜਾਵੇ-ਨਾਪਾ

ਮਿਲਪੀਟਸ (ਕੈਲੀਫੋਰਨੀਆ)ਨਾਰਥ ਅਮਰੀਕਨ ਪੰਜਾਬੀ ਐਸੋਸ਼ੀਏਸ਼ਨ (ਨਾਪਾ) ਦੇ ਚੇਅਰਮੈਨ ਸ: ਦਲਵਿੰਦਰ ਸਿੰਘ ਧੂਤ ਤੇ ਕਾਰਜਕਾਰੀ ਡਾਇਰੈਕਟਰ ਸ: ਸਤਨਾਮ ਸਿੰਘ ਚਾਹਲ ਨੇ ਅੱਜ ਇਥੇ ਅਮਰੀਕਾ ਦੇ ਰਾਸ਼ਟਰਪਤੀ ਬਾਰਕ ਉਬਾਮਾ ਤੇ ਅਮਰੀਕੀ ਸੈਨੇਟ ਦੇ ਸਮੂਹ ਮੈਂਬਰਾਂ ਨੂੰ ਲਿਖੇ ਗਏ ਇਕ ਪਤਰ ਰਾਹੀਂ ਮੰਗ ਕੀਤੀ ਹੈ ਕਿ ਭਾਰਤ ਵਿਚ ਗੁਜਰਾਤ ਸਟੇਟ ਦੇ ਮੁਖਮੰਤਰੀ ਨਰਿੰਦਰ ਮੋਦੀ ਨੂੰ ਉਸਦੀਆਂ ਘਟ ਗਿਣਤੀ ਕੌਮਾਂ ਪ੍ਰਤੀ ਵਿਤਕਰੇ ਵਾਲੀਆਂ ਰੁਚੀਆਂ ਨੂੰ ਮੁਖ ਰਖ ਕੇ ਉਸਨੂੰ ਇਕ ਫਿਰਕਾਪ੍ਰਸਤ ਲੀਡਰ ਐਲਾਨਿਆ ਜਾਵੇ ਤੇ ਉਸ ਉਪਰ ਅਮਰੀਕਾ ਅੰਦਰ ਦਾਖਲੇ ਉਪਰ ਲਗੀਆਂ ਪਾਬੰਦੀਆਂ ਨੂੰ ਜਾਰੀ ਰਖਿਆ ਜਾਵੇ।ਇਹਨਾਂ ਆਗੂਆਂ ਨੇ ਦਸਿਆ ਕਿ ਜਿਸ ਤਰਾਂ ਨਰਿੰਦਰ ਮੋਦੀ ਤੇ ਉਸਦੀ ਸਰਕਾਰ ਗੁਜਰਾਤ ਵਿਚੋਂ ਇਕ ਹਜਾਰ ਸਿਖ ਪਰਿਵਾਰਾਂ ਨੂੰ ਉਜਾੜਨ ਲਈ ਹਰ ਹੀਲਾ ਵਸੀਲਾ ਵਰਤ ਰਹੀ ਹੈ ਉਸਤੋਂ ਉਸ ਦੀ ਫਿਰਕਾਪ੍ਰਸਤੀ ਵਾਲਾ ਅਸਲੀ ਚਿਹਰਾ ਦਿਖਾਈ ਦੇ ਰਿਹਾ ਹੈ।ਇਹਨਾਂ ਆਗੂਆਂ ਨੇ ਦਸਿਆ ਕਿ ਗੁਜਰਾਤ ਵਿਚ ਇਹਨਾਂ ਸਿਖ ਪਰਿਵਾਰਾਂ ਨੂੰ ਭਾਰਤ ਦੇ ਮਰਹੂਮ ਪਰਧਾਨ ਮੰਤਰੀ ਸ੍ਰੀ ਲਾਲ ਬਹਾਦੁਰ ਸ਼ਾਸ਼ਤਰੀ ਨੇ ਭਾਰਤ-ਪਾਕਿ ਦੀ ਜੰਗ ਤੋਂ ਬਾਅਦ ਇਸ ਮਕਸਦ ਲਈ ਉਥੇ ਵਸਾਇਆ ਸੀ ਕਿ ਅਜਿਹਾ ਕਰਨ ਨਾਲ ਇਕ ਤਾਂ ਉਹ ਹਲਕਾ ਅਬਾਦ ਤੇ ਖੁਸ਼ਹਾਲ ਹੋ ਜਾਏਗਾ ਤੇ ਦੂਸਰਾ ਉਸ ਖੇਤਰ ਤੇ ਲਗਦੇ ਪਾਕਿਸਤਾਨ ਬਾਰਡਰ ਉਪਰ ਨਜਰ ਰਖੀ ਜਾ ਸਕੇਗੀ ਲੇਕਿਨ ਹੁਣ ਜਦ ਸਿਖ ਕਿਸਾਨਾਂ ਨੇ ਆਪਣੀ ਅਣਥਕ ਮਿਹਨਤ ਨਾਲ ਇਹ ਇਲਾਕਾ ਅਬਾਦ ਤੇ ਉਪਜਾਊ ਕਰ ਲਿਆ ਹੈ ਤਾਂ ਗੁਜਰਾਤ ਦਾ ਮੁਖਮੰਤਰੀ ਨਰਿੰਦਰ ਮੋਦੀ ਤੇ ਉਸਦੀ ਸਰਕਾਰ ਇਹਨਾਂ ਸਿਖ ਕਿਸਾਨਾਂ ਨੂੰ ਉਜਾੜਨ ਲਈ ਕੋਈ ਕਸਰ ਬਾਕੀ ਨਹੀਂ ਛਡ ਰਹੀ ।ਇਸ ਤੋਂ ਵੀ ਜਿਆਦਾ ਦੁਖ ਵਾਲੀ ਗਲ ਇਹ ਹੈ ਕਿ ਇਹਨਾਂ ਜਮੀਨਾਂ ਦੇ ਸਰਕਾਰੀ ਇੰਦਰਾਜ ਨਾਲ ਵੀ ਛੈੜ ਛਾੜ ਕੀਤੀ ਜਾ ਰਹੀ ਹੈ ਤਾਂ ਕਿ ਇਹਨਾਂ ਸਿਖਾਂ ਦੀ ਇਸ ਜਮੀਨ ਉਪਰ ਕਬਜੇ ਨੂੰ ਝੁਠਲਾਇਆ ਜਾ ਸਕੇ।ਅੰਤ ਵਿਚ ਇਹਨਾਂ ਆਗੂਆਂ ਨੇ ਪੰਜਾਬ ਦੀਆਂ ਸਮੂਹ ਰਾਜਨੀਤਿਕ ਪਾਰਟੀਆਂ ਦੇ ਆਗੂਆਂ ਨੂੰ ਵੀ ਅਪੀਲ ਕੀਤੀ ਕਿ ਉਹ ਇਸ ਮਸਲੇ ਤੇ ਇਕਮੁਠ ਹੋ ਕੇ ਗੁਜਰਾਤ ਵਿਚੋਂ ਇਹਨਾਂ ਸਿਖ ਪਰਿਵਾਰਾਂ ਦੇ ਉਜਾੜੇ ਨੂੰ ਰੋਕਣ ਲਈ ਜੋਰਦਾਰ ਅਵਾਜ ਬੁਲੰਦ ਕਰਨ।



ਸ. ਸਤਨਾਮ ਸਿੰਘ ਚਾਹਲ



ਸ. ਦਲਵਿੰਦਰ ਸਿੰਘ ਧੂਤ

Postal Address of Desh Doaba : 5101 Doe Hollow Pl, Antelope, CA. 95843
The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

## ਗੂੰਜ 'ਚੋਂ/ ਗਦਰ ਸ਼ਤਾਬਦੀ ਨੂੰ ਸਮਰਪਿਤ

# ਗੁਰੂ ਨਾਨਕ ਨਿਰੰਕਾਰੀ

ਰੱਬ ਤੋਂ ਆਕੀ ਫਰਿਸ਼ਤਾ ਜਿਸ ਨੂੰ ਕਈ ਮਤਾਂ ਵਾਲਿਆਂ ਨੇ ਸ਼ੈਤਾਨ ਕਰਕੇ ਲਿਖਿਆ ਹੈ, ਜਿਸ ਨੇ ਹਜ਼ਰਤ ਆਦਮ ਨੂੰ ਵੀ ਵਰਗਲਾ ਲਿਆ ਸੀ, ਜਿਸ ਨੂੰ ਪਰਮਾਤਮਾ ਨੇ ਸਵਰਗ ਲੋਕ ਵਿਚੋਂ ਦੇਸ਼ ਨਿਕਾਲਾ ਦੇ ਦਿੱਤਾ ਸੀ ਤੇ ਜਿਹੜਾ ਮਨੁੱਖੀ ਜੀਵਾਂ ਨੂੰ ਕਰਤਾਰ ਤੋਂ ਗੁੰਮਰਾਹ ਕਰਨ ਲਈ ਸੰਸਾਰ ਵਿਚ ਵਿੱਚਰ ਰਿਹਾ ਸੀ, ਬਾਬੇ ਨਾਨਕ ਦੀ ਸ਼ੋਭਾ ਸੁਣ ਕੇ ਨਾ ਸਹਾਰ ਸਕਿਆ। ਉਹ ਦਿਲ ਵਿਚ ਕੁੜ੍ਹ ਰਿਹਾ ਸੀ ਸੰਸਾਰ ਵਿਚ ਇਹ ਕੌਣ ਪੁਰਸ ਆ ਗਿਆ ਹੈ ਜਿਹੜਾ ਸਤਿਨਾਮ ਦਾ ਜਾਪ ਕਰਾ ਕੇ ਭੁੱਲੀ ਭਟਕੀ ਲੁਕਾਈ ਨੂੰ ਮੁੜ ਵਾਹਿਗੁਰੂ ਵੱਲ ਮੋੜ ਰਿਹਾ ਹੈ। ਉਹ ਹੈਰਾਨ ਹੋ ਗਿਆ ਸੀ ਜੋ ਇਸਦੇ ਤਫੈਲ ਮੇਰੇ ਉਪਾਸ਼ਕ, ਸੱਜਣ ਵਰਗੇ ਠੱਗ, ਭੂਮੀਏ ਵਰਗੇ ਚੋਰ ਮੇਰੇ ਪੰਜੇ ਤੋਂ ਨਿਕਲ ਕੇ ਵਾਹਿਗੁਰੂ ਦੇ ਰਾਹ ਤੇ ਟੁਰ ਪਏ ਹਨ।

ਕਲਯੁਗ ਦਾ ਨਾਉਂ ਰੱਖ ਕੇ, ਭਿਆਨਕ ਰੂਪ ਧਾਰ ਕੇ ਉਹ ਬਾਬੇ ਨਾਨਕ ਦੇ ਕੋਲ ਆ ਪੁੱਜਾ, ਜੋ ਉਸਨੂੰ ਡਰਾ ਕੇ, ਧਮਕਾ ਕੇ ਅਕਾਲ ਪੁਰਖ ਦੇ ਰਾਹ ਤੋਂ ਮੋੜ ਲਵੇ।

ਉਸਦੇ ਭਿਆਨਕ ਰੂਪਾਂ, ਹਨੇਰੀ, ਤੂਫਾਨ, ਬਿਜਲੀ ਦੀ ਚਮਕ ਅਤੇ ਗਰਜ ਦਾ ਗੁਰੂ ਨਾਨਕ ਤੇ ਕੋਈ ਅਸਰ ਨਾ ਹੋਇਆ ਤੇ ਉਹ ਅਡੋਲ ਆਪਣੇ ਆਸਨ ਤੇ ਬੈਠੇ ਰਹੇ।

ਕਲਯੁਗ ਨੇ ਡਰਾਵੇ ਦਿੱਤੇ, ਧਮਕੀਆਂ ਦਿੱਤੀਆਂ, ਨਾਸ਼ ਕਰਨ ਦੇ ਲੰਬੂ ਲਾਏ, ਲਾਟਾਂ ਕੱਢੀਆਂ, ਚਿੰਗਾਰੀਆਂ ਸੁੱਟੀਆਂ ਪਰ ਇੱਥੇ ਕੋਈ ਅਸਰ ਨਹੀਂ ਸੀ। ਫਿਰ ਦੂਜਾ ਹਥਿਆਰ ਵਰਤਿਆ, ਪਿਆਰ ਨਾਲ, ਪੁਚਕਾਰ ਕੇ ਆਖਣ ਲੱਗਾ, ਲੋਕਾਂ ਨੂੰ ਸਤਿਨਾਮ ਜਪਾਉਣ ਤੋਂ ਬਾਜ ਆ ਜਾ, ਵਾਹਿਗੁਰੂ ਵੱਲ ਪ੍ਰੇਰਨ ਤੋਂ ਰੁਕ ਜਾ, ਜੋ ਮੰਗੇਗਾ ਮੈਂ ਦੇਵਾਂਗਾ। ਸਤਿ ਕਰਤਾਰ ਦੀ ਬਾਂਹ ਛੱਡ ਦੇ ਕੀਰਤਨ ਬੰਦ ਕਰ ਦੇ, ਮੈਂ ਤੈਨੂੰ ਮਾਲਾ ਮਾਲ ਕਰ ਦਿਆਂਗਾ। ਬਾਬਾ ਜੀ ਨੇ ਮੁਸਕਰਾ ਕੇ ਆਖਿਆ, ਹੇ ਕਲਯੁਗ, ਮੈਨੂੰ ਕਿਸੇ ਚੀਜ਼ ਦੀ ਇੱਛਿਆ ਨਹੀਂ, ਮੈਂ ਸਤਿਮਾਨ ਛੱਡ ਸਕਦਾ! ਪਰ ਤੂੰ ਇਹ ਤਾਂ ਦੱਸ ਤੇਰੇ ਕੋਲ ਮੇਰੇ ਦੇਵਨ ਲਈ ਕੇਹੜੀ ਸ਼ੈ ਹੈ?

ਕਲਯੁਗ- "ਹੇ ਨਾਨਕ ਜੀ, ਮੂੰਹ ਤੋਂ ਜੋ ਕੱਢੇਂ, ਹਾਜ਼ਰ ਕਰ ਦੇਵਾਂਗਾ; ਜੇ ਚਾਹੋ ਤਾਂ ਤੁਹਾਡੇ ਨਿਵਾਸ ਲਈ ਮੋਤੀਆਂ ਦੇ ਮੰਦਰ ਬਣਾ ਦੇਵਾਂ, ਰਤਨਾਂ ਨਾਲ ਉਸ ਨੂੰ ਜੜਾ ਦੇਵਾਂ ਤੇ ਕਸਤੂਰੀ ਅਤੇ ਚੰਦਨ ਦਾ ਲੇਪ ਕਰਾ ਦੇਵਾਂ!'

ਬਾਬਾ ਜੀ ਬੋਲੇ, "ਨਾ ਭਾਈ ਨਾਂਹ, ਇਹ ਮਨਜ਼ੂਰ ਨਹੀਂ, ਇਸ ਲਾਲਚ ਵਿਚ ਪੈਸੇ ਮੈਂ ਅਕਾਲ ਦਾ ਨਾਉਂ ਭੁਲਾ ਨਹੀਂ ਸਕਦਾ,'' ਇਸ਼ਾਰੇ ਸਮਝਣ ਵਾਲੇ ਬਾਲ-ਸਖਾਈ ਮਰਦਾਨੇ ਨੂੰ ਇਸ਼ਾਰਾ ਹੋਇਆ, ਰਬਾਬ ਦੀ ਧੁਨ ਵਿਚ ਬਾਬੇ ਜੀ ਨੇ ਗਾਵਿਆ-

ਮੋਤੀ ਤ ਮੰਦਰ ਉਸਰਹਿ ਰਤਨੀ
ਤ ਹੋਹਿ ਜੜਾਉ। ਕਸਤੂਰਿ ਕੁੰਗੁ
ਅਗਰ ਚੰਦਨਿ ਲੀਪਿ ਆਵੈ ਚਉ।
ਮਤਿ ਦੇਖ ਭੁਲਾ ਵੀਸਰੈ ਤੇਰਾ ਚਿਤਿ
ਨ ਆਵੈ ਨਾਉ।੧।।

ਫਿਰ ਕਲਯੁਗ ਨੇ ਆਖਿਆ, 'ਜੇ ਇੱਥੇ ਹੀ ਟਿਕ-ਾਣਾ ਕਰਨਾ ਹੋਵੇ ਤਾਂ ਧਰਤੀ ਨੂੰ ਰਤਨਾਂ ਨਾਲ ਤੇ ਪਲੰਘ ਨੂੰ ਲਾਲਾਂ ਨਾਲ ਜੜਾ ਦੇਵਾਂ, ਮੋਹਣੀਆਂ ਐਸੀਆਂ ਲਿਆ ਦੇਵਾਂ ਜਿਹਨਾਂ ਦਾ ਮੁਖੜਾ ਮਣੀਆਂ ਜੇਹਾ ਚਮਕਦਾ ਹੋਵੇ ਅਤੇ ਜਿਹੜੀਆਂ ਦੇਖਨ ਸਾਰ ਹੀ ਜੀਉ ਨੂੰ ਮੋਹ ਲੈਣ, ਬਾਬੇ ਨੇ ਸਿਰ ਫੇਰ ਕੇ ਮਧੁਰ ਸੁਰ ਨਾਲ ਗਾਵਿਆ-

ਹਰਿ ਬਿਨੁ ਜੀਉ ਜਲਿ ਬਲਿ ਜਾਉ
ਮੈਂ ਆਪਣਾ ਗੁਰੁ ਪੂਛਿ ਦੇਖਿਆ
ਅਵਰ ਨਾਹੀ ਥਾਉ।।੧।। ਧਰਤੀ
ਤ ਹੀਰੇ ਲਾਲ ਜੜਤੀ ਪਲੰਘ
ਲਾਲ ਜੜਾਉ।। ਮੋਹਣੀ ਮੁਖਿ ਮਣੀ ਸੋਹੈ ਕਰੈ ਰੰਗ ਪਸਾਉ।।
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ
ਨ ਆਵੈ ਨਾਉ।।੨।।

ਪੇਸ਼ ਜਾਂਦੀ ਨਾ ਵੇਖ ਕੇ ਕਲਯੁਗ ਨੇ ਇਕ ਹੋਰ ਹਥਿਆਰ ਵਰਤਣਾ ਚਾਹਿਆ, ਬੋਲਿਆ ਜੇ ਬਚਨ ਕਰੋ ਤਾਂ ਸਾਰੀਆਂ ਰਿਧਾਂ ਸਿਧਾਂ ਭੇਟ ਕਰਾਂ, ਕੇਵਲ ਇਕ ਸਤਿਨਾਮ ਨੂੰ ਛੱਡ ਦਿਓ, ਬਾਬੇ ਜੀ ਨੇ ਉਚਾਰਿਆ-

ਸਿਧੁ ਹੋਆ ਸਿਧਿ ਲਾਈ ਰਿਧਿ
ਆਖਾ ਆਉ।। ਗੁਪਤੁ ਪਟਗਣੁ
ਹੋਇ ਬੈਸਾ ਲੋਕ ਰਾਖੈ ਭਾਉ। ਮਤੁ ਦੇਖਿ ਭੁਲਾ ਵੀਸਰੈ ਤੇਰਾ
ਚਿਤ ਨਾ ਆਏ ਨਾਉ।।੩।।

ਕਲਯੁਗ ਨੇ ਮੂੰਹ ਵਿਚ ਉਂਗਲੀ ਲੈ ਕੇ ਆਖਿਆ, 'ਨਾਨਕ ਜੀ ਮੇਰੀ ਏਹ ਗੱਲ ਮੰਨੋ, ਆਪਣੇ ਪਰਚਾਰ ਨੂੰ ਛੱਡ ਦਿਓ, ਅਕਾਲ ਦੀ ਉਸਤਤੀ ਵੱਲ ਲੋਕਾਂ ਨੂੰ ਨਾ ਪਰੇਰੋ ਤੇ ਮੈਂ ਤੁਹਾਨੂੰ ਨੌਂ ਖੰਡ ਪ੍ਰਿਥਵੀ ਦਾ ਰਾਜ ਦੇ ਦੇਂਦਾ ਹਾਂ, ਬੈਠੇ ਹੁਕਮ ਹਾਸਲ ਕਰੀ ਜਾਓ, ਇਸ ਤੋਂ ਵੱਧ ਕੇ ਲਾਭਦਾਇਕ ਸੌਦਾ ਕੀ ਹੋ ਸਕਦਾ ਹੈ?''

ਸਤਿਗੁਰੂ ਨੇ ਕਲਯੁਗ ਵੱਲੋਂ ਮੂੰਹ ਫੇਰ ਕੇ ਆਖਿਆ-

ਹੁਕਮੁ ਹੋਵਾ ਮੇਲਿ ਲਸਕਰ ਤਖਤਿ ਰਾਖਾ ਪਾਉ।।
ਹੁਕਮੁ ਹਾਸਲ ਕਰੀ ਬੈਠਾ ਨਾਨਕਾ ਸਭੁ ਵਾਉ।। ਮਤੁ ਦੇਖਿ
ਭੂਲਾ ਵੀਸਰੋ ਤੇਰਾ ਚਿਤਿ ਨ ਆਵੈ ਨਾਉ।।੪।।
(ਸ੍ਰੀ ਰਾਗ ਮਹਲਾ ੧)

ਡਰ, ਧਮਕੀ, ਲਾਲਚ ਨਾਲ ਕਿਸੇ ਤਰ੍ਹਾਂ ਵੀ ਗੁਰੂ ਨਾਨਕ ਜੀ ਨੂੰ ਵੱਸ ਕਰਨ ਵਿਚ ਸਫਲਤਾ ਨਾ ਦੇਖ ਕੇ ਕਲਯੁਗ ਬਾਬੇ ਨੂੰ ਪ੍ਰਣਾਮ ਕਰਕੇ ਉਹਨਾਂ ਦੇ ਚਰਨਾਂ ਤੇ ਮੱਥਾ ਟੇਕ ਸ਼ਰਮਿੰਦਾ ਹੋ ਵਿਦਾ ਹੋ ਗਿਆ।

ਪਿਆਰੇ ਪਾਠਕ ਜੀ! ਸਤਿਗੁਰੂ ਨਾਨਕ ਨਿਰੰਕਾਰੀ ਦੀ ਵਰ੍ਹੇਗੰਢ ਪਰ ਨਿਰੰਕਾਰ ਦੇ ਉਪਾਸ਼ਕ ਬਣਨਾ ਸਿੱਖੋ। ਕਿਤਨੇ ਸ਼ੌਂਕ ਦੀ ਗੱਲ ਹੈ ਜੋ ਗੁਰੂ ਨਾਨਕ ਦੇ ਸਿੱਖ ਕਲਯੁਗ ਦੇ ਅਧੀਨ ਪਏ ਹੁੰਦੇ ਹਨ।

### ਗਦਰੀ

ਮਾੜੇ ਨੇ ਨਸੀਬ ਸਾਡੇ ਦੇਸ ਵਾਲਿਆਂ,
ਪਾੜ ਘਰ ਰੱਖਿਆ ਨੇ ਭੇਸ ਵਾਲਿਆਂ।
ਰੋਡੇ ਜਟਾ ਧਾਰੀ, ਨਾਮਧਾਰੀ ਠੱਗ ਗਏ,
ਸੁਣੇ ਨੇ ਮਸੀਤਾਂ ਨੂੰ ਭੀ ਕੰਨ ਲੱਗ ਗਏ।
ਭਾਈਆਂ ਤੇ ਮੁਲਾਣਿਆਂ 'ਚੋਂ ਮੁੱਢੋਂ ਵੱਲ ਹੈ,
ਕੱਢਣਾ ਫਰੰਗੀ ਬੜੀ ਔਖੀ ਗੱਲ ਹੈ।
ਜ਼ਾਤ ਪਾਤ ਲਾਹਨਤ ਜੋ ਸਾਨੂੰ ਲੱਗੀ ਹੈ,
ਧੁਰ ਦਰਗਾਹੋਂ ਭਾਰੀ ਮਾਰ ਵਗੀ ਹੈ।
ਕੱਢ ਕਾਰ ਬਾਹਮਣ ਨੇ ਚੌਂਕਾ ਪਾ ਲਿਆ,
ਬਾਕੀਆਂ ਨੂੰ ਪਸ਼ੂ ਦਰਜਾ ਮਨਾ ਲਿਆ।
ਭਾਈ ਨਾਲ ਭਾਈ ਦਾ ਨਾ ਲੰਘੇ ਪਲ ਹੈ,
ਕੱਢਣਾ ਫਰੰਗੀ ਬੜੀ ਔਖੀ ਗੱਲ ਹੈ।
ਵਾਰ ਵਾਰ ਸਾਨੂੰ ਦਸਦਾ ਤਜਰਬਾ,
ਹੋਣਾ ਸਾਡਾ ਸੂਤ ਕਦੇ ਨਹੀਂ ਘਰ ਦਾ।
ਮੰਦਰ ਪੁਜਾਰੀ ਨੂੰ ਨਵਾਜ਼ੀ ਲੜਦਾ,
ਦੂਜੇ ਹੱਥ ਦਾੜ੍ਹੀ ਨਾ ਸ਼ਰਮ ਕਰਦਾ।
ਪਾਵੇ ਇਸ ਝਗੜੇ ਨੂੰ ਕੌਣ ਠੱਲ ਹੈ,
ਕੱਢਣਾ ਫਰੰਗੀ ਬੜੀ ਔਖੀ ਗੱਲ ਹੈ।
ਰੋਈਏ ਸਰਕਾਰ ਨੂੰ ਜੋ ਹੈ ਬਦੇਸ਼ੀਆਂ,
ਉਸ ਤੋਂ ਨਫਿਟ ਰਾਜ ਸਾਡੇ ਦੇਸੀਆਂ।
ਰਾਜ ਅੰਗਰੇਜ਼ੀ ਤੋਂ ਹੋਇਓਂ ਉਤਾਵਲਾ,
ਦੇਸੀ ਰਾਜ ਨਾਲ ਕਰ ਖਾਂ ਮੁਕਾਬਲਾ।
ਦੇਸੀ ਰਾਜ ਨਿਰਾ ਹੀ ਜ਼ੁਲਮ ਝੱਲ ਹੈ,
ਕੱਢਣਾ ਫਰੰਗੀ ਬੜੀ ਔਖੀ ਗੱਲ ਹੈ।
ਰਾਜ ਅੰਗਰੇਜ਼ੀ ਰਾਜ ਹੈ ਕਾਨੂੰਨ ਦਾ,
ਰਾਜਾ ਪਟਿਆਲਾ ਸਕਾ ਹੈ ਫਰੂਨ ਦਾ।
ਫੜ ਦੀਵਾ ਲਭੋ ਭਾਵੇਂ ਇਨਸਾਫ ਨੂੰ,
ਕੌਣ ਸੁਣੇ ਪਰਜਾ ਦੇ ਵਰਲਾਪ ਨੂੰ।
ਰਿਆਸਤਾਂ 'ਚ ਚਮੜੇ ਦੀ ਰਹੀ ਚੱਲ ਹੈ,
ਕੱਢਣਾ ਫਰੰਗੀ ਬੜੀ ਔਖੀ ਗੱਲ ਹੈ।
ਰਾਜਿਆਂ ਦੀ ਪਰਜਾ ਬਹੁਤ ਦੁਖੀ ਹੈ,
'ਲਾਕਾ ਸਰਕਾਰੀ ਏਦੂੰ ਬਹੁਤ ਸੁਖੀ ਹੈ।
ਰਾਜ ਅੰਗਰੇਜ਼ਾਂ ਪਿੱਛੋਂ ਭੰਗ ਭੁੱਜਣੀ,
ਨਹੀਂ ਸਾਨੂੰ ਕੋਈ ਤਦਬੀਰ ਸੁੱਝਣੀ।
ਸੋਚੋ 'ਇਕਬਾਲ' ਕਾਹਦੇ ਵਿਚ ਭੱਲ ਹੈ,
ਕੱਢਣਾ ਫਰੰਗੀ ਬੜੀ ਔਖੀ ਗੱਲ ਹੈ।

# ਗ਼ੁਲਾਮ

(ਸੁਖਨ 'ਇਕਬਾਲ')

ਦੋਹਰਾ:-
ਵੱਡਾ ਉਚ ਖਿਆਲ ਤੂੰ ਵੱਡਾ ਤੇਰਾ ਦਿਲ
ਪਰ ਆਜ਼ਾਦੀ ਦੇਸ਼ ਨੂੰ ਜਾਊ ਕੀਕੂੰ ਮਿਲ

ਕੋਰੜਾ ਛੰਦ
ਹੋਸਲਾ ਵਧੇਰਾ ਤੇਰੇ ਵਿਚ ਗਦਰੀ, ਪਰ ਨਹੀ ਆਜ਼ਾਦੀ ਦੀ ਸੜਕ ਪਧਰੀ।
ਸੌਖੇ ਘਰ ਬੈਠ ਕੇ ਮਤੇ ਮਤਾਵਣੇ, ਔਖੇ ਗਲ ਬਿਲੀਆਂ ਦੇ ਟੱਲ ਪਾਵਣੇ।
ਦੇਖ ਲਿਆ ਲਾ ਕੇ ਜ਼ੋਰ ਗਾਂਧੀ ਦਲ ਹੈ, ਕੱਢਣਾ ਫਰੰਗੀ ਬੜੀ ਔਖੀ ਗੱਲ ਹੈ।
ਦੇਖ ਗਾਂਧੀ ਕਿੰਨੀ ਵਾਰ ਝਈਆਂ ਮਾਰੀਆਂ, ਹੱਥ ਆਇਆ ਕੁਛ ਨਾ ਬਿਨਾ ਖੁਆਰੀਆਂ।
ਘੱਲੇ ਲੱਖਾਂ ਜੇਲੀਂ ਜਰਮਾਨੇ ਭਰ ਲਏ, ਫਾਂਸੀਆਂ ਤੇ ਚੜ੍ਹ ਦੁਖੜੇ ਨੇ ਜਰ ਲਏ।
ਦੱਸੋ ਖਾਂ ਵਿਚਾਰ ਮਾਰੀ ਕੇਹੜੀ ਮਲ ਹੈ, ਕੱਢਣਾ ਫਰੰਗੀ ਬੜੀ ਔਖੀ ਗੱਲ ਹੈ।
ਕੱਢ ਕੇ ਜਲੂਸ ਕੀਤੇ ਬਾਈਕਾਟ ਨੇ, ਲਾਏ ਕੌਮੀ ਨਾਹਰੇ ਪਾਏ ਚੀਹਾਂ ਬਾਟ ਨੇ।
ਸ਼ੈਹਰ ਗਾਓਂ ਹੋਏ ਪਰਚਾਰ ਜਲਸੇ, ਡਰੀ ਸਰਕਾਰ ਨਹੀ ਟਿੱਡੀ ਦਲ ਸੇ।
ਹੋਇਆ ਨੁਕਸਾਨ, ਸਾਡੇ ਸੀਨੇ ਸੱਲ ਹੈ, ਕੱਢਣਾ ਫਰੰਗੀ ਬੜੀ ਔਖੀ ਗੱਲ ਹੈ।
*(ਗ਼ਦਰ ਦੀ ਗੂੰਜ ਵਿਚੋਂ)*

---

ਦੋਹਰਾ:-
ਦੱਸਿਆ ਉੱਚ ਨਸ਼ਾਨ ਹੈ ਨਹੀ ਦੱਸੇ ਓਹ ਵਲ
ਨਾਲ ਜਿਨ੍ਹਾਂ ਦੇ ਦੁਸ਼ਮਣਾਂ ਮਲਸਿਟਾਂ ਵਿਚ ਪਲ

ਕੋਰੜਾ ਛੰਦ
ਸੁਣ ਕੇ ਖਿਆਲ ਤੂੰ ਹੈਰਾਨ ਹੋ ਗਿਆ, ਨਿਕਾ ਜਿਹਾ ਦਿਲ ਪ੍ਰੇਸ਼ਾਨ ਹੋ ਗਿਆ
ਕਹੇਂ ਤੂੰ ਹਵਾਈ ਕਿਲੇ ਮੈਂ ਬਣਾਂਵਦਾ, ਬਿਨਾਂ ਗਡਵਾਨੀ ਤੂੰ ਨਾ ਕੁਛ ਜਾਣਦਾ।
ਤੈਨੂੰ ਕੀ ਗਿਆਨ ਹਵਾਈ ਜਹਾਜ਼ ਦਾ, ਤੁਖਮ ਉਡਾਵਾਂ ਜ਼ਾਲਮਾਂ ਦੇ ਰਾਜ ਦਾ।
ਸੁਣ ਸਾਡੇ ਪਾਸ ਕੇਹੜੇ ਹਥਿਆਰ ਨੇ, ਮੌਤ ਕੇਹੜੀ ਮਰਨਾ ਏ ਬਦਕਾਰ ਨੇ।
ਲੋਲੋ ਪੋਪੋ ਗਾਂਧੀ ਵਾਂਗ ਨਹੀਂ ਕਰਨੀ, ਸੋਟਿਆਂ ਪੁਲਿਸ ਮਾਰ ਨਹੀਂ ਜਰਨੀ।
ਪੁਲਿਸ ਨੂੰ ਕਾਫੀ ਤੈਹਕਾ ਸ਼ਾਹਬਾਜ਼ ਦਾ, ਤੁਖਮ ਉਡਾਵਾਂ ਜ਼ਾਲਮਾਂ ਦੇ ਰਾਜ ਦਾ।

## ਨਾ ਭੁਲਦਾ ਹੈ ਪੰਜਾ ਤੇ ਨਾ ਨਨਕਾਣਾ

(ਵੱਲੋਂ- ਗਿਆਨੀ ਜੀਤ ਸਿੰਘ ਜੀ
ਸੀਨੀਅਰ ਪੰਜਾਬੀ ਟੀਚਰ
ਮਾਲਵਾ ਖਾਲਸਾ ਹਾਈ ਸਕੂਲ ਫਿਰੋਜਪੁਰ ਸ਼ਹਿਰ)

ਤਰਜ਼- ਮੇਰੀ ਯਾਦ ਮੇਂ ਨਾ ਆਂਸੂ ਬਹਾਨਾ।
ਨਾ ਜੀ ਕੋ ਜਲਾਨਾ ਮੁਝੇ ਭੂਲ ਜਾਨਾ।
ਗ਼ਜ਼ਲ- ਤੇਰੀ ਯਾਦ ਹੈ ਬੱਸ ਮੇਰਾ ਆਸ਼ੀਆਨਾ।
ਤੇਰੇ ਬਾਝ ਮੇਰਾ ਨ ਕੋਈ ਠਿਕਾਨਾ।
ਹੈ ਦਰਸ਼ਨ ਦੀ ਸਿਕ ਬੱਸ ਮੇਰਾ ਇਕ ਤਰਾਨਾ।



1. ਵਿਛੋੜਾ ਤੇਰਾ ਮੇਰਾ ਹੋਇਆ ਕਿਉਂ ਸਾਈਂ।
ਕਿਵੇਂ ਤੈਨੂੰ ਪ੍ਰੀਤਮ ਮੈਂ ਦਿਲ ਤੋਂ ਭੁਲਾਈਂ।
ਨਾ ਭੁੱਲਦਾ ਹੈ ਪੰਜਾ ਤੇ ਨਾ ਨਨਕਾਣਾ। ਤੇਰੀ ਯਾਦ...
2. ਉਹ ਜੰਡ ਕਰੀਰ ਕਦੇ ਚੇਤੇ ਆਵਣ।
ਦਲੀਪ ਤੇ ਲਛਮਣ ਪਏ ਦਿਲ ਨੂੰ ਲੁਭਾਵਣ।
ਖਾਤਰ ਧਰਮ ਦੀ ਜਿਸਮ ਨੂੰ ਜਲਾਨਾ। ਤੇਰੀ ਯਾਦ...
3. ਇਹ ਲੰਬੀ ਜੁਦਾਈ ਜਦੋਂ ਯਾਦ ਆਵੇ।
ਦੁਖੀ ਹੋ ਕੇ ਭਰਦੀ ਹਾਂ ਹਉਕੇ ਤੇ ਹਾਵੇ।
ਉਹ ਨਗਰੀ ਗੁਰੁ ਦੀ ਬਣੀ ਅੱਜ ਵੀਰਾਨਾ। ਤੇਰੀ ਯਾਦ...
4. ਕਰੋ ਮਿਹਰ ਪ੍ਰੀਤਮ ਇਹ ਬਿਗੜੀ ਬਣਾਵੋ।
ਗੁਰੂ ਧਾਮਾਂ ਦੇ ਮੁੜ ਕੇ ਦਰਸ਼ਨ ਕਰਾਵੋ।
ਸ਼ਮ੍ਹਾਂ ਤੇਰੀ ਦਾ ਮੈਂ ਬਣਾਂ ਪਰਵਾਨਾ। ਤੇਰੀ ਯਾਦ...

## ਜਗਤ ਜਲੰਦਾ ਰਖਲੈ ਆਪਣੀ ਕ੍ਰਿਪਾ ਧਾਰ

(ਵੱਲੋਂ- ਗਿ: ਗੁਪਾਲ ਸਿੰਘ ਜੀ 'ਮਿੱਤਰ'
ਮਾਲਬ ਗੁੜਗਾਉਂ)

ਹੇ ਗੁਰੂ ਨਾਨਕ ਪਿਆਰਿਆ ਹੇ ਅਰਸ਼ੀ ਦਾਤਾਰ।
ਹੇ ਮਿਹਰਾਂ ਦੇ ਦਾਤਿਆ ਬਖਸ਼ਿਸ਼ ਦੇ ਭੰਡਾਰ।
ਆ ਤ੍ਰਿਪਤਾ ਦੇ ਤਾਰਿਆ ਤਕ ਦੁਨੀਆਂ ਦੀ ਕਾਰ।
ਜੱਗ ਦੇ ਅੰਦਰ ਵਰਤਿਆ ਮੁੜ ਕੇ ਘੋਰ ਗੁਬਾਰ।
ਤੈਨੂੰ ਵਾਜਾਂ ਮਾਰਦਾ ਮੁੜ ਸਾਰਾ ਸੰਸਾਰ।
'ਜਗਤ ਜਲੰਦਾ ਰਖ ਲੈ ਆਪਣੀ ਕਿਰਪਾ ਧਾਰ'।
ਮੁੜ ਝੱਖੜ ਪਏ ਝੁਲਦੇ ਆਇਆ ਏ ਤੂਫਾਨ।
ਖੰਭ ਖਿਲਾਰ ਕੇ ਉਡ ਗਿਆ ਧਰਮ ਅਤੇ ਈਮਾਨ।
ਸੱਚ ਨੂੰ ਮਿਲੀ ਤਿਲਾਂਜਲੀ ਕੂੜ ਫਿਰੇ ਪਰਧਾਨ।
ਰਾਖਸ਼ ਪੈਦਾ ਹੋ ਗਏ ਕੌਡੇ ਦੀ ਸੰਤਾਨ।
ਮੁੜ ਬੇੜਾ ਪਿਆ ਡੋਲਦਾ 'ਮਿੱਤਰ' ਵਿਚ ਮੰਝਧਾਰ।
'ਜਗਤ ਜਲੰਦਾ ਰਖ ਲੈ ਆਪਣੀ ਕਿਰਪਾ ਧਾਰ।'


## ਜੇਕਰ ਗੁਰੂ ਨਾਨਕ ਧਾਰਦੇ ਅਵਤਾਰ ਨਾ

(ਵੱਲੋਂ- ਸ. ਸੁਰਜੀਤ ਸਿੰਘ ਜੀ ਦੀਪਕ)

ਜਬਰ ਅਤੇ ਜ਼ੁਲਮ ਦੇ ਸ਼ਿਕਾਰ ਅਸੀਂ ਹੋਏ ਰਹਿੰਦੇ,
ਪਾਪਾਂ ਵਾਲੀ ਧੁੰਦ ਕਦੇ ਮਿਟਦੀ ਨਾ ਜੱਗ 'ਚੋਂ।
ਪਤਾ ਇਕ ਵਾਹਿਗੁਰੂ ਦਾ ਸਾਨੂੰ ਨਹੀਂ ਸੀ ਕਿਸੇ ਦੇਣਾ,
ਜਾਂਦਾ ਬੁਤ ਪੂਜਣਾ ਨਾ ਸਾਡੀ ਰਗ ਰਗ 'ਚੋਂ।
ਸੁੱਤੇ ਅਪਰਾਧੀਆਂ ਨੂੰ ਟੁੰਬ ਕੇ ਜਗਾਉਂਦਾ ਕਿਹੜਾ?
ਕੱਢਦਾ ਨਾ ਕੋਈ ਸਾਨੂੰ ਨਰਕਾਂ ਦੀ ਅੱਗ 'ਚੋਂ।
ਸੱਚ ਕਹਿਣੋਂ ਸਦਾ ਅਸੀਂ ਡਰਦੇ ਹੀ ਰਹਿਣ ਹੈਸੀ,
ਅਗਿਆਨ ਦਾ ਪਸਾਰਾ ਕਦੇ ਉਡਦਾ ਨਾ ਜੱਗ 'ਚੋਂ।
ਪਾਉਣਾ ਸਾਂਝੀਵਾਲਤਾ ਦੇ ਰਾਹ ਨਹੀਂ ਸੀ ਕਿਸੇ ਸਾਨੂੰ,
ਕਰਨਾ ਇਕ ਦੂਜੇ ਨਾਲ ਆਂਵਦਾ ਪਿਆਰ ਨਾ।
ਤੂਫਾਨਾਂ ਵਿਚੋਂ ਨਿਕਲਦੀ ਨਾ ਹਿੰਦੀਆਂ ਦੀ ਬੇੜੀ ਕਦੇ,
ਆਪ ਜੇਕਰ ਉਹਨੂੰ ਕਦੇ ਭੇਜਦਾ ਨਿਰੰਕਾਰ ਨਾ।
ਲੱਖਾਂ ਤੇ ਕਰੋੜਾਂ ਉਹਨੇ ਪਰਉਪਕਾਰ ਕੀਤੇ,
ਓਹਦੇ ਜਿੰਨੇ ਕਰ ਸਕੇ ਕੋਈ ਉਪਕਾਰ ਨਾ।
ਭਾਰਤ ਵਿਚੋਂ ਅਮਨ ਖੰਭ ਲਾ ਕੇ ਤੇ ਉਡ ਜਾਂਦਾ,
ਜੇਕਰ ਗੁਰੂ ਨਾਨਕ ਧਾਰਦੇ ਅਵਤਾਰ ਨਾ।




ਕੈਲੀਫੋਰਨੀਆ ਵਿਚ ਇਕ ਦੁਕਾਨ ਉਤੇ ਡਾ. (ਸੰਤ) ਮੁਨੀ ਭਗਵਾਨ ਬੁੱਧ ਦੇ ਬੁੱਤ ਨਾਲ ਖੜ੍ਹੇ ਦਿਖਾਈ ਦੇ ਰਹੇ ਹਨ।



## ਸਭਰੰਗ- ਪੇਂਟਿੰਗ ਪ੍ਰਦਰਸ਼ਨ 12 ਤੋਂ 14 ਅਗਸਤ ਤੱਕ

ਵੱਖ ਵੱਖ ਕਲਾਕ੍ਰਿਤਾਂ ਦੀ ਸੁੰਦਰ ਪ੍ਰਦਰਸ਼ਨੀ ਆਗਾਮੀ 12 ਤੋਂ 14 ਅਗਸਤ ਤੱਕ ਰਵੀਸ਼ੰਕਰ ਰਵੇਲ ਕਲਾ ਭਵਨ, ਨੇੜੇ ਲਾਅ ਗਾਰਡਨ, ਐਲਿਸਬ੍ਰਿਜ, ਅਹਿਮਦਾਬਾਦ ਵਿਖੇ ਆਯੋਜਿਤ ਕੀਤੀ ਜਾ ਰਹੀ ਹੈ। ਸ੍ਰੀ ਦਿਨੇਸ਼ ਪਟੇਲ ਵੱਲੋਂ ਲਗਾਈ ਜਾ ਰਹੀ ਸਬਰੰਗ ਦੇ ਟਾਈਟਲ ਹੇਠ ਪ੍ਰਦਰਸ਼ਨੀ ਵਿਚ ਵੱਖ ਵੱਖ ਆਰਟਿਸਟਾਂ ਦੀਆਂ ਸੁੰਦਰ ਪੇਂਟਿੰਗਜ਼ ਦੇ ਝਲਕਾਰੇ ਦੇਖੇ ਜਾਣਗੇ।

## ਇਹ ਹੈ ਸਾਡਾ ਦੇਸ਼ ਦੁਆਬਾ



-ਰੇਸ਼ਮ ਕਰਨਾਣਵੀ
98158-80104

# ਪਿੰਡ ਕਰਨਾਣਾ 'ਚ ਲੱਗੀਆਂ ਤੀਆਂ ਦੀਆਂ ਰੌਣਕਾਂ
















ਦੁਆਬੇ ਦੇ ਚਰਚਿਤ ਪਿੰਡ ਕਰਨਾਣਾ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਇਸ ਵਾਰ 'ਤੀਆਂ ਤੀਜ ਦੀਆਂ' ਦਾ ਆਯੋਜਨ ਕੀਤਾ ਗਿਆ। ਤੀਆਂ ਦੇ ਇਸ ਰਵਾਇਤੀ ਸਮਾਗਮ ਵਿਚ ਪੰਜਾਬੀ ਵਿਰਸੇ ਅਤੇ ਸਭਿਆਚਾਰ ਨੂੰ ਫਿਰ ਤੋਂ ਪ੍ਰਫੁੱਲਿਤ ਕਰਨ ਹਿੱਤ ਵੱਖ-ਵੱਖ ਤਰ੍ਹਾਂ ਦੀਆਂ ਸਭਿਆਚਾਰਕ ਵੰਨਗੀਆਂ ਦੀ ਪੇਸ਼ਕਾਰੀ ਕੀਤੀ ਗਈ। ਇਸ ਸਮਾਗਮ ਦੀ ਰਸਮੀ ਸ਼ੁਰੂਆਤ ਪਿੰਡ ਕਰਨਾਣਾ ਦੇ ਮੌਜੂਦਾ ਸਰਪੰਚ ਲਵਦੀਪ ਕੁਮਾਰ, ਮੈਂਬਰ ਜ਼ਿਲ੍ਹਾ ਪ੍ਰੀਸ਼ਦ ਰਕੇਸ਼ ਕੁਮਾਰ (ਕੇਸ਼ੀ), ਬਲਵੀਰ ਕੁਮਾਰ, ਦਵਿੰਦਰ ਲਾਖਾ, ਰਾਜ ਕਰਨ ਸ਼ਰਮਾ, ਯੁੱਧਵੀਰ ਸਿੰਘ (ਸਾਰੇ ਮੈਂਬਰ ਪੰਚਾਇਤ), ਲਖਵੀਰ ਸਿੰਘ ਨੰਬਰਦਾਰ ਵੱਲੋਂ ਕਰਵਾਈ ਗਈ।

ਸਮਾਗਮ ਦੇ ਸ਼ੁਰੂ ਵਿਚ ਹਰਪ੍ਰੀਤ ਕੌਰ ਨੇ ਜੀਓ ਤੇ ਜੀਣ ਦਿਓ, ਮੋਨਿਕਾ ਨੇ ਔਰਤ ਦੀ ਦਸ਼ਾ, ਮੀਨੂ ਨੇ ਕਵਿਤਾ ਧੀਆਂ ਪੇਸ਼ ਕੀਤੀ। ਇਸ ਤੋਂ ਬਾਅਦ ਕੋਰੀਓਗ੍ਰਾਫੀ 'ਖੇਡਣ ਦੇ ਦਿਨ ਚਾਰ' ਕੁਲਵਿੰਦਰ, ਮੀਨੂ, ਹਰਪ੍ਰੀਤ, ਸੀਮਾ, ਰੀਨਾ, ਨੋਵਾ ਵੱਲੋਂ ਪੇਸ਼ ਕੀਤੀ ਗਈ। ਇਸ ਤੋਂ ਬਾਅਦ ਛੋਟੀਆਂ ਲੜਕੀਆਂ ਦਾ ਗਿੱਧਾ, ਵਿਸ਼ਾਲੀ, ਸ਼ਾਨੂੰ ਅਤੇ ਮਹਿਕ ਨੇ ਗੀਤਾਂ ਤੇ ਡਾਂਸ ਪੇਸ਼ ਕੀਤਾ। ਹੋਰ ਵੰਨਗੀਆਂ ਵਿਚ ਕੁਲਵਿੰਦਰ ਕੌਰ, ਸੁਖਵਿੰਦਰ ਕੌਰ, ਮੋਨਿਕਾ ਲੱਧੜ, ਵਿਪਨ, ਸੀਮਾ ਲਾਖਾ, ਮੋਨਿਕਾ, ਅਮਨਦੀਪ, ਕੁਲਦੀਪ ਕੌਰ, ਸੀਮਾ ਨੇ ਗਰੁੱਪ ਅਤੇ ਸੋਲੋ ਵਿਚ ਰਾਜਸਥਾਨੀ ਡਾਂਸ ਗੀਤਾਂ ਰਾਹੀਂ ਪੇਸ਼ ਕੀਤਾ। ਨੀਤੂ ਅਤੇ ਮਨੀਸ਼ਾ ਵੱਲੋਂ ਪੇਸ਼ ਸਕਿੱਟ ਹਸਾਉਣ ਦੇ ਨਾਲ ਨਾਲ ਉਸਾਰੂ ਸੁਨੇਹਾ ਦੇ ਗਈਆਂ। ਚੇਅਰਜ਼ ਗੇਮ ਵਿਚ ਪਰਮਜੀਤ ਕੌਰ ਜੇਤੂ ਰਹੀ। ਸਤਨਾਮ ਸਿੰਘ ਨੇ ਆਪਣੇ ਸਾਥੀਆਂ ਨਾਲ ਭੰਗੜਾ ਪਾਇਆ। ਸਿਰਫ ਤੇ ਸਿਰਫ ਲੜਕੀਆਂ ਦੇ ਇਸ ਪ੍ਰੋਗਰਾਮ ਵਿਚ ਸੀਨੀਅਰ ਲੜਕੀਆਂ ਵੱਲੋਂ ਪਾਇਆ ਗਿੱਧਾ ਇਸ ਦੀ ਸ਼ਾਨ ਬਣਿਆ। ਸਟੇਜ ਸਕੱਤਰ ਦੀ ਜ਼ਿੰਮੇਵਾਰੀ ਗੀਤਾ ਅਤੇ ਮੋਨਿਕਾ ਨੇ ਬਾਖੂਬੀ ਨਿਭਾਈ। ਇਸ ਦੌਰਾਨ ਬਹੁਤ ਹੀ ਗਰਮੀ ਅਤੇ ਹੁੰਮਸ ਵਾਲੇ ਮਾਹੌਲ ਨੂੰ ਮੀਂਹ ਦੀਆਂ ਫੁਹਾਰਾਂ ਨਾਲ ਮੌਸਮ ਖੁਸ਼ਗਵਾਰ ਬਣ ਗਿਆ। ਇਸ ਖੁਸ਼ੀ ਵਿਚ ਹਾਜ਼ਰ ਦਰਸ਼ਕਾਂ ਨੇ ਆਪ ਵੀ ਨੱਚ ਕੇ ਖੂਬ ਮਨੋਰੰਜਨ ਕੀਤਾ ਅਤੇ ਸਾਉਣ ਮਹੀਨੇ ਦਾ ਆਨੰਦ ਮਾਣਦਿਆਂ ਪੀਂਘਾਂ ਝੂਟੀਆਂ। ਤੀਆਂ ਦਾ ਮੇਲਾ ਕਰਵਾਉਣ ਲਈ ਕੁਲਵਿੰਦਰ ਕੌਰ ਸੀਮਾ, ਹਰਪ੍ਰੀਤ ਕੌਰ, ਗੀਤਾ, ਰੀਕਾ, ਅਮਨਦੀਪ ਕੌਰ ਨੇ ਰਸ਼ਪਾਲ ਕੌਰ ਅਤੇ ਰੇਸ਼ਮ ਕੌਰ ਦੀ ਅਗਵਾਈ ਵਿਚ ਇਸ ਦੀ ਤਿਆਰੀ ਪੰਦਰਾਂ ਦਿਨ ਪਹਿਲਾਂ ਆਰੰਭੀ। ਪੰਚਾਇਤ ਵੱਲੋਂ ਵੀ ਭਰਪੂਰ ਸਹਿਯੋਗ ਦਿੱਤਾ ਗਿਆ। ਗਿੱਧੇ ਦੀ ਤਿਆਰੀ ਕੁਲਵਿੰਦਰ ਕੌਰ, ਸੀਮਾ, ਕਮਲਦੀਪ ਮਨੂੰ, ਮੋਨਿਕਾ ਨੇ ਕਰਵਾਈ। ਲੜਕੀਆਂ ਦੇ ਉਦਮ ਨਾਲ ਕਰਵਾਇਆ ਇਹ ਸਮਾਗਮ ਯਾਦਗਾਰੀ ਹੋ ਨਿੱਬੜਿਆ।

# ਸਫਲ ਬਜਾਜ- ਬ੍ਰਿਜ ਲਾਲ ਮਿੱਡਾ



ਕਾਰੋਬਾਰ ਦੀ ਸਫਲਤਾ ਲਈ ਸ਼ੁਰੂ-ਸ਼ੁਰੂ ਵਿਚ ਕੀਤੀ ਘਾਲਣਾ ਹੀ ਉਸ ਦੀ ਸਥਾਪਤੀ ਦੀ ਪੱਕੀ ਨੀਂਹ ਉਸਾਰਦੀ ਹੈ। ਉਸ ਤੋਂ ਬਾਅਦ ਵੀ ਮਿਹਨਤ ਨਾਲ ਕੰਮ ਨੂੰ ਚਲਦੇ ਰੱਖਣ ਲਈ ਲਗਾਤਾਰ ਹਾਂ ਪੱਖੀ ਸੋਚ ਦਾ ਪਹਿਰਾ ਰੱਖਣਾ ਹੋਰ ਵੀ ਜ਼ਰੂਰੀ ਹੁੰਦਾ ਹੈ। ਆਪਣੇ ਕੱਪੜੇ ਦੇ ਕਾਰੋਬਾਰ ਨੂੰ ਸਥਾਪਤ ਕਰਨ ਲਈ ਪਾਕਿਸਤਾਨ ਦੇ ਕਮਾਲੀਆਂ 'ਚ ਜਨਮੇ ਬ੍ਰਿਜ ਲਾਲ ਮਿੱਡਾ ਪੁੱਤਰ ਸ੍ਰੀ ਚੰਦਰ ਪ੍ਰਕਾਸ਼ ਮਿੱਡਾ ਨੇ ਵੀ ਉਪਰੋਕਤ ਕਥਨ ਮੁਤਾਬਕ ਹੀ ਪਹਿਰਾ ਦਿੰਦਿਆਂ ਹੀ ਸਫਲਤਾ ਪ੍ਰਾਪਤ ਕੀਤੀ ਹੈ।

ਬ੍ਰਿਜ ਲਾਲ ਹੋਰਾਂ ਦਾ ਪਰਿਵਾਰ ਪਾਕਿਸਤਾਨ ਤੋਂ ਆ ਕੇ ਸੱਤ ਸਾਲ ਤੱਕ ਨਵਾ ਸ਼ਹਿਰ ਰਿਹਾ, ਜਿੱਥੇ ਉਹਨਾਂ ਨੇ ਮੈਟ੍ਰਿਕ ਤੱਕ ਦੀ ਪੜ੍ਹਾਈ ਕੀਤੀ। ਉਸ ਤੋਂ ਬਾਅਦ 1954 ਤੋਂ 1972 ਤੱਕ ਪਿੰਡ ਪੋਸੀ ਗੜ੍ਹਸ਼ੰਕਰ (ਹੁਸ਼ਿਆਰਪੁਰ) ਵਿਚ ਰਹੇ। ਉਹਨਾਂ ਆਪਣੇ ਪਿਤਾ ਪੁਰਖੀ ਕੰਮ ਵਿਚ ਰੁਝਾਨ ਜਾਰੀ ਰੱਖਿਆ ਤੇ ਹੱਥ ਵੰਡਾਉਂਦੇ ਰਹੇ। 1972 ਵਿਚ ਉਹਨਾਂ ਨੇ ਮਾਹਿਲਪੁਰ ਵਿਚ ਆਪਣੇ ਕੰਮ ਦੀ ਛੋਟੀ ਇਕਾਈ ਤੋਂ ਵੱਡੇ ਪੱਧਰ ਤੱਕ ਦਾ ਸਫਰ ਤੈਅ ਕੀਤਾ ਹੈ। ਇਸ ਵਿਚ ਉਹਨਾਂ ਦੀ ਧਰਮ ਪਤਨੀ ਸਵਰਗੀ ਕ੍ਰਿਸ਼ਨਾ ਰਾਣੀ ਦਾ ਪਰਿਵਾਰਕ ਸਹਿਯੋਗ ਵੀ ਉਸਾਰੂ ਰਿਹਾ। ਕੰਮ ਦੀ ਸਫਲਤਾ ਦੇ ਨਾਲ ਨਾਲ ਉਹਨਾਂ ਨੇ ਆਪਣੇ ਤਿੰਨ ਪੁੱਤਰਾਂ ਨੂੰ ਚੰਗੀ ਪੜ੍ਹਾਈ ਕਰਵਾ ਕੇ ਉਹਨਾਂ ਨੂੰ ਸੈਟ ਕਰਨ ਲਈ ਆਪਣਾ ਸਹਿਯੋਗ ਦਿੱਤਾ। ਉਹਨਾਂ ਦਾ ਵੱਡਾ ਲੜਕਾ ਰਾਜ ਕਿਸ਼ੋਰ ਮਿੱਡਾ ਬੀ. ਏ. ਤੱਕ ਦੀ ਪੜ੍ਹਾਈ ਕਰਕੇ ਉਹਨਾਂ ਦੇ ਨਾਲ ਹੀ ਮਿੱਡਾ ਕਲਾਥ ਹਾਊਸ ਵਿਚ ਕੰਮ ਕਰ ਰਿਹਾ ਹੈ। ਉਸ ਤੋਂ ਛੋਟਾ ਯਸ਼ਪਾਲ ਮਿੱਡਾ ਵੀ ਬੀ. ਏ. ਦੀ ਪੜ੍ਹਾਈ ਕਰਨ ਤੋਂ ਬਾਅਦ ਵਿਆਹ ਕਰਵਾ ਕੇ ਅਮਰੀਕਾ ਦੇ ਸ਼ਹਿਰ ਸ਼ਿਕਾਗੋ ਵਿਚ ਜਾ ਵੱਸਿਆ ਹੈ। ਛੋਟਾ ਲੜਕਾ ਹੈਪੀ ਮਿੱਡਾ ਵੀ ਬੀ. ਏ. ਕਰਕੇ ਆਪਣਾ ਪੈਟਰੋਲ ਪੰਪ ਦਾ ਕਾਰੋਬਾਰ ਸੰਭਾਲ ਰਿਹਾ ਹੈ ਤੇ ਕੰਮ ਵਿਚ ਵੀ ਸਹਿਯੋਗਦੇ ਰਿਹਾ ਹੈ। ਮਾਹਿਲਪੁਰ ਦੇ ਸ਼ਹਿਰ ਅਤੇ ਇਲਾਕੇ ਵਿਚ ਮਿੱਡਾ ਕਲਾਥ ਹਾਊਸ ਇਲਾਕੇ ਭਰ ਦੇ ਖਪਤਕਾਰਾਂ ਲਈ ਹਰ ਤਰ੍ਹਾਂ ਦਾ ਕੱਪੜਾ ਖਰੀਦਣ ਲਈ ਇਕ ਖਾਸ ਤੇ ਜਾਣਿਆ ਪਛਾਣਿਆ ਨਾਂ ਹੈ। *-ਰੇਸ਼ਮ ਕਰਨਾਣਵੀ (98158-80104)*

# ਉੱਤਰ ਪ੍ਰਦੇਸ਼ 'ਚ ਜੰਗਲ ਰਾਜ, ਕੇਂਦਰ ਕਰੇ ਦਖਲਅੰਦਾਜ਼ੀ- ਮਾਇਆਵਤੀ

ਲਖਨਊ- ਬਹੁਜਨ ਸਮਾਜ ਪਾਰਟੀ (ਬਸਪਾ) ਦੀ ਪ੍ਰਧਾਨ ਮਾਇਆਵਤੀ ਨੇ ਉੱਤਰ ਪ੍ਰਦੇਸ਼ 'ਚ ਜੰਗਲ ਰਾਜ ਦੱਸਦੇ ਹੋਏ ਕੇਂਦਰ ਸਰਕਾਰ ਤੋਂ ਦਖਲਅੰਦਾਜ਼ੀ ਦੀ ਮੰਗ ਕੀਤੀ ਹੈ। ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਉੱਤਰ ਪ੍ਰਦੇਸ਼ ਦੇ ਪੂਰਬੀ ਇਲਾਕਿਆਂ 'ਚ ਆਪਣੀ ਪਾਰਟੀਆਂ ਦੀਆਂ ਤਿਆਰੀਆਂ ਦਾ ਜਾਇਜ਼ਾ ਲੈਂਦੇ ਹੋਏ ਸੁਸ਼੍ਰੀ ਮਾਇਆਵਤੀ ਨੇ ਕਿਹਾ ਕਿ ਸਿਆਸੀ ਦ੍ਰਿਸ਼ਟੀ ਨਾਲ ਮੱਹਤਵਪੂਰਨ ਉੱਤਰ ਪ੍ਰਦੇਸ਼ 'ਚ ਇਸ ਸਮੇਂ ਗੁੰਡਿਆਂ, ਮਾਫਿਆਵਾਂ ਅਤੇ ਅਪਰਾਧਕ ਤੱਤਾਂ ਦਾ ਬੋਲਬਾਲਾ ਹੈ।

ਬਲਾਤਕਾਰ, ਕਤਲ ਅਤੇ ਲੁੱਟ ਦੀਆਂ ਘਟਨਾਵਾਂ ਵਧਦੀਆਂ ਹਨ। ਸਥਿਤੀ ਬਹੁਤ ਹੀ ਚਿੰਤਾਜਨਕ ਹੈ ਇਸ ਲਈ ਕੇਂਦਰ ਸਰਕਾਰ ਨੂੰ ਦਖਲਅੰਦਾਜ਼ੀ ਕਰਨੀ ਚਾਹੀਦੀ ਹੈ।

ਪਾਰਟੀ ਸੰਸਦ ਮੈਂਬਰਾਂ, ਵਿਧਾਇਕਾਂ ਅਤੇ ਅਹੁਦਾ ਅਧਿਕਾਰੀਆਂ ਨੂੰ ਲਾਲਚ ਅਤੇ ਸਿਆਸੀ ਯੋਜਨਾ ਤੋਂ ਸਾਵਧਾਨ ਰਹਿਣ ਦੀ ਅਪੀਲ ਕਰਦੇ ਹੋਏ ਉਨ੍ਹਾਂ ਨੇ ਸਾਰਿਆਂ ਤੋਂ ਸਮਾਜ ਵਿਚ ਜਾ ਕੇ ਪਾਰਟੀ ਦੇ ਰੀਤੀ-ਰਿਵਾਜ਼ਾਂ ਨੂੰ ਸਮਝਾਉਣ ਦਾ ਸੁਝਾਅ ਦਿੱਤਾ।

ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਨੇ ਉੱਤਰ ਪ੍ਰਦੇਸ਼ ਦੇ ਵਿਕਾਸ ਲਈ ਕੇਂਦਰ ਤੋਂ 80 ਹਜ਼ਾਰ ਕਰੋੜ ਰੁਪਏ ਦੇ ਪੈਕੇਜ ਦੀ ਮੰਗ ਕੀਤੀ ਸੀ ਪਰ ਮਨਮੋਹਨ ਸਰਕਾਰ ਨੇ ਇਹ ਮੰਗ ਅਣਸੁਣੀ ਕਰ ਦਿੱਤੀ ਸੀ।

# 96 ਨਜ਼ਰ ਕਮਜ਼ੋਰ ਬੱਚਿਆਂ ਨੂੰ ਮੁਫਤ ਐਨਕਾਂ ਵੰਡੀਆਂ

ਮਾਹਿਲਪੁਰ- ਸਿਵਲ ਸਰਜਨ ਹੁਸ਼ਿਆਰਪੁਰ ਡਾ.ਸੁਰਜੀਤ ਸਿੰਘ ਜੀ ਦੇ ਦਿਸ਼ਾ ਨਿਦੇਸ਼ਾਂ ਅਤੇ ਐਸ.ਐਮ.ਓ ਪਾਲਦੀ ਡਾ ਪਰਮਜੀਤ ਕੌਰ ਦੀ ਅਗਵਾਈ ਵਿਚ ਵੱਖ-ਵੱਖ ਸਕੂਲਾਂ ਦੇ ਨਜ਼ਰ ਕਮਜ਼ੋਰ 70 ਬੱਚਿਆ ਨੂੰ ਮੁਫਤ ਐਨਕਾਂ ਨੈਸ਼ਨਲ ਕੰਟਰੋਲ ਆਫ਼ ਬਲਾਂਈਡਨੈਸ ਸਕੀਮ ਅਧੀਨ ਵੰਡੀਆਂ ਗਏਆਂ। ਇਸੇ ਕੜੀ ਤਹਿਤ ਪਰਮਿੰਦਰ ਸਿੰਘ ਅਪਥਾਲਮਿਕ ਅਧਿਕਾਰੀ ਪਾਲਦੀ ਨੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਖੈਰੜ ਵਿਚ ਪ੍ਰਿੰਸੀਪਲ ਲੈਂਹਬਰ ਰਾਮ ਅਤੇ ਸਮੂਹ ਸਟਾਫ ਦੀ ਹਾਜ਼ਰੀ 'ਚ 26 ਬੱਚਿਆ ਨੂੰ ਮੁਫਤ ਐਨਕਾ ਵੰਡੀਆ। ਇਸ ਮੌਕੇ ਡਾ ਪਰਮਿੰਦਰ ਸਿੰਘ ਵਲੋਂ ਸਕੂਲ ਦੇ ਬੱਚਿਆਂ ਨੂੰ ਅੱਖਾਂ ਅਤੇ ਬਰਸਾਤ ਵਿਚ ਬੱਚਿਆਂ ਨੂੰ ਹੋਣ ਵਾਲੀਆਂ ਬਿਮਾਰੀਆਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ।



## ਸੰਤ ਹਰਚਰਨ ਦਾਸ ਦੀ ਤੀਸਰੀ ਬਰਸੀ 9 ਅਗਸਤ ਨੂੰ

ਸ਼ਿਵ ਕੁਮਾਰ ਬਾਵਾ)

ਮਾਹਿਲਪੁਰ, 7 ਅਗਸਤ - ਬਲਾਕ ਮਾਹਿਲਪੁਰ ਦੇ ਪਹਾੜੀ ਖਿੱਤੇ ਦੇ ਪਿੰਡ ਜੇਜੋਂ ਦੁਆਬਾ ਵਿਖੇ ਸਥਿੱਤ ਡੇਰਾ ਰਤਨਪੁਰੀ ਵਿੱਚ ਸੰਤ ਹਰਚਰਨ ਦਾਸ ਦੀ ਤੀਸਰੀ ਸਲਾਨਾ ਬਰਸੀ 9 ਅਗਸਤ ਨੂੰ ਮਨਾਈ ਜਾ ਰਹੀ ਹੈ।

ਡੇਰਾ ਮੁਖੀ ਸੰਤ ਮੀਨਾ ਦੇਵੀ ਨੇ ਦੱਸਿਆ ਕਿ ਇਸ ਮੌਕੇ ਜੋੜ ਮੇਲਾ ਡੇਰਾ ਰਤਨਪੁਰੀ ਵਿੱਚ ਸਵੇਰੇ 10-00 ਵਜੇ ਸ੍ਰੀ ਅਖੰਡ ਪਾਠ ਸਾਹਿਬਾਂ ਦੀ ਲੜੀ ਦੇ ਭੋਗ ਪਾਉਣ ਉਪਰੰਤ ਸਵੇਰੇ 10-00 ਵਜੇ ਤੋਂ 2-00 ਵਜੇ ਤੱਕ ਸੰਤ ਮਹਾਂਪੁਰਸ਼ਾਂ ਵੱਲੋਂ ਪ੍ਰਵਚਨ ਅਤੇ ਕੀਰਤਨ ਕੀਤਾ ਜਾਵੇਗਾ। ਇਸ ਮੌਕੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ।

**15 ਅਗਸਤ 'ਤੇ ਵਿਸ਼ੇਸ਼ ਲੇਖ**

# ਭਾਰਤ ਨਿਰਮਾਣ ਦਾ ਵਿਦੇਸ਼ੀ ਨਿਰਮਾਣਕਾਰ : ਪੈਰੀ ਜੈਨਰੇ



ਬਲਬੀਰ ਮਾਧੋਪੁਰੀ
91-93505-48100

ਪੈਰੀ ਜੈਨਰੇ ਵੀਹਵੀਂ ਸਦੀ ਦੇ ਪ੍ਰਮੁੱਖ ਨਿਰਮਾਣਕਾਰਾਂ ਵਿਚੋਂ ਸੀ। ਉਸ ਦਾ ਵੱਡਾ ਭਰਾ (ਕਜ਼ਨ) ਚਾਰਲਸ-ਐਡਰਡ ਜੈਨਰੇ ਸੀ ਜੋ ਕਰਬੂਜ਼ੇ ਵਜੋਂ ਪ੍ਰਸਿੱਧ ਹੋਇਆ। ਉਹ ਪਹਿਲਾਂ ਹੀ ਭਾਰਤ ਦੇ ਨਿਰਮਾਣ ਕਾਰਜਾਂ ਵਿਚ ਜੁਟਿਆ ਹੋਇਆ ਸੀ ਤੇ ਉਸ ਨੇ ਹੀ ਆਪਣੇ ਤੋਂ 15 ਸਾਲ ਛੋਟੇ ਪੈਰੀ ਜੈਨਰੇ ਨੂੰ ਆਪਣੇ ਕੰਮ ਦੇ ਭਾਈਵਾਲ ਵਜੋਂ 1950 ਵਿਚ ਭਾਰਤ ਲਿਆਂਦਾ ਜਿਸ ਨੇ ਸੁਤੰਤਰ ਭਾਰਤ ਦੇ ਨਿਰਮਾਣ ਵਿਚ ਵਿਲੱਖਣ ਯੋਗਦਾਨ ਪਾਇਆ।

ਜੈਨਰੇ ਆਪਣੇ ਸੁਭਾਅ ਪੱਖੋਂ ਕੰਮ ਨੂੰ ਸਮਰਪਿਤ ਵਿਅਕਤੀ ਸੀ। ਇਸ ਗੱਲ ਨੂੰ ਧਿਆਨ ਵਿਚ ਰੱਖਦਿਆਂ ਸਾਡੇ ਪਹਿਲੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੇ ਉਸ ਨੂੰ ਅਣਵੰਡੇ ਪੰਜਾਬ ਰਾਜ ਦਾ (1958 ਤੋਂ 1965 ਤੱਕ) ਪਹਿਲਾ ਮੁੱਖ ਨਿਰਮਾਣਕਾਰ ਤੇ ਮੁੱਖ -ਸ਼ਹਿਰੀ ਯੋਜਨਾਕਾਰ ਨਿਯੁਕਤ ਕੀਤਾ। ਉਹ ਆਪਣੇ ਕੰਮ ਵਿਚ ਇੰਨਾ ਰੁੱਝਿਆ ਰਹਿੰਦਾ ਕਿ ਨਹਿਰੂ ਖੁਦ ਉਸ ਨੂੰ ਮਿਲਣ ਉਸ ਦੇ ਦਫਤਰ ਜਾਂਦੇ ਜਦ ਕਿ ਜੈਨਰੇ ਨੇ 15 ਸਾਲਾਂ ਤਕ ਆਪਣਾ ਬਹੁਤਾ ਕੰਮ ਚੰਡੀਗੜ੍ਹ ਤੋਂ ਹੀ ਕੀਤਾ। ਚੰਡੀਗੜ੍ਹ -ਸ਼ਹਿਰ ਬਣਾਉਣ-ਵਸਾਉਣ ਵਿਚ ਉਹ ਆਪਣੇ ਭਰਾ ਵਾਂਗ ਬਰਾਬਰ ਦਾ ਨਿਰਮਾਣਕਾਰ ਸੀ।

ਨਹਿਰੂ ਤੇ ਜੈਨਰੇ ਭਾਰਤ ਦੇ ਨਵ-ਟਾਊਨਸ਼ਿੱਪ ਬਣਾਏ। ਉਸ ਨੇ ਪਾਣੀ ਨੂੰ ਉਦਯੋਗ ਵਜੋਂ ਵਰਤਣ ਦੀ ਸਲਾਹ ਦਿਤੀ। ਖੇਤੀਬਾੜੀ ਵਾਸਤੇ ਪਾਣੀ ਦੀ ਢੁੱਕਵੀਂ ਵਰਤੋਂ ਲਈ ਤਕਨੀਕਾਂ ਸੁਝਾਈਆਂ। ਉਹ ਉਚਿਤ ਤਕਨਾਲੋਜੀ ਰਾਹੀਂ ਭਵਿੱਖ ਦੇ ਭਾਰਤ ਦੀਆਂ ਲੋੜਾਂ ਦੀ ਪੂਰਤੀ ਚਾਹੁੰਦਾ ਸੀ।

ਜੈਨਰੇ ਜਦੋਂ ਫੁਰਸਤ ਵਿਚ ਹੁੰਦਾ ਤਾਂ ਪੰਜਾਬ ਦੇ ਪਿੰਡਾਂ ਨੂੰ ਦੇਖਣ ਲਈ ਵਕਤ ਕੱਢਦਾ। ਉਹ ਕੁਦਰਤ ਦੇ ਅੰਗ-ਸੰਗ ਰਹਿੰਦਿਆਂ ਪਿੰਡਾਂ ਦੇ ਲੋਕਾਂ ਦੀ ਹਾਲਤ ਨੂੰ ਡੂੰਘੀ ਨੀਝ ਨਾਲ ਦੇਖਦਾ। ਉਸ ਉਤੇ ਵਿਚਾਰਾਂ ਕਰਦਾ। ਜਦੋਂ ਉਸ ਨੇ ਰੋਪੜ ਦੇ ਆਲੇ-ਦੁਆਲੇ ਤੇ ਨਾਲ ਦੇ ਜ਼ਿਲ੍ਹਿਆਂ ਵਿਚ ਔਰਤਾਂ ਨੂੰ ਦੂਰੋਂ-ਦੂਰੋਂ ਪਾਣੀ ਢੋਂਦਿਆਂ ਦੇਖਿਆ ਤਾਂ ਉਸ ਨੇ ਸੁਝਾਅ ਦਿਤਾ ਕਿ ਪਿੰਡਾਂ ਵਿਚ ਰਹਿੰਦੇ ਲੋਕਾਂ ਤੇ ਪਸ਼ੂਆਂ ਵਾਸਤੇ ਪਾਈਪਾਂ ਰਾਹੀਂ ਪਾਣੀ ਲਿਜਾਇਆ ਜਾਵੇਗ ਇਸ ਨਾਲ ਇਸਤਰੀਆਂ ਦਾ ਜੋ ਵਕਤ ਬਚੇਗਾ ਉਸ ਨੂੰ ਖੇਤੀਬਾੜੀ ਤੇ ਉਤਪਾਦਨ ਦੇ ਹੋਰ ਕੰਮਾਂ ਵਿਚ ਲਾਇਆ ਜਾ ਸਕੇਗਾ। ਪਾਣੀ ਦੀ ਉਚਿਤ ਵਰਤੋਂ ਵੀ ਹੋਵੇਗੀ ਤੇ ਉਸ ਦੀ ਬਰਬਾਦੀ ਦੇ ਮੌਕੇ ਵੀ ਘਟਣਗੇ।

ਪੈਰੀ ਜੈਨਰੇ ਨੇ ਸਰਕਾਰ ਨੂੰ ਸਲਾਹ ਦਿਤੀ ਕਿ ਜੇ ਪਿੰਡਾਂ ਵਿਚੋਂ ਦਲਿੱਦਰ ਕੱਢਣਾ ਹੈ, ਗਰੀਬੀ-ਅਮੀਰੀ ਦੇ ਫਰਕ ਨੂੰ ਘਟਾਉਣਾ ਹੈ, ਸਾਫ-ਸੁਥਰਾ ਸਮਾਜਿਕ ਤੇ ਪਹਿਨਾਉਣ ਲਈ "ਦਿਉ ਤੇ ਲਉ'' ਦੀ ਨੀਤੀ ਅਪਣਾਈ ਜਾ ਸਕਦੀ ਹੈ। ਪੈਰੀ ਜੈਨਰੇ ਦੇ ਵਿਚਾਰਾਂ ਦੀ ਸਾਰਥਕਤਾ ਨੂੰ ਸਮਝਦਿਆਂ ਉਨ੍ਹਾਂ ਤੋਂ ਮਾਰਗ ਦਰਸ਼ਨ ਲਿਆ ਜਾ ਸਕਦਾ ਹੈ ਕਿਉਂਕਿ ਉਹ ਇਕ ਸਮਾਜਿਕ- ਸੁਧਾਰਕ ਸੀ ਤੇ ਗਰੀਬਾਂ ਦਾ ਹਮਦਰਦ ਸੀ। ਭਾਰਤ ਦੇ ਭਵਿੱਖ ਦੀ ਉਸ ਨੂੰ ਚਿੰਤਾ ਸੀ। ਉਸ ਦਾ ਨੌਜਵਾਨ ਪੀੜ੍ਹੀਆ ਤੇ ਲੋਕਤੰਤਰ ਵਿਚ ਵਿਸ਼ਵਾਸ ਸੀ।

ਪੈਰੀ ਜੈਨਰੇ ਭਾਰਤ ਨਿਰਮਾਣ ਕਾਰਜਾਂ ਵਿਚ 1950 ਤੋਂ 1965 ਤਕ ਰੁੱਝਾ ਰਿਹਾ। ਉਹ ਇਕ-ਇਕ ਸਾਹ ਦੀ ਕਦਰ ਕਰਦਾ। ਉਹ ਇਥੋਂ ਜਾਣਾ ਹੀ ਨਹੀਂ ਚਾਹੁੰਦਾ ਸੀ। ਆਪਣੇ ਦੇਸ਼ ਪਰਤਣ ਦੀ ਵਜ੍ਹਾ ਉਸ ਦੀ ਸਿਹਤ ਵਿਚ ਖਰਾਬੀ ਸੀ ਕਿਉਂਕਿ ਉਹ ਹਰ ਮੌਸਮ ਵਿਸ਼ੇਸ਼ ਤੌਰ ਤੇ ਭਰ ਗਰਮੀ ਦੇ ਦਿਨਾਂ ਵਿਚ ਵੀ ਆਪਣੇ ਵਾਤਾਨੁਕੂਲ ਦਫਤਰ ਵਿਚ ਨਾ ਬਹਿੰਦਾ ਸਗੋਂ ਮਜ਼ਦੂਰਾਂ ਤੇ ਕਾਰੀਗਰਾਂ ਦੇ ਨਾਲ-ਨਾਲ ਰਹਿੰਦਾ। ਉਨ੍ਹਾਂ ਨੂੰ ਉਤਸ਼ਾਹਤ ਤੇ ਪ੍ਰੇਰਦਾ ਕਰਦਾ ਰਹਿੰਦਾ। ਉਨ੍ਹਾਂ ਕੋਲ ਬਹਿ ਕੇ ਖਾਣ-ਪੀਣ ਨੂੰ ਤਰਜੀਹ ਦਿੰਦਾ।

1896 ਵਿਚ ਜਨਮਿਆ ਪੈਰੀ ਜੈਨਰੇ 4 ਦਸੰਬਰ, 1967 ਨੂੰ ਆਪਣੇ ਦੇਸ਼ ਸਵਿਟਜ਼ਰਲੈਂਡ ਵਿਚ ਆਪਣੀ ਜੰਮਣ-ਭੋਇੰ ਜਨੇਵਾ ਵਿਚ ਚੱਲ ਵਸਿਆ।

ਪੈਰੀ ਜੈਨਰੇ ਮੇਰਾ ਗੁਰੂ ਪੈਰੀ ਜੈਨਰੇ ਨਾਲ ਮੈਨੂੰ 53 ਸਾਲ ਪਹਿਲਾਂ ਬਤੌਰ ਸਹਾਇਕ ਨਿਰਮਾਣਕਾਰ (ਅਸਿਸਟੈਂਟ ਆਰਕੀ-ਟੈਕਚਰ) ਵਜੋਂ ਕੁਝ ਵਰ੍ਹੇ ਕੰਮ ਕਰਨ ਦਾ ਮੌਕਾ ਮਿਲਿਆ। ਉਹ ਆਪਣੇ ਨਿਰਮਾਣ-ਪੇਸ਼ੇ ਵਿਚ ਬਹੁਤ ਮਾਹਰ ਸੀ ਤੇ ਉਂਝ ਵੀ ਯੋਗਤਾ ਪ੍ਰਾਪਤ ਆਰਕੀਟੈਕਚਰ ਸੀ। ਉਸ ਦਾ ਵੱਡਾ ਭਰਾ ਲੀ ਕਰਬੂਜ਼ੇ ਆਪਣੇ ਤੇ ਜੈਨਰੇ ਦੇ ਕੰਮਾਂ ਨੂੰ ਲਿਖਤਾਂ ਰਾਹੀਂ ਉਭਾਰਦਾ ਸੀ। ਉਸ ਨੇ ਆਰਕੀਟੈਕਟ ਵਿਸ਼ੇ ਉਤੇ 90 ਤੋਂ ਵੱਧ ਪੁਸਤਕਾਂ ਲਿਖੀਆ। ਉਨ੍ਹਾਂ ਯੂਰਪ ਤੇ ਭਾਰਤ ਦੇ ਨਿਰਮਾਣ ਕਾਰਜ ਨਾਲੋ-ਨਾਲ ਵਿੱਢੀ ਰੱਖੇ। ਉਹ ਦੋਵੇਂ ਕਰਬੂਜ਼ੇ ਭਰਾਵਾਂ ਵਜੋਂ ਪ੍ਰਸਿੱਧ ਹੋਏ।

ਜੈਨਰੇ ਨੂੰ ਮੈਂ ਆਪਣਾ ਗੁਰੂ ਸਮਝਦਾ ਹਾਂ, ਉਹ ਸਹੀ ਮਾਅਨਿਆਂ ਵਿਚ ਆਰਕੀਟੈਕਚਰ ਸੀ। ਉਸ ਨੇ ਸਾਨੂੰ "ਵਿਸ਼ਵ ਨਿਰਮਾਣਕਾਰ ਦਾ ਪਵਿੱਤਰ ਵਿਚਾਰ ਸਿਖਾਇਆ। ਉਸ ਦਾ ਪੱਕਾ ਵਿਸ਼ਵਾਸ ਸੀ ਕਿ ਮਨੁੱਖ ਨਿਰਮਾਣ ਸਿਰਜਣਾ



ਪੈਰੀ ਜੈਨਰੇ



ਪੈਰੀ ਜੈਨਰੇ

ਨਿਰਮਾਣ ਵਿਚ ਮਿਲਦੇ-ਜੁਲਦੇ ਵਿਚਾਰ ਰੱਖਦੇ ਸਨ। ਜੈਨਰੇ ਭਾਰਤ ਦੇ ਸੰਦਰਭ ਵਿਚ ਚਾਹੁੰਦਾ ਸੀ ਕਿ "ਵਿਕਾਸ ਬਿਨਾਂ ਵਿਰੋਧੀ ਹੋਵੇ। ਇਸ ਦੇ ਪਿੱਛੇ ਭਾਰਤ ਦੀ ਪੁਰਾਤਨ ਸਭਿਅਤਾ, ਯੋਗ ਵਿੱਦਿਆ ਤੇ ਹੋਰ ਤੱਤ ਤੇ ਤੱਥ ਕਾਰਜਸ਼ੀਲ ਸਨ। ਇਸ ਦੇ ਨਾਲ-ਨਾਲ ਉਸ ਨੂੰ ਦੋ ਮਹਾਨ ਵਿਅਕਤੀ; ਅਲਬਰਟ ਆਈਨਸਟੀਨ ਤੇ ਮਹਾਤਮਾ ਗਾਂਧੀ ਪ੍ਰਭਾਵਿਤ ਕਰਦੇ ਰਹੇ। ਉਹ ਆਪਣੀ ਸੋਚ "ਵਿਗਿਆਨ ਤੇ ਇਨਸਾਨ' ਦੀ ਬਿਹਤਰੀ ਦੇ ਸੁਮੇਲ ਨੂੰ ਅਮਲ ਵਿਚ ਲਿਆਉਣ ਲਈ ਉਤਾਵਲਾ ਰਹਿੰਦਾ। ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੇ ਇਸ ਅੰਦਰ ਬਣੇ ਗਾਂਧੀ ਭਵਨ ਅਤੇ ਅਮਨ ਤੇ ਖੁਸ਼ਹਾਲੀ ਲਈ ਪ੍ਰਮਾਣੂ ਊਰਜਾ ਯਾਦਗਾਰ ਇਸੇ ਦ੍ਰਿਸ਼ਟੀ ਦੇ ਕਮਾਲ ਹਨ। ਉਸ ਦਾ ਗਾਂਧੀ-ਸਿਧਾਂਤਾਂ ਵਿਚ ਇੰਨਾ ਵਿਸ਼ਵਾਸ ਸੀ ਕਿ ਉਸ ਨੇ ਆਪਣੇ ਸਮੁੱਚੇ ਜੀਵਨ ਨੂੰ ਭਾਰਤ ਵਿਚ ਕੰਮ ਲਈ ਸਮਰਪਿਤ ਕਰ ਦਿਤਾ।

ਆਪਣੀ ਧਨ-ਦੌਲਤ ਤੇ ਸ਼ਕਤੀ ਨੂੰ ਮਨੁੱਖਤਾ ਲੇਖੇ ਲਾਇਆ, ਬੱਚਿਆਂ ਤੇ ਦਲਿਤਾਂ ਨੂੰ ਅਥਾਹ ਪਿਆਰ ਕਰਦਿਆਂ ਉਹ ਵਿਆਹ ਕਰਾ ਲੈਣ ਲਈ ਵਕਤ ਵੀ ਨਾ ਕੱਢ ਸਕਿਆ। ਉਹ ਆਪਣਾ ਯਕੀਨ ਜ਼ਾਹਿਰ ਕਰਦਾ ਕਿ ਲੋਕ ਵਿਸ਼ਵਾਸ ਨਹੀਂ ਕਰਿਆ ਕਰਨਗੇ ਕਿ ਗਾਂਧੀ ਵਰਗਾ ਮਨੁੱਖ ਧਰਤੀ 'ਤੇ ਆਇਆ ਸੀ।

ਦਰਅਸਲ, ਨਹਿਰੂ ਭਾਰਤ ਨਿਰਮਾਣ ਲਈ ਫਿਕਰਮੰਦ ਰਹਿੰਦੇ ਤੇ ਨਵੀਂ-ਨਵੀਂ ਸੋਚ ਨਿਰਮਾਣਕਾਰਾਂ ਅੱਗੇ ਰੱਖਦੇ। ਪੈਨਰੇ ਦੇ ਵਿਚਾਰਾਂ ਨੂੰ ਅਹਿਮੀਅਤ ਦਿੰਦੇ ਇਉਂ, ਯੋਜਨਾ ਆਯੋਗ ਨੇ ਨਹਿਰੂ ਰਾਜ-ਕਾਲ ਦੌਰਾਨ ਭਾਰਤੀ ਸਮਾਜ ਦੇ ਵਿਕਾਸ ਨੂੰ ਉਚੇਰੀ ਤਰਜੀਹ ਦਿਤੀ ਤੇ ਨਹਿਰੂ ਦੇ ਵਿਚਾਰਾਂ ਨੂੰ ਅਮਲੀ ਜਾਮਾ ਪਹਿਨਾਉਣ ਲਈ ਪ੍ਰਭਾਵਸ਼ਾਲੀ ਜੁਗਤਾਂ ਵਰਤੀਆਂ।

ਸੱਚੀ ਗੱਲ ਤਾਂ ਇਹ ਹੈ ਕਿ ਪੈਰੀ ਜੈਨਰੇ ਭਾਰਤ ਵਿਸ਼ੇਸ਼ ਤੌਰ ਤੇ ਪੰਜਾਬ ਨੂੰ ਦੁਨੀਆਂ ਦਾ ਸਭ ਤੋਂ ਸਾਨਦਾਰ ਖਿੱਤਾ ਬਣਾਉਣਾ ਚਾਹੁੰਦਾ ਸੀ। ਇਸੇ ਲਈ ਉਸ ਨੇ ਸ਼ਹਿਰ ਵਸਾਉਣ ਤੋਂ ਲੈ ਕੇ ਇਥੋਂ ਦੇ ਦਰਿਆਵਾਂ ਦੇ ਪਾਣੀਆਂ ਦੀ ਸੁਚੱਜੀ ਵਰਤੋਂ ਲਈ ਬੇਸ਼ੁਮਾਰ ਕੋਸ਼ਿਸ਼ਾਂ ਕੀਤੀਆਂ। ਉਸ ਨੇ ਤਲਵਾੜਾ ਟਾਊਨਸ਼ਿੱਪ 50 ਹਜ਼ਾਰ ਲੋਕਾਂ ਦੀ ਰਿਹਾਇਸ਼ ਲਈ ਉਸਾਰਿਆ। ਸੁੰਦਰ ਨਗਰ, ਪੰਡੋਹ ਡੈਮ ਤੇ ਸਲੈਪਰ ਪ੍ਰਕਿਰਤਕ ਵਾਤਾਵਰਨ ਸਿਰਜਨਾ ਹੈ ਤਾਂ ਚਾਰ-ਮੰਜ਼ਲੇ ਮਕਾਨ ਉਸਾਰੇ ਜਾਣ ਜੋ ਕੁਦਰਤੀ ਆਫਤਾਂ ਦਾ ਮੁਕਾਬਲਾ ਕਰਨ ਦੇ ਯੋਗ ਹੋਣ। ਯਾਨੀ ਹਰ ਪਿੰਡ ਦਾ ਨਕਸ਼ਾ ਹੋਵੇ, ਉਸ ਅਨੁਸਾਰ ਸਭ ਕੁਝ ਬਣਾਇਆ ਜਾਵੇ। ਇਉਂ ਸਮੁੱਚੇ ਰਾਜ ਦੀ ਇਕਸਾਰਤਾ ਤੇ ਸੁੰਦਰਤਾ ਹੋਵੇਗੀ ਤੇ ਇਸ ਨਮੂਨੇ ਨੂੰ ਸਮੁੱਚੇ ਭਾਰਤ ਦੇ ਨਿਰਮਾਣ ਲਈ ਆਧਾਰ ਬਣਾਇਆ ਜਾ ਸਕਦਾ ਹੈ। ਸਮੂਹਿਕ ਮਕਾਨ ਉਸਾਰੀ ਸਾਰੇ ਤਰ੍ਹਾਂ ਦੇ ਖਰਚਾਂ ਨੂੰ ਘਟਾਉਣ ਵਿਚ ਮਦਦ ਕਰ ਸਕਦੀ ਹੈ ਜਿਵੇਂ ਸੜਕਾਂ ਦਾ ਨਿਰਮਾਣ, ਬਿਜਲੀ ਸਪਲਾਈ ਲਈ ਬੁਨਿਆਦੀ ਢਾਂਚਾ, ਜਲ ਸਪਲਾਈ ਲਈ ਪਾਈਪਾਂ ਦੀ ਬੱਚਤ, ਸਮਾਜਿਕ ਸਦਭਾਵਨਾ ਵਿਚ ਵਧੇਰੇ ਸੁਧਾਰ ਹੋਵੇਗਾ ਅਤੇ ਕੂੜਾ ਸੁੱਟਣ ਦੀਆਂ ਨਿਸਚਤ ਥਾਵਾਂ ਕੁਦਰਤੀ ਵਾਤਾਵਰਨ ਨੂੰ ਸੰਤੁਲਿਤ ਬਣਾਏ ਰੱਖਣ ਵਿਚ ਚੋਖੀ ਮਦਦ ਕਰ ਸਕਦੀਆਂ ਹਨ। ਸਕੂਲੀ ਸਿੱਖਿਆ ਉਸ ਦੀ ਤਰਜੀਹ ਦਾ ਵਿਸ਼ਾ ਸੀ ਕਿ ਇਸ ਨਾਲ ਸਮੂਹ ਸਮਾਜ ਨੂੰ ਲਾਭ ਪਹੁੰਚੇਗਾ ਤੇ ਭਾਰਤ ਭਰਪੂਰ ਤਰੱਕੀ ਕਰ ਸਕਦਾ ਹੈ।

ਦੂਜੇ -ਬਦਲਾਅ ਵਿਚ, ਪੈਰੀ ਜੈਨਰੇ ਦੀਆਂ ਤਿੰਨ ਬੁਨਿਆਦੀ ਤਰਜੀਹਾਂ ਸਨ - ਹਿੰਦੁਸਤਾਨੀਅਤ, ਇਨਸਾਨੀਅਤ ਤੇ ਪੰਜਾਬੀਅਤ। ਇਨ੍ਹਾਂ ਨੂੰ ਸਮਾਜਿਕ, ਆਰਥਿਕ ਤੇ ਪਦਾਰਥਕ ਪੱਧਰ ਉਤੇ ਕਿਵੇਂ ਲਾਗੂ ਕਰਨਾ ਹੈ ਇਸ ਵਾਸਤੇ ਪਿੰਡ ਪੱਧਰ, ਬਲਾਕ ਪੱਧਰ ਤੇ ਫਿਰ ਰਾਜ ਪੱਧਰ ਉਤੇ ਪੰਚਾਇਤੀ ਰਾਜ ਦਾ ਢਾਂਚਾ ਵਧੀਆ ਆਧਾਰ ਹੋ ਸਕਦਾ ਹੈ। ਉਹ ਇਹ ਵੀ ਚਾਹੁੰਦਾ ਸੀ ਕਿ ਬਿਹਤਰ ਸਿਹਤ ਸਹੂਲਤਾਂ ਹੋਣ। ਕੁਦਰਤੀ ਸਿਰਜਣਾ ਭਾਵ ਧਰਤੀ, ਜਲ, ਵਾਯੂ, ਅਕਾਸ਼ ਤੱਤ ਦੇ ਢਾਂਚੇ ਨੂੰ ਨਸ਼ਟ ਕੀਤੇ ਬਗੈਰ ਵਾਤਾਵਰਣ ਯੋਜਨਾਬੰਦੀ ਸਿਲਸਿਲੇ ਦੀ ਧਾਰਣਾ ਰਾਹੀਂ ਖੇਤੀਬਾੜੀ, ਉਦਯੋਗ ਤੇ ਵਪਾਰ ਨੂੰ ਵਧਾਇਆ ਜਾਵੇ।

ਇੱਥੇ ਹੀ ਬਸ ਨਹੀਂ, ਪਿੰਡਾਂ-ਸ਼ਹਿਰਾਂ ਦੀਆਂ ਸੜਕਾਂ ਤੇ ਗਲੀਆਂ ਉਤੇ ਲੱਗੇ ਸਾਈਨੇਜ ਬੋਰਡ (ਸੰਕੇਤ ਫੱਟੇ) ਪੈਰੀ ਜੈਨਰੇ ਵਲੋਂ ਡੀਜ਼ਾਇਨ ਕੀਤੇ ਸਨ ਜਿਨ੍ਹਾਂ ਨੂੰ ਨਹਿਰੂ ਦੇ ਸੁਝਾਅ ਉਤੇ ਸਾਰੇ ਭਾਰਤ ਲਈ ਅਪਣਾਇਆ ਗਿਆ ਸੀ।

ਇਥੇ ਇਹ ਵਰਨਣ ਕਰਨਾ ਉਚਿਤ ਹੋਵੇਗਾ ਕਿ ਸਰਕਾਰ ਦੀ "ਭਾਰਤ ਨਿਰਮਾਣ ਯੋਜਨਾ'' ਅਮਲੀ ਜਾਮਾ

ਉਸ ਦੇ ਮੁੱਢਲੇ ਜੀਵਨ ਬਾਰੇ ਸੰਖੇਪ ਵਿਚ ਜਾਣਨਾ ਉਚਿਤ ਹੋਵੇਗਾ ਕਿ ਉਸ ਨੇ ਆਪਣੀ ਪੜ੍ਹਾਈ ਸਥਾਨਕ ਸ਼ਾਈਨ ਆਰਟਸ ਸਕੂਲ ਤੋਂ 1913 ਤੋਂ 1919 ਤਕ ਪ੍ਰਾਪਤ ਕੀਤੀ। ਉਹ ਸਕੂਲ ਪਰਸ਼ੀਅਨ ਸਕੂਲ ਦੀ ਤਰਜ਼ 'ਤੇ ਸੀ। ਉਹ ਨਿਵੇਕਲੀ ਯੋਗਤਾ ਵਾਲਾ ਵਿਦਿਆਰਥੀ ਤੇ ਨਕਸ਼ਾਨਵੀਸ ਸੀ ਜਿਸ ਦੇ ਕੰਮ ਨੂੰ ਹਮੇਸ਼ਾ ਸਰਵੋਤਮ ਸਮਝਿਆ ਜਾਂਦਾ ਸੀ। ਆਧੁਨਿਕ ਭਵਨ ਨਿਰਮਾਣ ਦੀਆਂ ਕੁਝ ਕੁ ਇਮਾਰਤਾਂ ਨੂੰ ਛੱਡ ਕੇ ਜਨੇਵਾ ਸਮਾਜਿਕ ਵਾਤਾਵਰਨ ਲਈ ਕਲਾ ਪ੍ਰਤੀ ਰੂੜ੍ਹੀਵਾਦੀ ਤੇ ਪਰੰਪਰਾਵਾਦੀ ਸੀ। ਪਰ ਜੈਨਰੇ 1900 ਤੋਂ 1915 ਦੌਰਾਨ ਜਨੇਵਾ ਵਿਚ ਮੋਰਿਸ ਬੇਲਾਰਡ ਦੀਆਂ ਬਣਾਈਆਂ ਹੋਈਆਂ ਇਮਾਰਤਾਂ ਨੂੰ ਚੰਗਾ ਸਮਝਦਾ ਸੀ ਤੇ ਉਨ੍ਹਾਂ ਤੋਂ ਪ੍ਰਭਾਵਿਤ ਸੀ। ਉਹ ਉਦਮੀ ਸਾਈਕਲ ਚਾਲਕ ਤੇ ਪਹਾੜਾਂ 'ਤੇ ਚੜ੍ਹਨ ਵਾਲਾ ਸੀ। ਉਸ ਨੂੰ ਨਵੇਂ ਕੁਦਰਤੀ ਨਜ਼ਾਰਿਆਂ ਦਾ ਪਤਾ ਲਾਉਣ ਤੇ ਗਾਹੁਣ ਦੀ ਬਹੁਤ ਜਗਿਆਸਾ ਰਹਿੰਦੀ ਸੀ। ਇਸ ਕਰਕੇ ਵੀ ਉਸ ਨੇ ਆਪਣੇ ਮੁਲਕ ਤੋਂ ਬਾਹਰ ਜਾ ਕੇ ਕੰਮ ਕਰਨ ਨੂੰ ਪਹਿਲ ਦਿਤੀ ਸੀ। ਅੱਜ ਭਾਵੇਂ ਜੈਨਰੇ ਸਾਡੇ ਵਿਚਕਾਰ ਨਹੀਂ ਪਰ ਉਹ ਆਪਣੇ ਪਿੱਛੇ ਚੋਟੀ ਦੇ ਨਿਰਮਾਣਕਾਰਾਂ ਨੂੰ ਭਾਰਤ ਦੇ ਨਿਰਮਾਣ ਲਈ ਛੱਡ ਗਿਆ ਜਿਨ੍ਹਾਂ ਨੇ ਉਸ ਨਾਲ ਸਹਾਇਕ ਵਜੋਂ ਕੰਮ ਕਰਦਿਆਂ ਬਹੁਤ ਕੁਝ ਸਿੱਖਿਆ ਉਪਰੰਤ ਇਨ੍ਹਾਂ ਵਿਚ ਜੀਤ ਮਲਹੋਤਰਾ (ਸੇਵਾ ਮੁਕਤ, ਮੁੱਖ ਨਿਰਮਾਤਾ, ਪੰਜਾਬ ਸਰਕਾਰ ਅਤੇ ਮੁੱਖ ਨਿਰਮਾਤਾ ਐਨ. ਡੀ. ਐਮ. ਸੀ., ਦਿੱਲੀ), ਐਸ. ਡੀ. ਸ਼ਰਮਾ, ਹਰਬਿੰਦਰ ਚੋਪੜਾ, ਏ. ਆਰ. ਪ੍ਰਭਾਵਤਲਕਰ (ਚੰਡੀਗੜ੍ਹ ਆਰਕੀਟੈਕਚਰ ਕਾਲਜ ਦਾ ਪਹਿਲਾ ਪ੍ਰਿੰਸੀਪਲ), ਮੈਡਮ ਯੂ.ਈ.ਚੌਧਰੀ, ਬੀ. ਪੀ.ਮਾਥੁਰ, ਓ. ਪੀ ਗਰਗ, ਅਦਿੱਆ ਪ੍ਰਕਾਸ਼ ਤੇ ਕਿੰਨੇ ਹੀ ਹੋਰ ਸ਼ਾਮਿਲ ਹਨ। ਅੱਗੋਂ ਇਨ੍ਹਾਂ ਦੇ ਕਈ ਸ਼ਾਗਿਰਦ ਪੈਰੀ ਜੈਨਰੇ ਦੇ ਪੈੜ-ਚਿੰਨ੍ਹਾਂ ਉਤੇ ਚੱਲ ਰਹੇ ਹਨ।

ਲੱਕੜ ਤੋਂ ਬੰਸਰੀ ਤੇ ਹੋਰ ਕਲਾ ਕਿਰਤਾਂ ਦਾ ਸਿਰਜਣਹਾਰ, ਰੋੜੇ-ਕੰਕਰ-ਪੱਥਰ ਤੋਂ ਬੁੱਤ ਤਰਾਸ਼ੀ ਕਰਨ ਵਾਲਾ ਅਤੇ ਸੰਗੀਤ ਨੂੰ ਮਾਣਨ ਵਾਲਾ ਪੈਰੀ ਜੈਨਰੇ ਨਿਸਚੇ ਹੀ ਵਿਲੱਖਣ ਸ਼ਖਸੀਅਤ ਸੀ ਜਿਸ ਨੇ ਭਾਰਤ ਨਿਰਮਾਣ ਲਈ ਜੀਅ-ਜਾਨ ਲਈ ਕੰਮ ਕੀਤਾ। ਉਹ ਅੱਜ ਵੀ ਭਾਰਤ ਦੇ ਨਿਰਮਾਣਕਾਰਾਂ ਲਈ ਪ੍ਰੇਰਨਾ ਦਾ ਸਰੋਤ ਹੈ।

ਕੁਦਰਤ ਨਾਲ ਇਕਸੁਰ ਹੋਣੀ ਚਾਹੀਦੀ ਹੈ। ਸਾਰੇ ਮਨੁੱਖੀ ਵਸੇਬੇ ਵਾਤਾਵਰਣਕ ਤੌਰ ਤੇ ਨਿਭਣਯੋਗ, ਪ੍ਰਕਿਰਤਕ ਸੰਤੁਲਨ ਵਾਲੇ ਤੇ ਵੱਡੀ ਗੱਲ ਕਿ ਇਹ ਸਭ ਗਰੀਬਾਂ ਤੇ ਅਮੀਰਾਂ ਲਈ ਹਰ ਦ੍ਰਿਸ਼ਟੀ ਤੋਂ ਲਾਹੇਵੰਦ ਹੋਣੇ ਚਾਹੀਦੇ ਹਨ।

ਪੈਰੀ ਜੈਨਰੇ ਆਪਣੇ ਕੰਮਾਂ ਦੀ ਕਦੇ ਡੌਂਡੀ ਨਹੀਂ ਸੀ ਪਿੱਟਦਾ। ਉਹ ਬਹੁਤ ਨਿਮਰ ਸੁਭਾਅ ਦਾ ਸੀ ਤੇ ਉਸ ਨੂੰ ਕਦੇ ਗੁੱਸਾ ਨਹੀਂ ਸੀ ਆਉਂਦਾ। ਉਸ ਅੰਦਰ ਹੰਕਾਰ ਦੀ ਭਾਵਨਾ ਨਹੀਂ ਸੀ- ਉਹ ਹਰੇਕ ਨੂੰ ਬੜੀ ਮੁਹੱਬਤ ਤੇ ਠਰੰਮੇ ਨਾਲ ਮਿਲਦਾ ਸੀ। ਉਹ ਫਕੀਰ ਕਿਸਮ ਦਾ ਤੇ ਆਪਣੇ ਕੰਮ ਨੂੰ ਬੰਦਗੀ ਸਮਝਣ ਵਾਲਾ ਸੀ। ਉਹਨਾਂ ਦੀ ਰਹਿਣੀ-ਬਹਿਣੀ ਬਹੁਤ ਸਾਦਾ ਸੀ ਪਰ ਸੋਚ ਬਹੁਤ ਡੂੰਘੀ ਸੀ। ਉਸ ਨੇ ਆਮ ਆਦਮੀ ਦੇ ਫਾਇਦੇ ਵਾਸਤੇ ਕੰਮ ਕਰਨ ਲਈ ਆਪਣੇ ਸ਼ਾਗਿਰਦਾਂ ਨੂੰ ਪ੍ਰੇਰਿਆ ਤੇ ਢਾਲਿਆ। ਅਸੀਂ ਭਾਰਤ ਨਿਰਮਾਣ ਯੋਜਨਾ ਅਤੇ ਸਾਰੇ ਅਮੀਰਾਂ-ਗਰੀਬਾਂ ਦੀ ਬਿਹਤਰੀ ਵਾਸਤੇ ਪੈਰੀ ਜੈਨਰੇ ਦੇ ਨਿਰਮਾਣ ਸਿਧਾਂਤਾਂ (ਦਿ ਥ੍ਰੀ ਹਿਊਮਨ ਐਸਟੈਬਲਿਟੀਮੈਂਟ) ਤੋਂ ਜਿਨ੍ਹਾਂ ਨੂੰ ਮੈਂ "ਵਾਤਾਵਰਣਕ ਯੋਜਨਾਬੰਦੀ ਇਕਾਈ-ਭਾਰਤ'' ਦਾ ਨਾਂ ਦਿੱਤਾ ਹੈ, ਸ਼ਹਿਰਾਂ ਤੇ ਪਿੰਡਾਂ ਦੇ ਸਦਭਾਵਨਾ ਤੇ ਸੰਤੁਲਿਤ ਵਾਸਤੇ ਬਹੁਤ ਕੁਝ ਲੈ ਸਕਦੇ ਹਾਂ।

ਮੰਤਵ ਤਾਂ ਦੇਸ਼ ਵਿਚ ਭੌਤਿਕ, ਸਮਾਜਿਕ ਤੇ ਆਰਥਿਕ ਵਰਲਡ ਕਲਾਸ ਬੁਨਿਆਦੀ ਢਾਂਚੇ ਨੂੰ ਸੁਧਾਰਨ ਦਾ ਹੈ। ਇਸ ਖੋਜ-ਕੰਮ ਦੇ ਆਧਾਰ 'ਤੇ ਬਹੁ-ਆਯਾਮੀ ਪੇਸ਼ਾਵਰਾਨਾ ਟੀਮਾਂ ਨੂੰ ਸਥਾਨਕ, ਰਾਸ਼ਟਰ, ਅਤੇ ਵਿਸ਼ਵ ਪੱਧਰ ਉਤੇ ਕੰਮ ਕਰਨਾ ਚਾਹੀਦਾ ਹੈ। ਇਸ ਨੂੰ ਭਾਰਤੀ ਸੰਵਿਧਾਨ ਦੇ ਇਕ ਹਿੱਸੇ ਵਜੋਂ ਕਰਨਾ ਚਾਹੀਦਾ ਹੈ। ਹੁਣ ਡਾ. ਮਨਮੋਹਨ ਸਿੰਘ, ਪ੍ਰਧਾਨ ਮੰਤਰੀ ਤੇ ਉਨ੍ਹਾਂ ਦੀ ਟੀਮ ਈ ਪੀ ਯੂ "ਭਾਰਤ ਨਿਰਮਾਣ ਯੋਜਨਾ'' ਆਖਦੀ ਹੈ। ਆਓ ਸਾਰੇ ਸੰਬੰਧਿਤ ਪੇਸ਼ਾਵਰ ਇਕੱਠੇ ਹੋਈਏ ਤੇ ਇਮਾਨਦਾਰੀ ਨਾਲ ਵਿਸਥਾਰ ਸਹਿਤ ਸਾਰੀਆਂ ਚੀਜ਼ਾਂ ਦਾ ਖਾਕਾ ਤਿਆਰ ਕਰੀਏ ਅਤੇ ਇਸ ਵੱਡੇ ਕੰਮ ਨੂੰ ਕਰੀਏ ਤਾਂ ਕਿ ਭਾਰਤ ਸਾਰਿਆਂ ਲਈ ਚਮਕ-ਦਮਕ ਵਾਲਾ ਬਣੇ।

*(ਜੀਤ ਮਲਹੋਤਰਾ, ਸਾਬਕਾ ਚੀਫ ਆਰਕੀਟੈਕਟ, ਪੰਜਾਬ ਤੇ ਸਾਬਕਾ ਚੀ! ਆਰਕੀਟੈਕਟ, ਐਨ ਡੀ ਐਮ ਸੀ, ਦਿੱਲੀ ਨਾਲ ਗੱਲਬਾਤ ਦੇ ਆਧਾਰ 'ਤੇ)*

# ਪੁਸਤਕ ਸਮੀਖਿਆ

- ਬਿਕਰਮਜੀਤ ਨੂਰ
ਸੰਪਰਕ: 94640-76257

## ਗਰਮ ਮਸਾਲਿਆਂ ਰਾਹੀਂ ਰੋਗਾਂ ਦਾ ਇਲਾਜ

ਲੇਖਕ ਅਤੇ ਸੰਗ੍ਰਹਿ ਕਰਤਾ:
ਸਰਜੀਤ ਤਲਵਾਰ, ਸ਼ਿਖਾ ਸਿੰਗਲਾ,
ਪ੍ਰਕਾਸ਼ਕ: ਤਰਕਭਾਰਤੀ ਪ੍ਰਕਾਸ਼ਨ, ਬਰਨਾਲਾ,
ਫੋਨ ਨੰ: 01679-241744,
ਮੋਬਾ: 93575-12244
ਸਫ਼ੇ: 140, ਮੁੱਲ: 80 ਰੁਪਏ,

ਸਰਜੀਤ ਤਲਵਾਰ ਕਿਸੇ ਵੱਖਰੀ ਜਾਣ-ਪਛਾਣ ਦਾ ਮੁਥਾਜ ਨਹੀਂ। ਤਰਕਸ਼ੀਲ ਸੋਚ ਨਾਲ ਸੰਬੰਧਤ ਉਸ ਦੀਆਂ ਢੇਰ ਸਾਰੀਆਂ ਪੁਸਤਕਾਂ ਪ੍ਰਕਾਸ਼ਤ ਹੋ ਚੁੱਕੀਆਂ ਹਨ। 'ਗਰਮ ਮਸਾਲਿਆਂ ਰਾਹੀਂ ਰੋਗਾਂ ਦਾ ਇਲਾਜ' ਲੇਖਕ ਦੀ ਪ੍ਰਾਪਤੀ ਦਾ ਅਗਲਾ ਪੜਾਅ ਸਾਬਤ ਹੁੰਦੀ ਹੈ। ਖੜ੍ਹੇ ਪੈਰ ਠੀਕ ਹੋ ਜਾਣ ਦੇ ਮੰਤਵ ਨਾਲ ਲੋਕ ਅੰਗਰੇਜ਼ੀ ਦਵਾਈਆਂ ਦੇ ਪਿੱਛੇ ਕੁੱਝ ਇਸ ਤਰ੍ਹਾਂ ਹੱਥ ਧੋ ਕੇ ਪੈ ਗਏ ਹਨ ਕਿ 'ਦੇਸੀ ਇਲਾਜ' ਭੁੱਲ-ਭੁਲਾ ਹੀ ਗਏ ਹਨ। ਅੰਗਰੇਜ਼ੀ-ਦਵਾਈਆਂ ਦੇ ਖਤਰਨਾਕ ਪ੍ਰਭਾਵਾਂ ਤੋਂ ਅਣਜਾਣ ਲੋਕ, ਜਿੱਥੇ ਇੱਕ ਬਿਮਾਰੀ ਤੋਂ ਨਾ ਤੁਰੰਤ ਨਿਜਾਤ ਪਾ ਲੈਂਦੇ ਹਨ, ਪਰ ਕੋਈ ਨਾ ਕੋਈ ਹੋਰ ਨਵੀਂ ਬਿਮਾਰੀ ਸਹੇੜ ਵੀ ਲੈਂਦੇ ਹਨ। ਸਰਜੀਤ ਤਲਵਾਰ ਅਤੇ ਸ਼ਿਖਾ ਸਿੰਗਲਾ ਨੇ ਵਿਚਾਰ-ਅਧੀਨ ਪੁਸਤਕ ਰਾਹੀਂ ਅਜਿਹੀ ਨਾਯਾਬ ਅਥਵਾ ਉਪਯੋਗੀ ਜਾਣਕਾਰੀ ਪਰੋਸ ਕੇ ਰੱਖ ਦਿੱਤੀ ਹੈ ਕਿ ਹਰ ਕਿਸਮ ਦੀ ਨਵੀਂ-ਪੁਰਾਣੀ ਬਿਮਾਰੀ ਦਾ ਇਲਾਜ ਘਰ ਬੈਠੇ ਹੀ ਸੰਭਵ ਹੋ ਸਕਦਾ ਹੈ। 'ਹਿੰਗ ਲੱਗੇ ਨਾ ਫਟਕੜੀ, ਰੰਗ ਵੀ ਚੋਖਾ ਆਵੇ।'





ਇਸ ਪੁਸਤਕ ਨੂੰ 'ਘਰ ਦਾ ਵੈਦ' ਦੀ ਸੰਗਿਆ ਦਿੱਤੀ ਜਾ ਸਕਦੀ ਹੈ। ਅਦਰਕ, ਇਮਲੀ, ਇਲਾਇਚੀ, ਕਾਲੀ ਮਿਰਚ, ਲੌਂਗ, ਪੁਦੀਨਾ, ਜਵੈਣ, ਮੇਥੀ, ਪਿਆਜ਼, ਲਸਣ, ਹਲਦੀ, ਹਰੜ, ਧਨੀਆਂ, ਸੌਂਫ, ਜ਼ੀਰਾ, ਹਿੰਗ ਆਦਿ ਗਰਮ ਮਸਾਲਿਆਂ ਰਾਹੀਂ, ਇਨ੍ਹਾਂ ਦੀ ਵਰਤੋਂ ਵਿਧੀ, ਗੁਣਾਂ-ਵਿਸ਼ੇਤਾਈਆਂ ਅਨੁਸਾਰ ਵੱਖੋ-ਵੱਖਰੇ ਰੋਗਾਂ ਦੇ ਇਲਾਜ ਦਰਸਾਏ ਗਏ ਹਨ। ਕਈ-ਚੀਜ਼ਾਂ (ਵਿਧੀਆਂ) ਏਨੀਆਂ ਸਰਲ ਅਤੇ ਆਮ ਜਿਹੀਆਂ ਹਨ ਕਿ 'ਦੀਵੇ ਥੱਲੇ ਹਨੇਰਾ' ਵਾਂਗ ਜਾਪਦੀਆਂ ਹਨ। ਗੱਲ ਕੀ ਮਾੜੇ ਮੋਟੇ ਬੁਖਾਰ ਤੋਂ ਲੈ ਕੇ ਕੈਂਸਰ ਵਰਗੀਆਂ ਘਾਤਕ ਬਿਮਾਰੀਆਂ ਦਾ ਇਲਾਜ ਇਨ੍ਹਾਂ ਗਰਮ ਮਸਾਲਿਆਂ ਰਾਹੀਂ ਸੰਭਵ ਹੋ ਸਕਦਾ ਹੈ।

ਹਰ ਵਰਗ ਦੇ ਪਾਠਕ ਨੂੰ ਇਹ ਪੁਸਤਕ ਪੜ੍ਹ ਕੇ ਫਾਇਦਾ ਉਠਾਉਣਾ ਚਾਹੀਦਾ ਹੈ। ਪੁਸਤਕ ਪੜ੍ਹਨ ਯੋਗ ਹੀ ਨਹੀਂ, ਸ਼ਾਮਲ ਕੀਤੇ ਗਏ ਮਸਾਲਿਆਂ ਨੂੰ ਵਰਤਣਯੋਗ ਅਤੇ ਸਾਂਭਣਯੋਗ ਵੀ ਹੈ। ਇਸ ਦਸਤਾਵੇਜ਼ੀ ਪੁਸਤਕ ਦੀ ਰਚਨਾ ਕਰਨ ਲਈ ਦੋਵੇਂ ਲੇਖਕ ਅਤੇ ਸੰਗ੍ਰਹਿ-ਕਰਤਾ ਵਧਾਈ ਦੇ ਹੱਕਦਾਰ ਹਨ।

## ਜੀਵਨੀ ਸ਼ਹੀਦ ਭਗਤ ਸਿੰਘ

ਲੇਖਕ: ਮਲਵਿੰਦਰਜੀਤ ਸਿੰਘ ਵੜੈਚ,
ਪ੍ਰਕਾਸ਼ਕ: ਤਰਕਭਾਰਤੀ ਪ੍ਰਕਾਸ਼ਨ, ਬਰਨਾਲਾ,
ਫੋਨ ਨੰ: 01679-241744,
ਮੋਬਾ: 93575-12244
ਸਫ਼ੇ: 140, ਮੁੱਲ: 80 ਰੁਪਏ,

ਅਮਰ ਸ਼ਹੀਦ ਸਰਦਾਰ ਭਗਤ ਸਿੰਘ ਦੇ ਜੀਵਨ 'ਤੇ ਡੇਢ ਸੌ ਤੋਂ ਵੀ ਵੱਧ ਪੁਸਤਕਾਂ ਲਿਖੀਆਂ ਜਾ ਚੁੱਕੀਆਂ ਹਨ; ਜਿੰਨ੍ਹਾਂ ਦਾ ਜਿੱਥੇ ਨਾਟਕੀ ਰੂਪਾਂਤਰਣ ਕਰਕੇ ਰੰਗ-ਮੰਚ ਦਾ ਸ਼ਿੰਗਾਰ ਬਣਾਇਆ ਗਿਆ ਹੈ, ਉੱਥੇ ਵੱਡੇ ਬੱਜਟ ਵਾਲੀਆਂ ਫਿਲਮਾਂ ਦਾ ਨਿਰਮਾਣ ਵੀ ਕੀਤਾ ਜਾ ਚੁੱਕਾ ਹੈ। ਹਰ ਇੱਕ ਲੇਖਕ ਅਥਵਾ ਖੋਜ ਕਰਤਾ ਨੇ ਆਪੋ-ਆਪਣੇ ਜ਼ਾਵੀਏ ਜਾਂ ਦ੍ਰਿਸ਼ਟੀਕੋਣ ਮੁਤਾਬਕ ਇਸ ਸੱਚੇ-ਸੁੱਚੇ ਅਤੇ ਸਿਰੜੀ ਨੌਜਵਾਨ ਦੇ ਸਿਰਫ ਤੇਈ ਸਾਲਾ ਜੀਵਨ-ਸਫ਼ਰ ਦੀਆਂ ਵੱਖੋ-ਵੱਖਰੀਆਂ ਚੁੰਡਾਂ ਦੀ ਫੋਲਾ-ਫਾਲੀ ਕਰਨ ਦਾ ਉਪਰਾਲਾ ਕੀਤਾ ਹੈ, ਬੇਸ਼ਕ ਜ਼ਿਆਦਾਤਰ ਧਿਆਨ ਉਸ ਦੇ ਵਿਸ਼ਾਲ ਅਧਿਐਨ ਅਤੇ ਬੌਧਿਕ ਪੱਧਰ ਨੂੰ ਚਿਤਰਣ ਵੱਲ ਕੇਂਦਰਤ ਕਰੀ ਰੱਖਿਆ ਹੈ।




ਮਲਵਿੰਦਰਜੀਤ ਸਿੰਘ ਵੜੈਚ ਦੁਆਰਾ ਰਚਿਤ 'ਜੀਵਨੀ ਸ਼ਹੀਦ ਭਗਤ ਸਿੰਘ' ਇਸ ਸਭ ਕਾਸੇ ਤੋਂ ਹੱਟ ਕੇ ਲਿਖੀ ਗਈ ਹੈ। ਪੁਸਤਕ ਵਿੱਚ, ਸਰਦਾਰ ਭਗਤ ਸਿੰਘ ਦੁਆਰਾ ਆਜ਼ਾਦੀ ਦੇ ਸੰਘਰਸ਼ ਵਿੱਚ ਪਾਏ ਯੋਗਦਾਨ ਦੇ ਨਾਲ ਨਾਲ, ਉਸ ਦੇ ਨਿੱਜੀ ਜੀਵਨ (ਦਲੇਰੀ, ਗੰਭੀਰਤਾ, ਪਹਿਰਾਵਾ, ਖਾਣ-ਪਾਣ, ਹਾਸ-ਰਸ ਆਦਿ) ਨਾਲ ਜੁੜੀਆਂ ਅਨੇਕਾਂ ਘਟਨਾਵਾਂ ਨੂੰ, ਥਾਂ ਸਿਰ ਰੱਖਦਿਆਂ ਜਿਸ ਦਿਲਚਸਪ ਢੰਗ ਨਾਲ ਅਭਿਵਿਅਕਤ ਕੀਤਾ ਹੈ, ਉਹ ਲਾ-ਮਿਸਾਲ ਹੈ। ਪਹਿਲਾਂ ਪ੍ਰਕਾਸ਼ਤ ਹੋ ਚੁੱਕੀਆਂ ਪੁਸਤਕਾਂ ਵਿੱਚੋਂ 'ਹਵਾਲੇ ਤੇ ਟਿੱਪਣੀਆਂ' ਦੇ ਆਧਾਰ 'ਤੇ ਹੀ ਡੰਗ ਨਹੀਂ ਸਾਰਿਆ ਗਿਆ, ਬਲਕਿ ਵੜੈਚ ਨੇ ਲੰਮੇ ਚਿੰਤਨ ਉਪਰੰਤ ਨਿੱਜੀ ਅਨੁਭਵ ਦੇ ਆਧਾਰ 'ਤੇ ਇਹ ਖੋਜ-ਕਾਰਜ ਨੇਪਰੇ ਚਾੜ੍ਹ ਲੈਣ ਵਿੱਚ ਸਫਲਤਾ ਹਾਸਿਲ ਕੀਤੀ ਹੈ। ਦਾਦਾ ਅਰਜਨ ਸਿੰਘ, ਪਿਤਾ ਕਿਸ਼ਨ ਸਿੰਘ, ਮਾਤਾ ਵਿਦਿਆਵਤੀ, ਭਾਣਜਾ ਪ੍ਰੋ. ਜਗਮੋਹਨ ਸਿੰਘ, ਭੈਣ ਬੀਬੀ ਅਮਰ ਕੌਰ ਦੇ ਨਾਲ ਨਾਲ ਉਸ ਦੇ ਦੇਸ਼-ਭਗਤ ਸਾਥੀਆਂ ਜਾਂ ਸਹਿਯੋਗੀਆਂ-ਯਸ਼ਪਾਲ, ਦੁਰਗਾ ਭਾਬੀ, ਭਗਵਤੀ ਚਰਣ ਵੋਹਰਾ, ਸੁਖਦੇਵ, ਰਾਜਗੁਰੂ, ਰਾਜਾ ਰਾਮ ਸ਼ਾਸਤਰੀ, ਭਗਵਾਨ ਦਾਸ ਮਹੌਰ, ਵਿਸ਼ਵਨਾਥ ਵੈਸ਼ਮਪਾਇਨ, ਸ਼ਿਵ ਵਰਮਾ ਦੁਆਰਾ ਅੰਕਿਤ 'ਅੱਖੀਂ ਡਿੱਠੇ ਹਾਲ' ਨੂੰ ਆਪਣੀ ਲਿਖਤ ਦਾ ਜ਼ਰੀਆ ਬਣਾਇਆ ਹੈ। ਇਉਂ, ਇਹ ਇੱਕ ਸੰਪੂਰਣ ਜੀਵਨੀ ਹੋ ਨਿਬੜਦੀ ਹੈ।

ਸਰਦਾਰ ਭਗਤ ਸਿੰਘ, ਉਸ ਦੇ ਪਰਿਵਾਰ ਅਤੇ ਸਾਥੀ ਸ਼ਹੀਦਾਂ ਦੀਆਂ ਮੌਲਿਕ ਤਸਵੀਰਾਂ ਨੇ ਇਸ ਜੀਵਨੀ ਨੂੰ ਹੋਰ ਵੀ ਅਲੋਕਾਰੀ ਦਿੱਖ ਪਰਦਾਨ ਕਰ ਦਿੱਤੀ ਹੈ। ਭਗਤ ਸਿੰਘ ਦੇ ਲਿਖੇ 'ਖ਼ਤ' ਵੀ ਇਸ ਇਤਿਹਾਸਕ ਦਸਤਾਵੇਜ਼ ਦਾ ਹਿੱਸਾ ਹੋ ਨਿਬੜੇ ਹਨ। 'ਛੇਵੇਂ ਦਰਿਆ' (ਨਸ਼ਿਆਂ) ਦਰਿਆ ਵਿੱਚ ਗੋਤੇ ਖਾ ਰਹੇ ਪੰਜਾਬ ਦੇ ਨੌਜਵਾਨਾਂ ਨੂੰ ਸ਼ਹੀਦ ਭਗਤ ਸਿੰਘ ਦੀ ਕੁਰਬਾਨੀ ਤੋਂ ਸਬਕ ਲੈਣਾ ਚਾਹੀਦਾ ਹੈ। ਸ੍ਰੀ ਵੜੈਚ ਦੀ ਇਸ ਘਾਲਣਾ ਨੂੰ ਸਲਾਮ।

## ਮਾਂ ਬਣਨ ਤੋਂ ਪਹਿਲਾਂ ਅਤੇ ਬਾਅਦ ਦਾ ਸਫ਼ਰ

ਲੇਖਕ ਅਤੇ ਸੰਗ੍ਰਹਿ-ਕਰਤਾ: ਸਰਜੀਤ ਤਲਵਾਰ ਸ਼ਿਖਾ ਸਿੰਗਲਾ
ਪ੍ਰਕਾਸ਼ਕ: ਤਰਕਭਾਰਤੀ ਪ੍ਰਕਾਸ਼ਨ, ਬਰਨਾਲਾ,
ਫੋਨ ਨੰ: 01679-241744, ਮੋਬਾ: 93575-12244
ਸਫ਼ੇ: 144, ਮੁੱਲ: 80 ਰੁਪਏ,

ਤਰਕਸ਼ੀਲ ਸੋਚ ਦਾ ਬਾਰਣੀ ਲੇਖਕ ਸਰਜੀਤ ਤਲਵਾਰ ਕਿਸੇ ਵੱਖਰੀ ਜਾਣ-ਪਛਾਣ ਦਾ ਮੁਥਾਜ ਨਹੀਂ। ਅੰਧ-ਵਿਸ਼ਵਾਸਾਂ ਅਤੇ ਵਿਗਿਆਨਕ ਸੱਚਾਈਆਂ ਨੂੰ ਪਰਣਾਈਆਂ ਉਸਦੀਆਂ ਢੇਰ ਸਾਰੀਆਂ ਪੁਸਤਕਾਂ ਪ੍ਰਕਾਸ਼ਤ ਹੋ ਚੁੱਕੀਆਂ ਹਨ। 'ਮਾਂ ਬਣਨ ਤੋਂ ਪਹਿਲਾਂ ਅਤੇ ਬਾਅਦ ਦਾ ਸਫ਼ਰ' ਪੁਸਤਕ ਨੂੰ ਇਸ ਲੜੀ ਦੇ ਅਮਲੇ ਉਪਯੋਗੀ ਪੜਾਅ ਵਜੋਂ ਵਾਚਿਆ ਜਾ ਸਕਦਾ ਹੈ।

ਹੱਥਲੀ ਪੁਸਤਕ ਰਾਹੀਂ 'ਗਰਭਧਾਰਣ ਤੋਂ ਲੈ ਕੇ ਬੱਚੇ ਦੇ ਪਾਲਣ-ਪੋਸ਼ਣ ਤੱਕ ਦੀ ਵਿਸਥਾਰ-ਸਹਿਤ ਤੱਥਗਤ ਜਾਣਕਾਰੀ ਮੁਹੱਈਆ ਕਰਵਾਈ ਗਈ ਹੈ; ਜੋ ਕਿ ਬੱਚੇ ਨੂੰ ਜਨਮ ਦੇ ਰਹੀਆਂ ਮਾਂਵਾਂ ਲਈ-ਅਤਿਅੰਤ ਮੱਹਤਵਪੂਰਣ ਸਿੱਧ ਹੋ ਸਕਦੀ ਹੈ। ਨਿੱਕੇ ਨਿੱਕੇ 34 ਅਧਿਆਏ ਹਨ, ਪਹਿਲਾਂ ਅਧਿਆਏ ਹੈ: 'ਆਓ! ਆਪਣੇ ਆਪ ਨੂੰ ਜਾਣੀਏਂ, ਜਿਸ ਵਿੱਚ ਮਰਦਾਂ ਦੇ ਪ੍ਰਜਨਣ ਅੰਗਾਂ ਅਤੇ ਔਰਤਾਂ ਦੀਆਂ ਜਣਨ-ਇੰਦਰੀਆਂ ਬਾਰੇ ਵਿਗਿਆਨਕ ਜਾਣਕਾਰੀ ਦਿੱਤੀ ਗਈ ਹੈ। ਇਸ ਉਪਰੰਤ, ਗਰਭ-ਅਵਸਥਾ ਵਿੱਚ 'ਬੱਚੇ ਦੇ ਵਾਧੇ ਦੀ ਕਿਰਿਆ' ਤੋਂ ਲੈ ਕੇ ਉਸ ਵਿੱਚ ਭਾਸ਼ਾ ਦੇ ਵਿਕਾਸ ਤੱਕ ਦਾ ਪੜਾਅ ਵਾਰ ਜ਼ਿਕਰ ਕੀਤਾ ਗਿਆ ਹੈ ਅਤੇ ਵਰ੍ਹਿਆਂ ਤੋਂ ਸਥਾਪਤ ਅਨੇਕਾਂ ਧਾਰਨਾਵਾਂ ਦਾ ਦਲੀਲਮਈ ਢੰਗ ਨਾਲ ਖੰਡਨ ਕਰਦਿਆਂ ਉਸਾਰੂ ਸੁਝਾਅ ਦਿੱਤੇ ਗਏ ਹਨ।




ਸਿਹਤਮੰਦ ਗਰਭ ਲਈ ਅਜਿਹੇ ਮਹੱਤਵਪੂਰਣ ਸੁਝਾਅ ਏਨੀ ਸਰਲ ਤੇ ਸਾਦੀ ਭਾਸ਼ਾ ਵਿੱਚ ਇਸ ਤੋਂ ਪਹਿਲਾਂ ਘੱਟ ਹੀ ਦੇਖਣ-ਪੜ੍ਹਨ ਨੂੰ ਮਿਲੇ ਹਨ। ਪੋਸ਼ਣ, ਭੋਜਨ, ਨਸ਼ਾਖੋਰੀ, ਪਹਿਰਾਵੇ, ਸਿਜ਼ੇਰੀਅਨ, ਜੋੜੇ ਬੱਚਿਆਂ, ਡਿੱਬ ਗ੍ਰੰਥੀਆਂ, ਦੁੱਧ ਗ੍ਰੰਥੀਆਂ ਅਤੇ ਔਰਤਾਂ ਦੀਆਂ ਛਾਤੀਆਂ ਦੇ ਕੈਂਸਰ ਬਾਰੇ ਵੀ ਵਿਗਿਆਨਕ ਗੱਲਾਂ ਕੀਤੀਆਂ ਗਈਆਂ ਹਨ। 'ਬੱਚਾ ਕਦੋਂ ਜੰਮਿਆ ਜਾਵੇ?' ਅਧਿਆਏ ਵੀ ਮਹੱਤਵ-ਪੂਰਣ ਹੈ।

ਇਸ ਲਈ 'ਮਾਂ ਬਣਨ ਤੋਂ ਪਹਿਲਾਂ ਅਤੇ ਬਾਅਦ ਦਾ ਸਫ਼ਰ' ਪੁਸਤਕ ਪੜ੍ਹਨ, ਵਾਚਣ ਅਤੇ ਸਾਂਭਣਯੋਗ ਹੈ। ਸਰਜੀਤ ਤਲਵਾਰ ਅਤੇ ਸ਼ਿਖਾ ਸਿੰਗਲਾ ਦੋਵੇਂ ਹੀ ਵਧਾਈ ਦੇ ਹੱਕਦਾਰ ਹਨ।

# ਹੁਸ਼ਿਆਰਪੁਰ ਦੇ ਪਿੰਡ ਸਹੋੜਾ ਕੰਢੀ 'ਚ ਮੁਟਿਆਰਾਂ ਵਲੋਂ ਤੀਆਂ ਦੇ ਤਿਓਹਾਰ ਮੌਕੇ ਰੌਣਕਾਂ

ਹੁਸ਼ਿਆਰਪੁਰ (ਸ਼ਿਵ ਕੁਮਾਰ ਬਾਵਾ)- ਤੀਆਂ ਦੇ ਤਿਉਹਾਰ ਮੌਕੇ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਦੇ ਜ਼ਿਲ੍ਹਾ ਪ੍ਰੋਗਰਾਮ ਮੈਨੇਜਮੈਂਟ ਸੈੱਲ ਦੇ ਕਾਰਜਕਾਰੀ ਇੰਜੀਨੀਅਰ ਸ੍ਰੀ ਵਿਜੇ ਕੁਮਾਰ ਦੀ ਯੋਗ ਅਗਵਾਈ ਹੇਠ ਸਵੈਪ ਮੋਡ ਤਹਿਤ ਪਿੰਡ ਸਹੋੜਾ ਕੰਢੀ ਵਿਖੇ ਬਣਾਈ ਪਾਣੀ ਦੀ ਸਕੀਮ ਤੇ ਪਿੰਡਾਂ ਦੀਆਂ ਮੁਟਿਆਰਾਂ ਨੇ ਤੀਆਂ ਦਾ ਤਿਉਹਾਰ ਬੜੇ ਹੀ ਉਤਸ਼ਾਹ ਨਾਲ ਮਨਾਇਆ। ਜੇ.ਈ. ਸੁਖਬੀਰ ਸਿੰਘ, ਆਈ.ਈ.ਸੀ. ਸਪੈਸ਼ਲਿਸਟ ਸ੍ਰੀਮਤੀ ਅੰਜੂ ਸ਼ਰਮਾ, ਐਚ.ਆਰ.ਡੀ. ਹਰਬੀਰ ਸਿੰਘ, ਜਸਵਿੰਦਰ ਸਿੰਘ ਅਤੇ ਪਿੰਡ ਦੇ ਪਤਵੰਤੇ ਵੱਡੀ ਗਿਣਤੀ ਵਿੱਚ ਇਸ ਮੌਕੇ ਹਾਜ਼ਰ ਸਨ।

ਜ਼ਿਲ੍ਹਾ ਪ੍ਰੋਗਰਾਮ ਮੈਨੇਜਮੈਂਟ ਸੈਲ ਦੇ ਐਸ.ਡੀ.ਈ. ਸ੍ਰੀ ਨਵਨੀਤ ਕੁਮਾਰ ਜਿੰਦਲ ਨੇ ਇਸ ਮੌਕੇ ਤੇ ਦੱਸਿਆ ਕਿ ਪਿੰਡਾਂ ਵਿੱਚ ਘਰ ਦੀਆਂ ਔਰਤਾਂ ਪਾਣੀ ਦੀ ਸਭ ਤੋਂ ਜਿਆਦਾ ਵਰਤੋਂ ਕਰਦੀਆਂ ਹਨ।

ਇਸ ਲਈ ਉਨ੍ਹਾਂ ਨੂੰ ਚਾਹੀਦਾ ਹੈ ਕਿ ਪੀਣ ਵਾਲੇ ਸਾਫ਼-ਸੁਥਰੇ ਪਾਣੀ ਦੀ ਵਰਤੋਂ ਬਹੁਤ ਹੀ ਸੰਭਾਲ ਕੇ ਕਰਨ ਤਾਂ ਜੋ ਆਉਣ ਵਾਲੀ ਪੀੜੀ ਨੂੰ ਪੀਣ ਵਾਲੇ ਪਾਣੀ ਦੀ ਕੋਈ ਸਮੱਸਿਆ ਨਾ ਆਵੇ। ਉਨ੍ਹਾਂ ਦੱਸਿਆ ਕਿ ਧਰਤੀ ਹੇਠਲੇ ਪਾਣੀ ਦਾ ਪੱਧਰ ਬਹੁਤ ਨੀਵਾਂ ਜਾ ਰਿਹਾ ਹੈ । ਇਸ ਲਈ ਇਹ ਪਾਣੀ ਬਹੁਤ ਹੀ ਕੀਮਤੀ ਹੈ।



ਇਸ ਦੀ ਵਰਤੋਂ ਸੰਜਮ ਨਾਲ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਸਾਨੂੰ ਸਾਰਿਆਂ ਨੂੰ ਪੁਰਾਤਨ ਪੰਜਾਬੀ ਸਭਿਆਚਾਰ ਨੂੰ ਸੰਭਾਲਣ ਅਤੇ ਪਾਣੀ ਨੂੰ ਬਚਾਉਣ ਲਈ ਹਮੇਸ਼ਾਂ ਯਤਨਸ਼ੀਲ ਰਹਿਣਾ ਚਾਹੀਦਾ ਹੈ। ਜਲ ਹੀ ਜੀਵਣ ਹੈ, ਜਲ ਹੈ ਤਾਂ ਕੱਲ੍ਹ ਹੈ। ਇਸ ਗੱਲ ਨੂੰ ਹਮੇਸ਼ਾਂ ਯਾਦ ਰੱਖ ਕੇ ਇਸ ਕੁਦਰਤੀ ਸੋਮੇ ਨੂੰ ਬਚਾਉਣ ਦਾ ਯਤਨ ਕਰਨਾ ਸਾਡਾ ਫ਼ਰਜ਼ ਹੈ।

ਉਨ੍ਹਾਂ ਪਿੰਡ ਵਾਸੀਆਂ ਨੂੰ ਕਿਹਾ ਕਿ ਸਾਰੇ ਘਰਾਂ ਵਿੱਚ ਸਾਫ-ਸੁਥਰੇ ਪੀਣ ਵਾਲੇ ਪਾਣੀ ਦਾ ਕੁਨੈਕਸ਼ਨ ਲਗਵਾਉਣ ਤਾਂ ਜੋ ਦੂਸ਼ਿਤ ਪਾਣੀ ਤੋਂ ਹੋਣ ਵਾਲੀਆਂ ਬੀਮਾਰੀਆਂ ਤੋਂ ਬਚਿਆ ਜਾ ਸਕੇ। ਜ਼ਿਲ੍ਹਾ ਪ੍ਰੋਗਰਾਮ ਮੈਨੇਜਮੈਂਟ ਸੈਲ ਦੇ ਸਟਾਫ਼ ਵੱਲੋਂ ਇਸ ਸਮਾਗਮ ਵਿੱਚ ਆਏ ਪਤਵੰਤੇ ਲੋਕਾਂ ਦਾ ਧੰਨਵਾਦ ਕੀਤਾ ਗਿਆ ਅਤੇ ' ਸ਼ੁੱਧ ਪਾਣੀ ਪੀਓ ਅਤੇ ਨਿਰੋਗ ਜੀਵਣ ਜਿਓ ' ਦਾ ਨਾਰਾ ਬੁਲੰਦ ਕੀਤਾ।

# ਸਕੂਲਾਂ ਦੇ ਰਸਾਲਿਆਂ ਦੀਆਂ ਸੀਮਾਵਾਂ ਤੇ ਸੰਭਾਵਨਾਵਾਂ

ਨੇ ਪੂਰੀ ਤਨਦੇਹੀ ਨਾਲ ਇਹਨਾਂ ਰਸਾਲਿਆਂ ਦਾ ਪ੍ਰਕਾਸ਼ਨ ਕੀਤਾ ਹੈ। ਜਿਹਨਾਂ ਵਿਚੋਂ ਸਿਰਜਣਾਤਮਿਕਤਾ ਝਲਕਾਰੇ ਮਾਰ ਰਹੀ ਹੈ।ਵੰਨਗੀ ਵੀ ਹੈ ਤੇ ਰੋਚਕਤਾ ਵੀ ਬਰਕਰਾਰ ਰੱਖੀ ਗਈ ਹੈ।ਕੁੱਝ ਨੇ ਤਾਂ ਕੰਪਿਊਟਰ ਪ੍ਰਿੰਟ ਨਾਲ ਹੀ ਖਾਨਾ ਪੂਰਤੀ ਕਰਕੇ ਡੰਗ ਸਾਰ ਲਿਆ ਹੈ। ਕਿਸੇ ਕੋਲ ਕਹਿਣ ਲਈ ਕੁਝ ਨਹੀਂ। ਦੋ ਚਾਰ ਤਸਵੀਰਾਂ ਤੇ ਖੇਡ ਪ੍ਰਾਪਤੀਆਂ ਲਿਖ ਕੇ ਹੀ ਬੁੱਤਾ ਸਾਰ ਲਿਆ ਗਿਆ।

ਕੁਲ ਮਿਲਾ ਕੇ ਇਸ ਵਿਸ਼ੇ ਬਾਰੇ ਇਹ ਕਿਹਾ ਜਾਣਾ ਬਣਦਾ ਹੈ ਕਿ ਸਿੱਖਿਆ ਵਿਭਾਗ ਦਾ ਇਹ ਉਪਰਾਲਾ ਤਾਂ ਸ਼ਲਾਘਾਯੋਗ ਹੈ ਪਰ ਫੰਡਾਂ ਦੀ ਕਮੀ ਬਹੁਤ ਵੱਡੀ ਰੁਕਾਵਟ ਹੈ। ਜੇਕਰ ਦਸ ਜਾਂ ਵੀਹ ਸਕੂਲਾਂ ਦਾ ਇਕ ਸਾਂਝਾ ਰਸਾਲਾ ਛਪੇ ਤਾਂ ਇਸ ਦੀ ਲਾਗਤ ਵੀ ਘਟ ਜਾਵੇਗੀ ਅਤੇ ਵੰਨਗੀਆਂ ਨਾਲ ਵੀ ਭਰਪੂਰ ਹੋ ਜਾਵੇਗਾ। ਲੇਖਕ ਅਧਿਆਪਕਾਂ ਦੇ ਸਹਿਯੋਗ ਨਾਲ ਇਸ ਕਾਰਜ ਨੂੰ ਹੋਰ ਵੀ ਸ਼ਾਨਦਾਰ ਢੰਗ ਨਾਲ ਸਿਰੇ ਚੜ੍ਹਾਇਆ ਜਾ ਸਕਦਾ ਹੈ। ਪੰਜਾਬ ਦੇ ਸਾਰੇ ਸੈਕੰਡਰੀ ਸਕੂਲਾਂ ਦੇ ਬਾਲ ਰਸਾਲਿਆਂ ਨੇ ਬਾਲ ਸਾਹਿਤ ਦੀ ਇਕ ਲਹਿਰ ਪੈਦਾ ਕਰ ਦਿੱਤੀ ਹੈ। ਜਿਸ ਵਾਸਤੇ ਪੰਜਾਬ ਦੇ ਸਿੱਖਿਆ ਮੰਤਰੀ ਸ ਸਿਕੰਦਰ ਸਿੰਘ ਮਲੂਕਾ ਅਤੇ ਡਾਇਰੈਕਟਰ ਜਨਰਲ ਸ ਕਾਹਨ ਸਿੰਘ ਪੰਨੂ ਦੀ ਸੋਚ ਨੂੰ ਸਲਾਮ ਆਖਣੀ ਬਣਦੀ ਹੈ।

ਸਕੂਲਾਂ ਤੋਂ ਇਲਾਵਾ ਪਟਿਆਲਾ ਜ਼ਿਲ੍ਹੇ ਦੇ ਲੇਖਕ ਡਿਪਟੀ ਕਮਿਸ਼ਨਰ ਸ੍ਰੀ ਜੀ ਕੇ ਸਿੰਘ ਨੇ ਜ਼ਿਲ੍ਹਾ ਬਾਲ ਭਲਾਈ ਕੌਂਸਲ ਦੀ ਅਗਵਾਈ ਹੇਠ ਇਕ ਦੋ-ਮਾਸਿਕ ਬਾਲ ਰਸਾਲੇ 'ਬਾਲ ਪ੍ਰੀਤ' ਦਾ ਇਸੇ ਸਾਲ ਅਰੰਭ ਕੀਤਾ ਹੈ। ਜਿਸਦੀ ਸੰਪਾਦਨਾ ਦਾ ਜਿੰਮਾ ਹੋਰ ਅਧਿਕਾਰੀਆਂ ਸਮੇਤ ਸਾਹਿਤ ਅਕਾਡਮੀ ਪੁਰਸਕਾਰ ਜੇਤੂ ਡਾ. ਦਰਸ਼ਨ ਸਿੰਘ ਆਸ਼ਟ ਅਤੇ ਕੌਮਾਂਤਰੀ ਪ੍ਰਸਿੱਧੀ ਪ੍ਰਾਪਤੀ ਕਰਨ ਵਾਲੀ ਡਾ. ਹਰਸ਼ਿੰਦਰ ਕੌਰ ਸਿਰ ਹੈ। ਅਜਿਹੇ ਉਪਰਾਲੇ ਹਰ ਜ਼ਿਲ੍ਹੇ ਦੇ ਡੀ ਸੀ ਨੂੰ ਕਰਨੇ ਚਾਹੀਦੇ ਹਨ। ਜੇ ਅਜਿਹਾ ਸੰਭਵ ਨਹੀਂ ਤਾਂ ਘੱਟੋ ਘੱਟ ਨਿਜੀ ਖੇਤਰ ਤੇ ਬਾਲ ਸਾਹਿਤ ਦੇ ਪ੍ਰਕਾਸ਼ਨ ਲਈ ਸਰਪ੍ਰਸਤੀ ਜਰੂਰ ਦੇਣੀ ਚਾਹੀਦੀ ਹੈ।

ਅੱਜ ਪੂਰੇ ਪੰਜਾਬ ਅਤੇ ਚੰਡੀਗੜ੍ਹ ਵਿਚੋਂ ਨਿਜੀ ਖੇਤਰ ਦਾ ਇਕੋ ਇਕ ਬਾਲ ਰਸਾਲਾ 'ਨਿੱਕੀਆਂ ਕਰੂੰਬਲਾਂ' 1995 ਤੋਂ ਨਿਰੰਤਰ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ। ਜਿਸ ਨੂੰ ਸਰਕਾਰ ਵਲੋਂ ਕੋਈ ਇਸ਼ਤਿਹਾਰ ਵੀ ਨਹੀਂ ਦਿੱਤੇ ਜਾ ਰਹੇ। ਸਰਕਾਰੀ ਉਦਾਸੀਨਤਾ ਕਾਰਨ ਹੀ ਪਿਛਲੇ ਦੋ ਦਹਾਕਿਆਂ ਵਿਚ ਕਿਸੇ ਵੀ ਨਿਜੀ ਅਦਾਰੇ ਨੇ ਕਿਸੇ ਨਵੇਂ ਬਾਲ ਰਸਾਲੇ ਦੇ ਪ੍ਰਕਾਸ਼ਨ ਦਾ ਬੀੜਾ ਨਹੀਂ ਚੁੱਕਿਆ।

ਇਹ ਬਹੁਤ ਚੰਗੀ ਗੱਲ ਹੈ ਕਿ ਸਕੂਲਾਂ ਦੇ ਮੈਗਜ਼ੀਨ ਅਰੰਭ ਹੋ ਗਏ ਹਨ ਪਰ ਨਾਲ ਹੀ ਪੰਜਾਬ ਵਿਚੋਂ ਛਪਣ ਵਾਲੇ ਤਿੰਨੋਂ ਰਸਾਲੇ ਪੰਖੜੀਆਂ, ਪ੍ਰਾਇਮਰੀ ਸਿੱਖਿਆ, ਨਿੱਕੀਆਂ ਕਰੂੰਬਲਾਂ ਸਾਰੇ ਸਰਕਾਰੀ ਅਤੇ ਗੈਰ ਸਰਕਾਰੀ ਸਕੂਲਾਂ ਵਿਚ ਪੁੱਜਣੇ ਲਾਜ਼ਮੀ ਕੀਤੇ ਜਾਣ। ਇੰਜ ਬਾਲ ਮਨਾ ਅੰਦਰ ਸਮੇਂ ਦੇ ਹਾਣੀ ਬਣਨ ਦੀ ਨਿੱਗਰ ਸੋਚ ਦੀ ਉਪਜ ਹੋਵੇਗੀ। ਬਾਲ ਸਾਹਿਤ ਜਗਤ ਵਿਚ ਨਿਜੀ ਤੌਰ ਤੇ ਯਤਨ ਕਰਨਾ ਕੋਈ ਖਾਲਾ ਜੀ ਦਾ ਵਾੜਾ ਨਹੀਂ ਹੈ।

ਇਸ ਗੱਲ ਦਾ ਸਬੂਤ ਕਿਸੇ ਹੋਰ ਨਿਜੀ ਰਸਾਲੇ ਦਾ ਦੋ ਦਹਾਕਿਆਂ ਤੋਂ ਅਰੰਭ ਨਾ ਹੋਣਾ ਹੈ। ਕਾਰਨ ਸਪੱਸ਼ਟ ਹੈ ਕਿ ਇਹ ਕੋਈ ਬਿਜ਼ਨਸ ਵਾਲਾ ਕਾਰਜ ਨਹੀਂ ਹੈ। ਜਿਸ ਕਰਕੇ ਅਜੇ ਤਕ ਕੋਈ ਵੀ ਇਸ ਘਾਟੇ ਵਾਲੇ ਸੌਦੇ ਵੱਲ ਨੂੰ ਮੂੰਹ ਨਹੀਂ ਕਰ ਰਿਹਾ। ਜਦਕਿ ਪੰਜਾਬ ਵਰਗੇ ਪ੍ਰਾਂਤ ਵਿਚੋਂ ਅਨੇਕਾਂ ਬਾਲ ਰਸਾਲੇ ਛਪਣੇ ਚਾਹੀਦੇ ਹਨ।

ਅੱਜ ਲੋੜ ਹੈ ਬਾਲ ਰਸਾਲਿਆਂ ਦੇ ਇਸ ਦੌਰ ਵਿਚ ਬਾਲ ਸਾਹਿਤ ਦੇ ਮਿਆਰ ਨੂੰ ਕਾਇਮ ਰੱਖਣ ਦੀ। ਇਹ ਤਦ ਹੀ ਸੰਭਵ ਹੋ ਸਕੇਗਾ ਜਦੋਂ ਕੁੱਝ ਸਕੂਲਾਂ ਦਾ ਸਾਂਝਾ ਮੈਗਜ਼ੀਨ ਛਪੇਗਾ। ਉਹਨਾਂ ਕੋਲ ਲੋੜੀਂਦੇ ਫੰਡ ਹੋਣਗੇ। ਨਾਲ ਹੀ ਲੇਖਕਾਂ ਦੀ ਯੋਗ ਅਗਵਾਈ।

ਇੰਜ ਇਹ ਲਹਿਰ ਤਦ ਹੀ ਸਾਰਥਕ ਹੋ ਸਕੇਗੀ ਜੇਕਰ ਰਸਾਲਿਆਂ ਦੀ ਤਿਆਰੀ ਵਿਚ ਤਜਰਬੇਕਾਰ ਅਧਿਆਪਕਾਂ ਦਾ ਯੋਗਦਾਨ ਲਿਆ ਜਾਵੇਗਾ। ਮਹਿੰਗੀ ਪ੍ਰਕਾਸ਼ਨਾ ਨਾਲ ਨਜਿੱਠਣ ਲਈ ਵੀ ਹੱਲ ਲੱਭਣੇ ਹੋਣਗੇ। ਚਿੱਤਰਕਾਰੀ ਲਈ ਵੀ ਕਲਾ ਪ੍ਰੇਮੀ ਅਧਿਆਪਕਾਂ ਨੂੰ ਤਿਆਰ ਕਰਨਾ ਹੋਵੇਗਾ। ਇਸ ਖੇਤਰ ਵਿਚ ਦਹਾਕਿਆਂ ਤੋਂ ਕਾਰਜਸ਼ੀਲ ਅਧਿਆਪਕਾਂ ਨੂੰ ਬਣਦਾ ਮਾਣ ਸਤਿਕਾਰ ਵੀ ਦੇਣਾ ਹੋਵੇਗਾ ਤਾਂ ਕਿ ਬਾਕੀਆਂ ਨੂੰ ਉਤਸ਼ਾਹਿਤ ਕੀਤਾ ਜਾ ਸਕੇ।ਲੇਖਕ ਅਧਿਆਪਕਾਂ ਦੀ ਅਗਵਾਈ ਸਦਕਾ ਬਾਲਾਂ ਦੀ ਪ੍ਰਤਿਭਾ ਨੂੰ ਨਿਖਾਰਨ ਤੇ ਵਿਚਾਰਨ ਲਈ ਇਹ ਰਸਾਲੇ ਨਰੋਏ ਸਾਧਨ ਬਣ ਸਕਦੇ ਹਨ।

# ਧਰਤ ਦੁਆਬੇ ਦੀ

# ਰਿਕਾਰਡ ਬਣਾਉਣ ਵਾਲੀ ਵੈਟਰਨ ਅਥਲੀਟ ਸਿੱਖ ਜੋੜੀ



ਬਲਜਿੰਦਰ ਮਾਨ
98150-18947
Email : nikkiankarum-blan@rediffmail.com

77 ਸਾਲ ਦੀ ਉਮਰ ਵਿਚ ਪੋਲ ਵਾਲਟ ਕਰਨਾ ਕਿਸੇ ਐਰੇ-ਗੈਰੇ ਦੇ ਬਸ ਦੀ ਗੱਲ ਨਹੀਂ।ਪਰ ਹੁਸ਼ਿਆਰਪੁਰ ਜਿਲ੍ਹੇ ਦੇ ਪਿੰਡ ਪੱਦੀ ਸੂਰਾ ਸਿੰਘ ਦਾ ਜੰਮਪਲ ਸ. ਕੇਸਰ ਸਿੰਘ ਪੂੰਨੀਆ ਗੱਭਰੂਆਂ ਵਾਂਗ ਲਾਂਗ ਜੰਪ, ਹਾਈ ਜੰਪ, ਹਰਡਲ ਰੇਸ, ਪੋਲ ਵਾਲਟ ਅਤੇ ਹੋਰ ਕਈ ਅਥਲੈਟਿਕਸ ਦੀਆਂ ਈਵੈਂਟਸ ਬੜੀ ਸ਼ਾਨ ਨਾਲ ਕਰ ਜਾਂਦਾ ਹੈ।ਇਸੇ ਕਰਕੇ ਉਸਨੇ ਆਪਣੀ ਉਮਰ ਵਰਗ ਵਿਚ ਸਭ ਤੋਂ ਵੱਧ ਗੋਲਡ ਅਤੇ ਸਿਲਵਰ ਮੈਡਲ ਜਿੱਤ ਕੇ ਵਿਸ਼ਵ ਰਿਕਾਰਡ ਬਣਾਇਆ ਹੋਇਆ ਹੈ। ਇਥੇ ਹੀ ਬਸ ਨਹੀਂ ਉਸਦੀ ਜੀਵਨ ਸਾਥਣ ਬੀਬੀ ਹਰਬੰਸ ਕੌਰ ਵੀ ਪਿਛਲੇ ਇਕ ਦਹਾਕੇ ਤੋਂ ਸੱਤਰ ਸਾਲ ਦੀ ਉਮਰ ਵਰਗ ਵਿਚ ਨਵੇਂ ਕੀਰਤੀਮਾਨ ਸਥਾਪਿਤ ਕਰਨ ਵਿਚ ਜੁਟੀ ਹੋਈ। ਇੰਜ ਇਹ ਸਿੱਖ ਜੋੜੀ ਪੰਜਾਬੀਆਂ ਦਾ ਮਾਣ ਪੂਰੇ ਵਿਸ਼ਵ ਵਿਚ ਆਪਣੀ ਖੇਡ ਕਲਾ ਨਾਲ ਰੋਸ਼ਨ ਕਰ ਰਹੀ ਹੈ।

ਮਰਹੂਮ ਨੈਸ਼ਨਲ ਅਵਾਰਡੀ ਟੀਚਰ ਗਿਆਨੀ ਹਰਕੇਵਲ ਸਿੰਘ ਸੈਲਾਨੀ ਅਤੇ ਸ.ਬੱਗਾ ਸਿੰਘ ਆਰਟਿਸਟ ਦਾ ਇਹ ਸਾਥੀ ਕਾਫੀ ਸਮਾਂ ਇੰਡੀਆ ਵਿਚ ਟੀਚਰ ਲੱਗਾ ਰਿਹਾ।ਬਾਅਦ ਵਿਚ ਕਨੇਡਾ ਜਾ ਵਸਿਆ। ਉਸਦਾ ਲੰਬਾ ਕੱਦ ਉਸਨੂੰ ਜੀਵਨ ਦੀਆਂ ਬੁਲੰਦੀਆ ਵੱਲ ਨੂੰ ਤੋਰਦਾ ਰਿਹਾ। ਮਿਹਨਤ ਤੇ ਲਗਨ ਦਾ ਲੜ ਫੜ ਉਹ ਹਰ ਮੁਕਾਬਲੇ ਵਿਚ ਸ਼ਾਮਿਲ ਹੁੰਦਾ ਰਿਹਾ।ਬੜੀ ਛੇਤੀ ਹੀ ਜਿੱਤਾਂ ਦੀਆਂ ਲੜੀਆਂ ਪ੍ਰੋਣ ਲੱਗ ਪਿਆ। ਅੱਜ ਉਸ ਕੋਲ 500 ਦੇ ਕਰੀਬ ਮੈਡਲ ਹੈ।ਜਿੰਨਾ ਦੀਆਂ ਨੁਮਾਇਸ਼ਾਂ ਨਾਲ ਉਸਨੇ ਕਿਲਾ ਰਾਏਪੁਰ, ਅੰਮ੍ਰਿਤਸਰ ਅਤੇ ਅਨੰਦਪੁਰ ਸਾਹਿਬ ਤਕ ਲੋਕਾਂ ਨੂੰ ਪ੍ਰੇਰਨਾ ਦਿੱਤੀ ਹੈ। ਉਸਨੇ ਤਾਂ ਸ.ਬੱਗਾ ਸਿੰਘ ਸਮੇਤ ਉਸਦੀ ਜੀਵਨ ਸਾਥਣ ਚਰਨਜੀਤ ਕੌਰ ਨੂੰ ਵੀ ਜੇਤੂ ਅਥਲੀਟ ਬਣਾ ਦਿੱਤਾ। ਕਿਸੇ ਨੇ ਸੱਚ ਹੀ ਕਿਹਾ ਹੈ ਕਿ ਗੁਰੂ ਜਿੰਨਾ ਦੇ ਟੱਪਣ ਚੇਲੇ ਜਾਣ ਛੜੱਪ। ਸ.ਕੇਸਰ ਸਿੰਘ ਦਾ ਜਨਮ 1 ਫਰਵਰੀ 1934 ਨੂੰ ਸੂਬੇਦਾਰ ਜਗਤ ਸਿੰਘ ਅਤੇ ਮਾਤਾ ਚੰਨਣ ਕੌਰ ਦੇ ਘਰ ਹੋਇਆ। 1953 ਵਿਚ ਉਸਦਾ ਵਿਆਹ ਚੱਬੇਵਾਲ ਦੀ ਬੀਬੀ ਹਰਬੰਸ ਕੌਰ ਨਾਲ ਹੋਇਆ ਜੋ ਉਘੇ ਆਗੂ ਸ.ਮੋਹਣ ਸਿੰਘ ਦੀ ਭੈਣ ਹੈ। ਇਸ ਜੋੜੀ ਦੇ ਘਰ ਪੁੱਤਰ ਕਮਲਜੀਤ ਤੇ ਗੁਰਦੀਪ, ਧੀ ਇੰਦਰਜੀਤ, ਸੁਖਜੀਤ ਤੇ ਚਰਨਜੀਤ ਨੇ ਮਹਿਕ ਖਿਲਾਰੀ। ਉਸਨੇ ਡਰਾਇੰਗ ਮਾਸਟਰੀ ਦੇ ਕੋਰਸ ਤੋਂ ਬਾਅਦ ਐਨ. ਡੀ. ਐਸ.ਵੀ ਕਰ ਲਈ। ਖਾਲਸਾ ਹਾਈ ਸਕੂਲ ਮਾਹਿਲਪੁਰ ਵਿਚ 1960 ਵਿਚ ਇਸ ਟਰੱਕਟਰ ਵਜੋਂ ਸੇਵਾ ਕਰਨ ਲਗ ਪਿਆ। ਕਦੀ ਫੁਟਬਾਲ ਖਿਡਾਉਂਦਾ ਤੇ ਕਦੀ ਹੋਮ ਗਾਰਡ ਦੀ ਟਰੇ-ਨਿੰਗ ਦਿੰਦਾ।ਇੰਜ ਹਰ ਤਰ੍ਹਾਂ ਤੇ ਉਹ ਪਾਪੜ ਵੇਲਦਾ- ਵੇਲਦਾ 1988 ਵਿਚ ਬੀ. ਪੀ. ਈ. ਓ. ਬਣਨ ਉਪਰੰਤ ਕਨੇਡਾ ਜਾ ਪੁੱਜਾ। ਉਥੋਂ ਹੀ ਵੈਟਰਨ ਅਥਲੈਟਿਕਸ ਮੁਕਾਬਲਿਆਂ ਵਿਚ ਭਾਗ ਲੈਣਾ ਅਰੰਭ ਕਰ ਦਿੱਤਾ। ਬਸ ਫਿਰ ਹਰ ਮੈਦਾਨ ਵਿਚ ਜਿੱਤਾ ਕੇ ਝੰਡੇ ਗੱਡ ਦਿੱਤੇ। ਇਹਨਾਂ ਸ਼ਾਨਦਾਰ ਪ੍ਰਾਪਤੀਆਂ ਸਦਕਾ ਕਨੇਡਾ ਦੇ ਪ੍ਰਧਾਨ ਮੰਤਰੀ ਪਾਲ ਮਾਰਟਨ ਨੇ 2002 ਵਿਚ 'ਗਵਰਨ ਜਨਰਲ ਐਵਾਰਡ ਆਫ ਕਨੇਡਾ' ਨਾਲ ਸਨਮਾਨਿਤ ਕੀਤਾ। ਪੰਜਾਬ ਸਰਕਾਰ ਅਤੇ ਸ਼੍ਰੋਮਣੀ ਕਮੇਟੀ ਦੇ ਸ਼ਾਨਦਾਰ ਸਨਮਾਨਾ ਤੋਂ ਇਲਾਵਾ ਦੇਸ਼ ਵਿਦੇਸ਼ ਦੀਆ ਅਨੇਕਾਂ ਸੰਸਥਾਵਾਂ ਮਾਣ ਕਰ ਚੁਕੀਆ ਹਨ। ਮਾਹਿਲਪੁਰ ਦਾ ਪ੍ਰਿੰਸੀਪਲ ਹਰਭਜਨ ਸਿੰਘ ਸਪੋਰਟਿੰਗ ਕਲੱਬ ਉਸਦਾ ਵਿਸ਼ੇਸ਼ ਮਾਣ ਕਰ ਚੁੱਕਾ ਹੈ। ਇਸ ਅੰਮ੍ਰਿਤਧਾਰੀ ਅਥਲੀਟ ਨੇ ਲੰਬੀ ਦਾੜੀ ਦਾ ਵੀ ਰਿਕਾਰਡ ਬਣਾਇਆ ਹੋਇਆ ਹੈ। ਲਾਂਗ ਜੰਪ,ਜੈਵਲਿਨ ਸ਼ਾਟਪੁਟ ਅਤੇ ਸੌ ਤੇ ਦੋ ਸੌ ਮੀਟਰ ਦੀ ਦੌੜ ਵਿਚ ਕਿਸੇ ਨੂੰ ਨਾਲ ਨਹੀਂ ਰਲਣ ਦਿੰਦਾ। 2006 ਵਿਚ ਲੰਡਨ ਵਿਖੇ ਮਾਸਟਰਜ ਫੀਲਡ ਚੈਪੀਅਨਸ਼ਿੱਪ, 2007 ਵਿਚ ਆਸਟ੍ਰੇਲੀਆ, 2004 ਵਿਚ ਅਮਰੀਕਾ , 1999 ਵਿਚ ਇੰਗਲੈਂਡ, 2005 ਵਿਚ ਕਨੈਡਾ ਵਿਖੇ ਹੋਈ ਵਿਸ਼ਵ ਵੈਟਰਨ ਚੈਂਪੀਅਨਸ਼ਿਪ ਵਿਚ ਉਸਨੇ ਸ਼ਾਨਦਾਰ ਮੱਲਾਂ ਮਾਰਕੇ ਸਿੱਖ ਕੌਮ ਤੇ ਪੰਜਾਬੀਆਂ ਨੂੰ ਕੁਲ ਦੁਨੀਆਂ ਵਿਚ ਮਸ਼ਹੂਰ ਕਰ ਦਿੱਤਾ। ਜਦੋਂ ਉਹ ਇਕੱਲਾ ਹੀ ਅੰਮ੍ਰਿਤਧਾਰੀ ਮੈਦਾਨ ਵਿਚ ਨਿੱਤਰਦਾ ਤਾਂ ਸਾਰੇ ਮੀਡੀਏ ਦੀ ਨਜ਼ਰ ਉਸ ਉੱਪਰ ਹੀ ਜੰਮੀ ਹੁੰਦੀ ਹੈ ਤੇ ਉਹ ਪੰਜਾਬੀਆਂ ਦਾ ਮਾਣ ਬਣਕੇ ਹਮੇਸ਼ਾ ਅੱਗੇ ਰਹਿੰਦਾ। ਕੇਸਰ ਸਿੰਘ ਦਾ ਇਕ ਹੋਰ ਗੁਣ ਇਹ ਹੈ ਕਿ ਇਸ ਉਮਰੇ ਸ਼ਾਨਦਾਰ ਭੰਗੜਾ ਵੀ ਪਾ ਲੈਂਦੇ ਹਨ।ਇਸੇ ਕਲਾ ਸਦਕਾ ਉਸਨੂੰ 2008 ਵਿਚ 'ਬੈਸਟ ਬਾਬਾ ਆਫ ਦਾ ਯੀਅਰ' ਖਿਤਾਬ ਨਾਲ ਵੀ ਨਿਵਾਜਿਆ ਗਿਆ। ਸਾਲ 2009- 10 ਵਿਚ ਹਿਸਾਰ ਵਿਖੇ ਕਰਵਾਈ ਕੌਮੀ ਚੈਪੀਅਨਸ਼ਿੱਪ ਵਿਚ ਉਸਨੇ ਅਤੇ ਉਸਦੀ ਸਾਥਣ ਨੇ ਸੱਤ ਮੈਡਲ ਜਿੱਤਕੇ ਰਿਕਾਰਡ ਕਾਇਮ ਕੀਤਾ। ਬੀਬੀ ਹਰਬੰਸ ਕੌਰ ਇੰਡੀਆ ਵਿਚੋਂ ਚੌਥੇ ਨੰਬਰ ਤੇ ਰਹੀ। ਕਿਲਾ ਰਾਏਪੁਰ ਵਿਖੇ ਵੀ ਇਸ ਜੋੜੀ ਦੀ ਭਰਪੂਰ ਚਰਚਾ ਹੋਈ। ਇਹਨਾਂ ਦੋਨਾਂ ਨੇ ਸੌ ਮੀਟਰ, ਦੋ ਸੌ ਮੀਟਰ, ਸ਼ਾਟ ਪੁੱਟ, ਹਰਡਲ ਅਤੇ ਜੈਵਲਿਨ ਵਿਚ ਕਮਾਲ ਦੀ ਕਲਾ ਵਿਖਾਈ।



ਬੀਬੀ ਹਰਬੰਸ ਕੌਰ ਨੇ 67 ਸਾਲਾ ਉਮਰ ਵਰਗ ਵਿਚ 2005 ਵਿਚ ਹੋਏ ਵੱਖ ਵੱਖ ਮੁਕਾਬਲਿਆਂ ਵਿਚ 10 ਗੋਲਡ ਅਤੇ ਅੱਠ ਸਿਲਵਰ ਮੈਡਲ ਜਿੱਤਕੇ ਰਿਕਾਰਡ ਕਾਇਮ ਕੀਤਾ। ਕਨੇਡਾ ਵਿਚ ਇਸ ਸਿੱਖ ਜੋੜੀ ਨੂੰ ਵਿਸ਼ੇਸ਼ ਸਨਮਾਨ ਨਾਲ ਨਿਵਾਜਿਆ ਗਿਆ। ਹੁਣ ਇਸ ਜੋੜੀ ਦਾ ਨਾਂ ਗਿੰਨੀਜ਼ ਬੁੱਕ ਆਫ ਵਰਲਡ ਰਿਕਾਰਡ ਵਿਚ ਵੀ ਦਰਜ ਹੋਣ ਜਾ ਰਿਹਾ ਹੈ।ਇਹ ਪਹਿਲੀ ਅੰਮ੍ਰਿਤਧਾਰੀ ਰਿਕਾਰਡ ਬਨਾਉਣ ਵਾਲੀ ਵੈਟਰਨ ਅਥਲੀਟ ਜੋੜੀ ਹੈ। 45 ਇੰਚ ਲੰਬੀ ਦਾੜੀ ਨਾਲ ਅਥਲੈਟਿਕਸ ਵਿਚ ਵੀ ਮੱਲਾਂ ਮਾਰਨੀਆਂ ਕੋਈ ਸਧਾਰਨ ਗਲ ਨਹੀਂ ਹੈ। ਕੇਸਰ ਸਿੰਘ ਤੇ ਹਰਬੰਸ ਕੌਰ ਹਠੀ ਇਨਸਾਨ ਹਨ। ਜੋ ਮਨ ਵਿਚ ਧਾਰਦੇ ਹਨ, ਉਹ ਕਰਕੇ ਹੀ ਦਮ ਲੈਂਦੇ ਹਨ।ਡਾ.ਸੁਰਜੀਤ ਸਿੰਘ ਰੰਧਾਵਾ, ਪ੍ਰਿੰ. ਸਰਵਣ ਸਿੰਘ, ਡਾ.ਜਗੀਰ ਸਿੰਘ ਨੂਰ, ਸ ਹਰਬੰਸ ਸਿੰਘ ਬੈਂਸ, ਸ ਮਿਲਖਾ ਸਿੰਘ, ਸ ਗੁਰਬਖਸ਼ ਸਿੰਘ ਮੱਲੀ ਅਤੇ ਸ. ਬੱਗਾ ਸਿੰਘ ਆਰਟਿਸਟ ਵਰਗੇ ਮਿੱਤਰਾਂ ਵਿਚ ਬੈਠਾ ਉਹ ਇਕ ਅਨੋਖਾ ਇਨਸਾਨ ਦਿਖਾਈ ਦਿੰਦਾ ਹੈ। ਉਸ ਬਾਰੇ ਪ੍ਰਿੰਸੀਪਲ ਹਰੀ ਦੱਤ ਸ਼ਰਮਾ ਦੁਆਰਾ ਰਚੀ ਪੁਸਤਕ 'ਵਰਲਡ ਵੈਟਰਨ ਅਥਲੀਟ' ਚੋਖੀ ਜਾਣਕਾਰੀ ਪ੍ਰਦਾਨ ਕਰਦੀ ਹੈ।

ਉਹ ਇਕ ਪ੍ਰੇਰਨਾ ਦਾ ਸੋਮਾ ਹੈ। ਜਿਹੜੇ ਲੋਕ 50 ਸਾਲ ਦੀ ਉਮਰ ਵਿਚ ਹੀ ਗੋਡੇ ਲੈਕੇ ਬੈਠ ਗਏ ਨੇ। ਉਹਨਾਂ ਲਈ ਉਹ ਆਖਦਾ ਹੈ-ਖੇਡਾਂ ਖੇਡੋ ਤੇ ਤੰਦਰੁਸਤ ਰਹੋ। ਆਪਣੀ ਨਵੀਂ ਪਨੀਰੀ ਨੂੰ ਵੀ ਇਸ ਪਾਸੇ ਲਾਓ ਤੇ ਨਸ਼ਿਆ ਤੋ ਬਚਾਓ। ਉਸਦਾ ਸਭ ਲਈ ਇਕ ਸਨੇਹਾ ਹੈ ਕਿ ਸਿਹਤ ਦਾ ਖਿਆਲ ਰੱਖਦੇ ਹੋਏ ਸਮਾਜ ਦੇ ਭਲੇ ਲਈ ਕਾਰਜ ਕਰੋ। ਸਾਰੇ ਗੁਰੂ ਪੀਰ ਸਭ ਲਈ ਇਹੀ ਸੰਦੇਸ਼ ਦਿੰਦੇ ਹਨ।

# ਕਈ ਕਲਾਵਾਂ ਦਾ ਸੰਗਮ -ਬੱਗਾ ਸਿੰਘ ਆਰਟਿਸਟ

ਕਲਾ ਇਕ ਸਾਧਨਾ ਹੈ। ਜਿਸਨੇ ਕਲਾ ਨੂੰ ਆਪਣਾ ਲਿਆ ਸਮਝੋ ਉਹ ਉਸਦਾ ਹੀ ਹੋਕੇ ਰਹਿ ਜਾਂਦਾ ਹੈ। ਇਹੀ ਕਲਾ ਇਨਸਾਨ ਨੂੰ ਉੱਚੇ ਅੰਬਰਾਂ ਤੇ ਉਡਾਰੀਆਂ ਮਾਰਨ ਦੇ ਯੋਗ ਬਣਾਉਂਦੀ ਹੈ। ਇਹੀ ਕਲਾ ਉਸਨੂੰ ਕਲਾ ਜਗਤ ਦਾ ਮਹਾਂਰਥੀ ਬਣਾਉਂਦੀ ਹੈ। ਪਰ ਮੱਲਾਂ ਉਹੀ ਮਾਰ ਸਕਦਾ ਹੈ, ਜਿਸਨੇ ਕਲਾ ਦੀ ਸਾਧਨਾ ਕੀਤੀ ਹੋਵੇ। ਕਲਾ ਦੀ ਉਪਾਸਨਾ ਕੀਤੀ ਹੋਵੇ। ਕਲਾ ਤਾਂ ਹਰ ਇਨਸਾਨ ਵਿਚ ਛੁਪੀ ਹੁੰਦੀ ਹੈ ਪਰ ਉਸਨੂੰ ਪ੍ਰਗਟ ਹੋਣ ਦਾ ਮੌਕਾ ਨਹੀਂ ਮਿਲਦਾ। ਸੋ ਸ.ਬੱਗਾ ਸਿੰਘ ਦੀ ਕਲਾ ਨੂੰ ਵਧਣ ਫੁੱਲਣ ਦਾ ਭਰਪੂਰ ਮੌਕਾ ਸਵਰਗਵਾਸੀ ਕੌਮੀ ਪੁਰਸਕਾਰ ਜੇਤੂ ਲੇਖਕ ਤੇ ਅਧਿਆਪਕ ਗਿਆਨੀ ਹਰਕੇਵਲ ਸਿੰਘ ਸੈਲਾਨੀ ਨੇ ਪ੍ਰਦਾਨ ਕੀਤਾ। ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪੱਦੀ ਸੂਰਾ ਸਿੰਘ ਵਿਚ ਪੜ੍ਹਾਉਂਦੇ ਅਜਿਹੇ ਸਾਥੀ ਬਣੇ ਕੇ ਉਮਰਾਂ ਦੀ ਸਾਂਝ ਪੁਗਾ ਗਏ। ਇਸੇ ਤਰ੍ਹਾਂ ਦੇ ਕਲਾਕਾਰ ਤਾਇਆ ਹੰਸਾ ਸਿੰਘ ਦੇ ਸਾਥ ਨੇ ਇਸ ਤ੍ਰਿਵੇਣੀ ਦੀ ਕਲਾ ਨੂੰ ਚਾਰ ਚੰਨ ਲਾਏ। ਜਿੱਥੇ ਵੀ ਜਾਂਦੇ ਹੁਨਰਾਂ ਦੀ ਗੱਲ ਕਰਕੇ ਕਸ਼ਮੀਰ ਤੋਂ ਕੰਨਿਆ ਕੁਮਾਰੀ ਤਕ ਦਾ ਸੈਲਾਨੀ ਮੰਡਲ ਅੱਜ ਵੀ ਕਲਾ ਦੀ ਇਸ ਤ੍ਰਿਵੇਣੀ ਨੂੰ ਉਡੀਕ ਰਿਹਾ ਹੈ ਪਰ ਅਫਸੋਸ ਕਿ ਸਾਡੇ ਨਸੀਬਾਂ ਵਿਚ ਇਸ ਕਲਾਕਾਰ ਟੋਲੀ ਵਿਚੋਂ ਸਿਰਫ ਸ. ਬੱਗਾ ਸਿੰਘ ਆਰਟਿਸਟ ਹੀ ਰਹਿ ਗਿਆ ਹੈ।

ਕੋਮਲ ਕਲਾਵਾਂ ਦੇ ਇਸ ਸੰਗਮ ਦੀ ਸੰਗਤ ਕਰੀਏ ਤਾਂ ਮਨ ਕਦੀ ਉੱਠਕੇ ਜਾਣ ਨੂੰ ਨਹੀਂ ਕਰਦਾ।ਜੀਅ ਕਰਦਾ ਉਹਨਾਂ ਨਾਲ ਬੈਠ ਕੇ ਕਲਾ ਦੇ ਡੂੰਘੇ ਸਾਗਰਾਂ ਵਿਚ ਚੁੱਭੀਆਂ ਮਾਰਦੇ ਰਹੀਏ । ਬੀ.ਏ. ਤਾਂ ਉਸਨੇ ਫਾਈਨ ਆਰਟ ਨਾਲ ਕਰ ਲਈ ਸੀ। ਪਰ ਜੇ. ਬੀ. ਟੀ. ਟੀਚਰ ਵਜੋਂ ਚਾਲੀ ਸਾਲ ਦੀਆਂ ਸ਼ਾਨਦਾਰ ਸੇਵਾਵਾਂ ਤੋਂ ਬਾਅਦ ਬਲਾਕ ਪ੍ਰਾਇਮਰੀ ਸਿੱਖਿਆਂ ਅਫਸਰ ਮਾਹਿਲਪੁਰ ਤੋਂ ਸੇਵਾ ਮੁਕਤੀ ਹਾਸਿਲ ਕੀਤੀ।ਕਲਾ ਸਾਹਿਤ ਅਤੇ ਸੱਭਿਆਚਾਰ ਨਾਲ ਉਸਦਾ ਡੂੰਘਾ ਰਿਸ਼ਤਾ ਹੈ। ਹਰ ਪਲ ਕਲਾ ਬਾਰੇ ਬਾਤਾਂ ਪਾਉਂਦਾ ਹੋਰ ਵੀ ਪਿਆਰਾ ਲੱਗਦਾ ਹੈ। ਸੈਲਾਨੀ ਦੀ ਪ੍ਰੇਰਨਾ ਸਦਕਾ ਹੀ ਉਹ ਵਿਸ਼ਵ ਦੇ ਮਹਾਨ ਚਿੱਤਰਕਾਰ ਪਦਮ ਸ੍ਰੀ ਸ਼ੋਭਾ ਸਿੰਘ ਦਾ ਸ਼ਗਿਰਦ ਬਣ ਗਿਆ। ਰੰਗਾਂ ਦੀ ਵੰਨ ਸੁਵੰਨਤਾ ਦੇ ਗੁਰ ਸਿੱਖ ਕੇ ਦਿਨ ਰਾਤ ਕਿਰਤਾਂ ਘੜਨ ਲਗ ਪਿਆ। ਉਹ ਇਕੱਲਾ ਚਿੱਤਰਕਾਰ ਹੀ ਨਹੀਂ ਹੈ।ਸੈਲਾਨੀ ਜੀ ਦੀਆਂ ਪੁਸਤਕਾਂ ਦੀ ਸੁਧਾਈ ਉਹਨਾਂ ਦੇ ਚਿੱਤਰ ਅਤੇ ਸੱਭਿਆਚਾਰਕ ਸਮਾਗਮਾਂ ਵਿਚ ਯੋਗਦਾਨ ਪਾਉਣਾ ਉਸਦਾ ਮੁੱਖ ਕਾਰਜ ਰਿਹਾ ਹੈ। ਪਰਿਵਾਰਕ ਜ਼ੁੰਮੇਵਾਰੀਆਂ ਨਿਭਾਉਂਦਾ ਹੋਇਆ ਕਲਾ ਦੇ ਖੇਤਰ ਵਿਚ ਵੀ ਸਰਗਰਮ ਰਹਿੰਦਾ ਹੈ। ਸਾਲ 2009 ਅਤੇ ਦਸ ਵਿਚ ਤਾਂ ਇਟਲੀ ਅਤੇ ਨਿਊਜੀਲੈਂਡ ਵਰਗੇ ਦੇਸ਼ਾਂ ਵਿਚ ਵੀ ਆਪਣੀ ਕਲਾ ਦੀ ਨੁਮਾਇਸ਼ ਲਾ ਆਇਆ।ਇਥੇ ਉਸਨੇ ਅੰਗਰੇਜ਼ੀ ਸਨਮਾਨਾਂ ਦੇ ਨਾਲ ਨਾਲ ਭਾਰਤੀ ਅਤੇ ਪੰਜਾਬੀ ਭਾਈਚਾਰੇ ਵੱਲੋਂ ਵੀ ਪੁਰਸਕਾਰ ਹਾਸਿਲ ਕੀਤੇ। ਇਸ ਤਰ੍ਹਾਂ ਉਸਨੇ ਵਿਦੇਸ਼ੀ ਧਰਤੀ ਤੇ ਵੀ ਆਪਣੀ ਨਿਵੇਕਲੀ ਅਤੇ ਕੋਮਲ ਕਲਾ ਦੇ ਝੰਡੇ ਗੱਡ ਦਿੱਤੇ।

1991 ਵਿਚ ਮਾਹਿਲਪੁਰ ਤੋਂ ਚੱਲੇ ਬਾਲ ਕਾਫਲੇ ਦਾ ਵੀ ਉਸਨੇ ਆਪਣੇ ਕਰ ਕਮਲਾ ਨਾਲ ਅਰੰਭ ਸ਼੍ਰੀ ਸੈਲਾਨੀ ਅਤੇ ਡਾ. ਰਮਾ ਰਤਨ ਦੀ ਪ੍ਰੇਰਨਾ ਨਾਲ ਕੀਤਾ ਸੀ।ਉਹ ਸਦਾ ਨਿਮਰ ਹੋਕੇ ਪਾਣੀ ਵਾਂਗ ਵਗਦਾ ਹੈ। ਉਸਦੇ ਚਿੱਤਰਾਂ ਦੀਆਂ ਨੁਮਾਇਸ਼ਾਂ ਪੂਰੇ ਪੰਜਾਬ ਅਤੇ ਹੋਰ ਕਈ ਇਤਿਹਾਸਕ ਥਾਂਵਾਂ ਤੇ ਲਾਈਆਂ ਜਾ ਚੁੱਕੀਆਂ ਹਨ। ਵਰਲਡ ਰਿਕਾਰਡਰ ਵੈਟਰਨ ਅਥਲੀਟ ਸ. ਕੇਸਰ ਸਿੰਘ ਦੇ 500 ਮੈਡਲਾਂ ਨੂੰ ਨਿਵੇਕਲੀ ਕਲਾ ਨਾਲ ਪ੍ਰਦਰਸ਼ਿਤ ਕਰਨ ਦਾ ਵੀ ਉਸਨੂੰ ਮਾਣ ਹਾਸਿਲ ਹੈ। ਸਾਹਿਤ ਸਭਾ ਤਲਵਾੜਾ, ਮਾਝਾ ਰੰਗ ਮੰਚ ਤਰਨਤਾਰਨ, ਸੁਰ ਸੰਗਮ ਵਿਦਿਅਕ ਟਰੱਸਟ, ਸ਼ੌਕੀ ਯਾਦਗਾਰੀ ਮੇਲਾ ਮਨੋਹਰ ਦਿਹਾਤੀ ਕਲੱਬ ਆਦਿ ਨਾਮਵਾਰ ਸੰਸਥਾਵਾਂ ਵੱਲੋਂ ਉਸਦੀਆਂ ਨੁਮਾਇਸ਼ਾਂ ਲੱਖਾਂ ਹੀ ਦਰਸ਼ਕਾਂ ਨੂੰ ਦਿਖਾਈਆਂ ਜਾ ਚੁੱਕੀਆਂ ਹਨ। ਸ਼ਾਨਦਾਰ ਮੱਲਾ ਬਦਲੇ ਐਸ. ਡੀ. ਐਮ. ਗੜ੍ਹਸ਼ੰਕਰ ਪਾਸੋਂ ਵੀ 26 ਜਨਵਰੀ ਨੂੰ ਸਰਕਾਰੀ ਤੋਰ ਤੇ ਵਧੀਆ ਟੀਚਰ/ ਕਲਾਕਾਰ ਦਾ ਪੁਰਸਕਾਰ ਪ੍ਰਾਪਤ ਕੀਤਾ। ਆਰਟ ਕੌਂਸਲ ਚੰਡੀਗੜ੍ਹ ਅਤੇ ਹੋਰ ਕਈ ਸੰਸਥਾਵਾਂ ਵੱਲੋਂ ਕਰਵਾਏ ਮੁਕਾਬਲਿਆਂ ਵਿਚ ਚਿੱਤਰ ਇਨਾਮ ਵੀ ਜਿੱਤ ਚੁੱਕੇ ਹਨ। ਸ. ਬੱਗਾ ਸਿੰਘ ਲੋੜ ਅਨੁਸਾਰ ਵਾਟਰ ਪਰ ਆਇਲ ਕਲਰ ਜਿਆਦਾ ਵਰਤਦਾ ਹੈ। ਸੱਭਿਆਚਾਰ ਨੂੰ ਪੇਸ਼ ਕਰਨ ਵਾਲੇ ਚਿੱਤਰ ਨਿਵੇਕਲੀ ਥਾਂ ਰੱਖਦੇ ਹਨ। ਬਾਬਾ ਫਰੀਦ ਜੀ ਦੇ ਸ਼ਲੋਕਾਂ ਤੇ ਉਕਰੇ ਚਿੱਤਰ ਤਾਂ ਉਸਦੇ ਸ਼ਾਹਕਾਰ ਹਨ। ਇਸੇ ਕਰਕੇ ਕਈ ਸਿਖਾਂਦਰੂ ਕਲਾਕਾਰ ਉਸਦੀ ਸੰਗਤ ਮਾਣ ਕੇ ਅੱਗੇ ਵਧਣ ਲਈ ਯਤਨਸ਼ੀਲ ਹਨ। ਮਾਹਿਲਪੁਰ ਇਲਾਕੇ ਵਿਚ ਉਸ ਤੋਂ ਬਾਅਦ ਸ.ਧਰਮ ਸਿੰਘ ਤੇ ਰੇਸ਼ਮ ਚਿੱਤਰਕਾਰ ਆਦਿ ਦੇ ਨਾਂ ਵੀ ਚਰਚਿਤ ਹਨ। ਇਹਨਾਂ ਕਲਾਕਾਰਾਂ ਨੇ ਮਾਹਿਲਪੁਰ ਨੂੰ ਕੋਮਲ ਕਲਾਵਾ ਦੇ ਅੰਬਰ ਤੇ ਚਮਕਾਇਆ ਹੈ। ਕੁਲਵਿੰਦਰ ਕੌਰ ਨੇ ਨਵੀਂ ਪੀੜੀ ਵਿਚੋਂ ਸ਼ਾਨਦਾਰ ਪ੍ਰਾਪਤੀਆਂ ਕੀਤੀਆਂ ਹਨ। ਉਹ ਪਿਛਲੇ 15 ਸਾਲਾ ਤੋਂ ਨਿੱਕੀਆਂ ਕਰੂੰਬਲਾਂ ਬਾਲ ਰਸਾਲੇ ਲਈ ਵੀ ਨਿਰੰਤਰ ਚਿੱਤਰ ਬਣਾ ਰਿਹਾ ਹੈ। ਇਸ ਰਸਾਲੇ ਰਾਹੀਂ ਉਸਨੇ ਬਾਲ ਜਗਤ ਵਿਚ ਵੀ ਸੰਦਲੀ ਪੈੜਾਂ ਦੀ ਸਿਰਜਣਾ ਕੀਤੀ ਹੈ। ਪਹਿਲੇ" ਨਿੱਕੀਆਂ ਕਰੂੰਬਲਾਂ ਪੁਰਸਕਾਰ" ਲਈ ਵੀ ਚੋਣ ਉਸਦੀ ਹੀ ਕੀਤੀ ਗਈ। ਉਸਦੇ ਚਿੱਤਰ ਬਾਲ ਮਨਾ ਤੇ ਡੂੰਘੀ ਛਾਪ ਲਾਉਂਦੇ ਹਨ। ਇੰਜ ਉਹ ਬਾਲਾਂ ਦਾ ਚਹੇਤਾ ਚਿੱਤਰਕਾਰ। ਕਮਲਜੀਤ ਨੀਲੋਂ ਅਤੇ ਕੁਲਵਿੰਦਰ ਕੌਰ ਵਰਗੇ ਆਰਟਿਸਟ ਵੀ ਉਸ ਤੋ ਪ੍ਰੇਰਨਾ ਲੈ ਕੇ ਅੱਗੇ ਵਧਣ ਲਈ ਯਤਨਸ਼ੀਲ ਹਨ। ਸਟੱਫਿੰਗ, ਪਿੰਨ ਐਂਡ ਥਰੈਡ ਵਰਕ ਅਤੇ ਚਿੱਤਰਕਾਰੀ ਉਸਦੇ ਮੁੱਖ ਸ਼ੌਕ ਹਨ।ਕਦੀ ਕਦਾਈਂ ਕਲਮ ਘਸਾਈ ਵੀ ਕਰ ਲੈਂਦਾ ਹੈ। ਉਸਦੇ ਪਰਿਵਾਰਕ ਮੈਂਬਰਾਂ ਵਿਚੋਂ ਨਰਿੰਦਰ ਕੌਰ ਨੇ ਉਸਦੀ ਕਲਾ ਨੂੰ ਅਪਣਾ ਕੇ ਉੱਚੀਆਂ ਮੰਜਿਲਾਂ ਦਾ ਰਾਹ ਪ੍ਰਾਪਤ ਕੀਤਾ ਹੈ। ਬੇਟਾ ਗੁਰਵਿੰਦਰ ਸਿੰਘ ਅਤੇ ਪਰਮਜੀਤ ਪੰਮਾ ਵਿਦੇਸ਼ੀ ਧਰਤੀ ਤੇ ਸ਼ਾਨਦਾਰ ਕਾਰਜ ਕਰ ਰਹੇ ਹਨ। ਦੂਜੀ ਬੇਟੀ ਰਜਿੰਦਰ ਕੌਰ ਵੀ ਕਲਾ ਦੀ ਪ੍ਰੇਮਣ ਹੈ। ਜੀਵਨ ਸਾਥਣ ਚਰਨਜੀਤ ਕੌਰ ਨੇ ਤਾਂ ਉਸਦੀ ਕਲਾ ਨੂੰ ਨਿਖਾਰਨ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ ਉਸਨੇ ਪਿੰਡ ਨੰਗਲ ਕਲਾਂ ਵਿਖੇ ਸ.ਗੁਰਦਿਆਲ ਸਿੰਘ ਤੇ ਮਾਤਾ ਪ੍ਰੀਤਮ ਕੌਰ ਦੇ ਘਰ ਜਨਮ ਲੈ ਕੇ ਰਾਗੀ ਸ.ਦਰਸ਼ਨ ਸਿੰਘ ਕੋਮਲ ਦੀ ਕਲਾਤਮਿਕ ਵਿਰਾਸਤ ਨੂੰ ਅੱਗੇ ਤੋਰਿਆ ਹੈ। ਕਲਾ ਤੇ ਪਹਿਲਾ ਉਹ ਇਕ ਬਹੁਤ ਵਧੀਆਂ ਇਨਸਾਨ ਹੈ। ਇਸੇ ਕਰਕੇ ਇਨਸਾਨੀ ਕਦਰਾਂ ਕੀਮਤਾਂ ਤੇ ਪਹਿਰਾ ਦੇਣ ਵਿਚ ਕਦੀ ਪਿੱਛੇ ਨਹੀਂ ਹਟਦਾ। ਪਿਛੇ ਜਿਹੇ ਉਸ ਦੁਆਰਾ ਲਿਖੀ ਲੇਖ ਕੜੀ ਸੈਲਾਨੀ ਦੀਆਂ ਯਾਦਾਂ ਦੀ ਬੜੀ ਚਰਚਾ ਹੋਈ ਸੀ। ਉਸਦੀਆਂ ਸਮੂਹ ਕਲਾਵਾਂ ਦਾ ਲੇਖਾ ਜੋਖਾਂ ਕਰਨ ਲਈ ਢੇਰ ਸਾਰੇ ਕਾਗਜਾਂ ਦੀ ਲੋੜ ਹੈ।







# ਸਕੂਲਾਂ ਦੇ ਰਸਾਲਿਆਂ ਦੀਆਂ ਸੀਮਾਵਾਂ ਤੇ ਸੰਭਾਵਨਾਵਾਂ

ਬਾਲ ਸਾਹਿਤ ਦੀ ਜੀਵਨ ਲਈ ਬੜੀ ਮਹਾਨਤਾ ਹੈ। ਇਹ ਰਸਾਲੇ ਜਿੱਥੇ ਸਾਡੇ ਅੰਦਰ ਆਪਣੀ ਮਾਤ ਭਾਸ਼ਾ ਪ੍ਰਤੀ ਮੋਹ ਤੇ ਸਤਿਕਾਰ ਪੈਦਾ ਕਰਦੇ ਹਨ ਉਥੇ ਨਵੇਂ ਤੇ ਨਰੋਏ ਗੁਣਾਂ ਨਾਲ ਵੀ ਭਰਦੇ ਹਨ। ਇਹ ਬਾਲਾਂ ਨੂੰ ਨਵੇਂ ਤੇ ਨਿਵੇਕਲੇ ਰਾਹਾਂ ਵੱਲ ਨੂੰ ਤੋਰਦੇ ਹਨ। ਬਾਲ ਉਮਰ ਦੀਆਂ ਲੋੜਾਂ ਤੇ ਥੁੜਾਂ ਦੀ ਚਰਚਾ ਇਹਨਾਂ ਵਿਚ ਬੜੇ ਰੋਚਕ ਢੰਗ ਨਾਲ ਕੀਤੀ ਹੁੰਦੀ ਹੈ।ਇਸੇ ਕਰਕੇ ਹਰ ਬੱਚਾ ਇਹਨਾਂ ਰਸਾਲਿਆਂ ਨੂੰ ਪੜ੍ਹਨ ਦੀ ਪ੍ਰਬਲ ਇੱਛਾ ਰੱਖਦਾ ਹੈ। ਇਹ ਬੱਚੇ ਦੇ ਸਰਬਪੱਖੀ ਗਿਆਨ ਵਿਚ ਵੀ ਵਾਧਾ ਕਰਦੇ ਹਨ। ਇਕ ਸੰਪੂਰਨ ਮਨੁੱਖ ਦੇ ਨਿਰਮਾਣ ਵਿਚ ਇਹਨਾਂ ਰਸਾਲਿਆਂ ਦਾ ਅਹਿਮ ਯੋਗਦਾਨ ਹੈ। ਇਸ ਗੱਲ ਦੀ ਗਵਾਹੀ ਸਾਹਿਤ ਦੇ ਬੁਲੰਦ ਸਾਹਿਤਕਾਰ ਅਤੇ ਉੱਚੀਆਂ ਮੰਜ਼ਲਾਂ ਤੇ ਪੁੱਜੀਆਂ ਹਸਤੀਆਂ ਹਰ ਥਾਂ ਕਰਦੀਆਂ ਹਨ। ਉਹਨਾਂ ਦਾ ਕਹਿਣਾ ਹੈ ਕਿ ਉਹਨਾਂ ਅੰਦਰ ਗਿਆਨ ਵਿਗਿਆਨ ਅਤੇ ਸਾਹਿਤ ਦੀ ਜੋਤ ਬੀਬਾ ਰਾਣਾ, ਬੀਬਾ ਬਾਲਕ, ਬਾਲ ਦਰਬਾਰ, ਛਣਕਣਾ ਅਤੇ ਬਾਲ ਸੰਦੇਸ਼ ਵਰਗੇ ਰਸਾਲੇ ਪੜ੍ਹਨ ਨਾਲ ਹੀ ਜਗ ਮਗ, ਜਗ ਮਗ ਕਰਨ ਲੱਗੀ। ਸੋ ਅੱਜ ਅਸੀਂ ਸਾਰੇ ਇਸ ਗੱਲ ਪ੍ਰਤੀ ਸੁਚੇਤ ਹੋ ਰਹੇ ਹਾਂ ਕਿ ਬਾਲ ਸਾਹਿਤ ਦੀ ਬੱਚਿਆਂ ਨੂੰ ਆਕਸੀਜਨ ਵਾਂਗ ਹੀ ਹਰ ਪੜਾਅ ਤੇ ਲੋੜ ਹੈ।ਬਾਲ ਉਮਰੇ ਸਿੱਖੀਆਂ ਅਮੀਰ ਕਦਰਾਂ ਕੀਮਤਾਂ ਸਾਰੀ ਉਮਰ ਸਫਲਤਾ ਦੀਆਂ ਸਿਖਰਾਂ ਵੱਲ ਲੈ ਜਾਂਦੀਆਂ ਰਹਿੰਦੀਆਂ ਹਨ।ਜੇਕਰ ਅੱਜ ਸਮਾਜ ਵਿਚ ਨੈਤਿਕਤਾ ਦਾ ਨਿਘਾਰ ਪਿਆ ਹੋਇਆ ਹੈ ਤਾਂ ਉਸਦਾ ਇਕ ਕਾਰਨ ਇਹ ਵੀ ਹੈ ਕਿ ਅਸੀਂ ਆਪਣੀ ਨਵੀਂ ਪੀੜੀ ਨੂੰ ਬਾਲ ਸਾਹਿਤ ਰਾਹੀਂ ਅਮੀਰ ਨੈਤਿਕ ਕਦਰਾਂ ਕੀਮਤਾਂ ਨਾਲ ਨਹੀਂ ਜੋੜਿਆ। ਸੋ ਅੱਜ ਸਾਡੇ ਸਿੱਖਿਆ ਸ਼ਾਸ਼ਤਰੀ ਇਸ ਗੱਲ ਤੇ ਜੋਰ ਦੇਣ ਲੱਗੇ ਹਨ। ਇਸਦੀ ਮਹਾਨਤਾ ਨੂੰ ਮੱਦੇ ਨਜ਼ਰ ਰੱਖਦਿਆਂ ਪੰਜਾਬ ਦੇ ਸਿੱਖਿਆ ਵਿਭਾਗ ਵਲੋਂ ਆਲ਼ੇ ਭੋਲ਼ੇ ਦੀ ਥਾਂ ਤੇ 'ਪ੍ਰਵੇਸ਼' ਨਾਂ ਦਾ ਰਸਾਲਾ ਡਾ. ਦਵਿੰਦਰ ਸਿੰਘ ਬੋਹਾ ਦੀ ਸੰਪਾਦਨਾ ਹੇਠ ਹਰ ਤਿੰਨ ਮਹੀਨੇ ਬਾਅਦ ਸਰਕਾਰੀ ਪ੍ਰਾਇਮਰੀ ਸਕੂਲਾਂ ਲਈ ਮੁਫ਼ਤ ਅਰੰਭ ਕੀਤਾ ਹੈ। ਇਸ ਦੇ ਨਾਲ ਹੀ ਸਾਰੇ ਹਾਈ ਤੇ ਸੈਕੰਡਰੀ ਸਕੂਲਾਂ ਨੂੰ ਆਪੋ ਆਪਣੇ ਰਸਾਲੇ ਪ੍ਰਕਾਸ਼ਿਤ ਕਰਨ ਦੀ ਹਦਾਇਤ ਕੀਤੀ। ਜਿਸਦੇ ਸਿੱਟੇ ਵਜੋਂ ਧੜਾ ਧੜ ਸਕੂਲਾਂ ਦੇ ਬਾਲ ਰਸਾਲੇ ਛਪਣ ਲੱਗੇ। ਵੰਨ ਸੁਵੰਨੇ ਨ੍ਹਾਵਾਂ ਵਾਲੇ ਇਹ ਰਸਾਲੇ ਜਿੱਥੇ ਬਾਲ ਅਦਬ ਵਿਚ ਨਿੱਗਰ ਵਾਧਾ ਕਰਨ ਵਾਲੇ ਹਨ ਉੱਥੇ ਕੁਝ ਕੁ ਤਾਂ ਖਾਨਾ ਪੂਰਤੀ ਵਾਲੇ ਹੀ ਹਨ।

ਕੁੱਝ ਸਕੂਲਾਂ ਵਲੋਂ ਫੰਡਾਂ ਦੀ ਕਮੀ ਦਾ ਵੀ ਰੋਣਾ ਵੀ ਰੋਇਆ ਗਿਆ ਹੈ।ਕੁਝ ਕੋਲ ਪ੍ਰਕਾਸ਼ਨ ਦਾ ਕੋਈ ਤਜਰਬਾ ਨਾ ਹੋਣ ਕਰਕੇ ਇਸ ਨੂੰ ਇਕ ਵੱਡੀ ਆਫਤ ਵੀ ਮੰਨਿਆਂ ਜਾਣ ਲੱਗਾ ਹੈ। ਪਰ ਜਿੱਥੇ ਕੋਈ ਸਾਹਿਤ ਦਾ ਰਸੀਆ ਜਾਂ ਸਾਹਿਤਕਾਰ ਬੈਠਾ ਹੈ ਉਹਨਾਂ

(ਬਾਕੀ ਸਫਾ 10 ਤੇ)

# ਪੰਜਾਬੀ ਅਦਬੀ ਸੰਗਤ ਵਲੋਂ ਸ਼ਾਨਦਾਰ ਤੇ ਭਰਵੇਂ ਇਕੱਠ ਵਿੱਚ "ਸੋਚਾਂ ਦੇ ਸਿਰਨਾਵੇਂ" ਰਲੀਜ਼- ਗੁਰਦੀਸ਼ ਕੌਰ ਗਰੇਵਾਲ, ਮਨਿਸਟਰ ਅਮਰੀਕ ਵਿਰਕ ਤੇ ਰਵਿੰਦਰ ਰਵੀ ਸਨਮਾਨਿਤ

ਸਰੀ ਕੈਨੇਡਾ (ਜਗਜੀਤ ਸਿੰਘ ਤੱਖਰ)- ਪੰਜਾਬੀ ਸਾਹਿਤ ਤੇ ਸਭਿਆਚਾਰ ਨੂੰ ਸਮਰਪਿਤ, ਪੰਜਾਬੀ ਅਦਬੀ ਸੰਗਤ ਲਿਟਰੇਰੀ ਸੁਸਾਇਟੀ ਆਫ ਕੈਨੇਡਾ (ਰਜਿ) ਵਲੋਂ, ਬਹੁਪੱਖੀ ਪ੍ਰਤਿਭਾ ਦੀ ਲੇਖਿਕਾ ਗੁਰਦੀਸ਼ ਕੌਰ ਗਰੇਵਾਲ ਦਾ ਨਿਬੰਧ ਸੰਗ੍ਰਹਿ "ਸੋਚਾਂ ਦੇ ਸਿਰਨਾਵੇਂ" ਦਾ ਰਲੀਜ਼ ਸਮਾਗਮ ਤੇ ਸਨਮਾਨ ਸਮਾਰੋਹ, 28 ਜੁਲਾਈ 2013 ਨੂੰ, ਨਿਊਟਨ ਪਬਲਿਕ ਲਾਇਬ੍ਰੇਰੀ ਵਿੱਚ ਆਯੋਜਿਤ ਕੀਤਾ ਗਿਆ। ਇਸ ਵਿੱਚ ਭਾਈਚਾਰੇ ਦੀਆਂ ਉੱਘੀਆਂ ਹਸਤੀਆਂ ਤੋਂ ਇਲਾਵਾ, ਨਾਮਵਰ ਅਦੀਬ, ਲੇਖਕ, ਕਹਾਣੀਕਾਰ, ਕਵੀ, ਗੀਤਕਾਰ, ਗਾਇਕ ਤੇ ਪਾਠਕਾਂ ਦਾ ਠਾਠਾਂ ਮਾਰਦਾ ਸਮੁੰਦਰ ਨਜ਼ਰ ਆਇਆ। ਨੱਕੋ ਨੱਕ ਭਰੇ ਹਾਲ ਵਿੱਚ ਸਭ ਤੋਂ ਪਹਿਲਾਂ ਪ੍ਰਧਾਨਗੀ ਮੰਡਲ ਵਿੱਚ, ਰਵਿੰਦਰ ਰਵੀ, ਜੈਤੇਗ ਸਿੰਘ ਅਨੰਤ, ਗੁਰਦੀਸ਼ ਕੌਰ ਗਰੇਵਾਲ ਤੇ ਜਗਜੀਤ ਸਿੰਘ ਤੱਖਰ ਨੂੰ ਬਿਠਾਇਆ ਗਿਆ ਤੇ ਫੁੱਲਾਂ ਦੇ ਗੁਲਦਸਤੇ ਭੇਟ ਕਰਕੇ ਉਹਨਾਂ ਦਾ ਸਵਾਗਤ ਕੀਤਾ ਗਿਆ।


ਪੁਸਤਕ ਰਲੀਜ਼ ਕਰਦੇ ਹੋਏ- ਬੀ.ਸੀ. ਦੇ ਉਚ ਸਿੱਖਿਆ ਮੰਤਰੀ ਅਮਰੀਕ ਸਿੰਘ ਵਿਰਕ, ਜਗਜੀਤ ਸਿੰਘ ਤੱਖਰ, ਜੈਤੇਗ ਸਿੰਘ ਅਨੰਤ, ਰਵਿੰਦਰ ਰਵੀ, ਲੇਖਿਕਾ ਤੇ ਹੋਰ।


ਜੈਤੇਗ ਸਿੰਘ ਅਨੰਤ ਤੇ ਅਮਰੀਕ ਸਿੰਘ ਵਿਰਕ ਬੀਬੀ ਗੁਰਦੀਸ਼ ਕੌਰ ਨੂੰ ਸਨਮਾਨਿਤ ਕਰਦੇ ਹੋਏ।


ਹਾਊਸ ਆਫ ਕੌਮਨਜ਼ ਵਲੋਂ ਮੈਂਬਰ ਪਾਰਲੀਮੈਂਟ ਜਸਬੀਰ ਸਿੰਘ ਸੰਧੂ, ਬੀਬੀ ਗੁਰਦੀਸ਼ ਕੌਰ ਗਰੇਵਾਲ ਨੂੰ ਅਵਾਰਡ ਆਫ ਔਨਰ ਪ੍ਰਦਾਨ ਕਰਦੇ ਹੋਏ, ਨਾਲ ਦਿਖਾਈ ਦੇ ਰਹੇ ਹਨ- ਜੈਤੇਗ ਸਿੰਘ ਅਨੰਤ, ਰਵਿੰਦਰ ਰਵੀ, ਜੋਗਿੰਦਰ ਸ਼ਮਸ਼ੇਰ ਤੇ ਹੋਰ।

ਬ੍ਰਿਟਿਸ਼ ਕੋਲੰਬੀਆ ਦੇ ਉਚ ਸਿਖਿਆ ਮੰਤਰੀ ਅਮਰੀਕ ਸਿੰਘ ਵਿਰਕ ਤੇ ਪੰਜਾਬੀਆਂ ਦੇ ਦਿਲਾਂ ਦੀ ਧੜਕਣ ਐਨ. ਡੀ. ਪੀ. ਦੇ ਮੈਂਬਰ ਪਾਰਲੀਮੈਂਟ ਜਸਬੀਰ ਸਿੰਘ ਸੰਧੂ ਨੇ ਵਿਸ਼ੇਸ਼ ਮਹਿਮਾਨ ਦੇ ਤੌਰ ਤੇ ਸ਼ਿਰਕਤ ਕਰਕੇ ਸਮਾਗਮ ਨੂੰ ਚਾਰ ਚੰਨ ਲਾਏ।

ਸਮਾਗਮ ਦੇ ਅਰੰਭ ਵਿੱਚ, ਪੰਜਾਬੀ ਅਦਬੀ ਸੰਗਤ ਵਲੋਂ ਜਗਜੀਤ ਸਿੰਘ ਤੱਖਰ ਨੇ, ਪੰਜਾਬੀਆ ਦੇ ਹਰਦਿੱਲ ਅਜੀਜ਼ ਫਿਲਮ ਐਕਟਰ ਪ੍ਰਾਣ, ਪਟਿਆਲੇ ਦੇ ਅੱਖਾਂ ਦੇ ਨਾਮਵਰ ਡਾਕਟਰ ਪਦਮ ਸ਼੍ਰੀ ਧਨਵੰਤ ਸਿੰਘ ਅਤੇ ਮੁਲਾਜ਼ਮ ਆਗੂ ਤੇ ਸਾਬਕਾ ਮੈਂਬਰ ਪਾਰਲੀਮੈਂਟ ਚਰਨਜੀਤ ਸਿੰਘ ਵਾਲੀਆ ਦੇ ਸਦੀਵੀ ਵਿਛੋੜੇ ਤੇ ਡੂੰਘੇ ਦੁੱਖ ਦਾ ਇਜ਼ਹਾਰ ਕੀਤਾ। ਵੱਡੀ ਗਿਣਤੀ ਵਿੱਚ ਪੁੱਜੇ ਸਰੋਤਿਆਂ ਨੇ ਇੱਕ ਮਿੰਟ ਦਾ ਮੌਨ ਧਾਰ ਕੇ, ਵਿੱਛੜੀਆਂ ਸ਼ਖਸੀਅਤਾਂ ਦੀ ਆਤਮਾ ਦੀ ਸ਼ਾਂਤੀ ਲਈ ਅਰਦਾਸ ਕੀਤੀ। ਇਸ ਦੇ ਨਾਲ ਹੀ ਅੱਜ ਦਾ ਦਿਹਾੜਾ ਪੰਜਾ ਸਾਹਿਬ ਦੇ ਸਾਕੇ ਨਾਲ ਜੁੜਿਆ ਹੋਣ ਕਾਰਨ, ਜਗਜੀਤ ਸਿੰਘ ਤੱਖਰ ਵਲੋਂ ਸ਼੍ਰੋਮਣੀ ਢਾਡੀ ਸੋਹਣ ਸਿੰਘ ਸੀਤਲ ਦੀ ਕਾਵਿ ਰਚਨਾ "ਗੱਡੀ" ਨੂੰ ਇਕ ਨਿਵੇਕਲੇ ਅੰਦਾਜ਼ ਵਿੱਚ ਪੇਸ਼ ਕਰਕੇ, ਪੰਜਾ ਸਾਹਿਬ ਦੇ ਸ਼ਹੀਦਾਂ ਨੂੰ ਵੀ ਯਾਦ ਕੀਤਾ ਗਿਆ।

ਪੰਜਾਬੀ ਅਦਬੀ ਸੰਗਤ ਦੇ ਰੂਹੇ ਰਵਾਂ ਜੈਤੇਗ ਸਿੰਘ ਅਨੰਤ ਨੇ ਦੂਰੋਂ ਨੇੜਿਉਂ, ਵੱਡੀ ਗਿਣਤੀ ਵਿੱਚ ਪੁੱਜੇ ਮਹਿਮਾਨਾਂ ਨੂੰ ਜੀ ਆਇਆਂ ਕਹਿੰਦੇ ਹੋਏ, ਭਾਰਤ ਤੋਂ ਪੁੱਜੇ ਲੇਖਕ ਵਿਦਵਾਨ ਲੈਫ. ਕਰਨਲ ਗੁਰਦੀਪ ਸਿੰਘ, ਡਾ. ਗੁਰਮਿੰਦਰ ਸਿੱਧੂ ਤੇ ਡਾ. ਬਲਦੇਵ ਸਿੰਘ ਖਹਿਰਾ ਦਾ ਵਿਸ਼ੇਸ਼ ਜ਼ਿਕਰ ਕਰਦੇ ਹੋਏ, ਪੰਜਾਬੀ ਅਦਬੀ ਸੰਗਤ ਦੀ ਕਾਰਜ ਸ਼ੈਲੀ, ਸੰਕਲਪ ਅਤੇ ਹੋ ਰਹੇ ਸਮਾਗਮ ਦੇ ਮਹੱਤਵ ਤੇ ਰੂਪ ਰੇਖਾ ਦੀ ਗੱਲ ਕੀਤੀ। ਉਹਨਾਂ ਦੱਸਿਆ ਕਿ ਗੁਰਦੀਸ਼ ਕੌਰ ਗਰੇਵਾਲ ਇਕ ਬਹੁਪੱਖੀ, ਬਹੁਪਰਤੀ, ਬਹੁਪਸਾਰੀ ਤੇ ਕੁਲਵਕਤੀ ਲੇਖਿਕਾ ਹੈ। ਉਹ ਸ਼ਬਦਾਂ ਦੀ ਅਜੇਹੀ ਕਲਾਕਾਰ ਹੈ ਜਿਸ ਨੂੰ ਗੱਲ ਕਹਿਣ ਦਾ ਵੱਲ ਆਉਂਦਾ ਹੈ ਤੇ ਉਸ ਦੇ ਕਹੇ ਹੋਏ ਸ਼ਬਦ ਪਾਠਕਾਂ ਦੇ ਧੁਰ ਅੰਦਰ ਸਮਾ ਜਾਂਦੇ ਹਨ। ਨਾਮਵਰ ਅਦੀਬ ਜੋਗਿੰਦਰ ਸ਼ਮਸ਼ੇਰ ਅਨੁਸਾਰ- "ਸੋਚਾਂ ਦੇ ਸਿਰਨਾਵੇਂ" ਇਕ ਸਿਖਿਆਦਾਇਕ ਪੁਸਤਕ ਹੈ ਤੇ ਆਤਮਿਕ ਜੀਵਨ ਜੀਉਣ ਲਈ ਪੱਥ ਪ੍ਰਦਰਸ਼ਕ ਹੈ। ਪ੍ਰਿੰਸੀਪਲ ਮਲੂਕ ਚੰਦ ਕਲੇਰ ਨੇ ਨਿਬੰਧ ਸੰਗ੍ਰਹਿ ਬਾਰੇ ਆਖਿਆ ਕਿ ਇਹ ਪੁਸਤਕ ਕੇਵਲ ਸਮੱਸਿਆ ਹੀ ਨਹੀਂ ਦਸਦੀ ਸਗੋਂ ਇਹਨਾਂ ਜ਼ੰਜੀਰਾਂ ਨੂੰ ਤੋੜਨ ਦੀ ਤਰਕੀਬ ਵੀ ਦਸਦੀ ਹੈ। ਇਸ ਪੁਸਤਕ ਵਿੱਚ ਨਾਵਲ ਜਿੰਨਾ ਰਸ ਹੈ ਤੇ ਇਹ ਪਾਠਕ ਨੂੰ ਨਾਲ ਲੈ ਕੇ ਚਲਦੀ ਹੈ। ਭਾਰਤ ਤੋਂ ਪੁੱਜੀ ਨਾਮਵਰ ਕਵਿੱਤਰੀ ਡਾ. ਗੁਰਮਿੰਦਰ ਸਿੱਧੂ ਅਤੇ ਪੰਜਾਬੀ ਮਾਂ ਬੋਲੀ ਦੇ ਵੱਡੇ ਖਿਦਮਤਦਾਰ ਸੁੱਖੀ ਬਾਠ ਨੇ, ਲੇਖਿਕਾ ਦੀ ਲਿਖਣ ਕਲਾ ਤੇ ਰਚਨਾਤਮਿਕ ਪ੍ਰਕਿਰਿਆ ਦੀ ਭਰਪੂਰ ਪ੍ਰਸ਼ੰਸਾ ਕਰਦੇ ਹੋਏ ਸਾਹਿਤ ਦੇ ਪਿੜ ਵਿੱਚ ਉਸ ਦੇ ਵੱਧ ਰਹੇ ਕਦਮਾਂ ਦੀ ਸ਼ਲਾਘਾ ਕੀਤੀ। ਉੱਘੇ ਕਾਲਮ ਨਵੀਸ ਬਖਸ਼ਿੰਦਰ ਨੇ ਵੀ ਲੇਖਿਕਾ ਦੀ ਕਲਮ ਨੂੰ ਕੁਝ ਉਸਾਰੂ ਸੁਝਾਅ ਤੇ ਨੁਕਤੇ ਦੱਸੇ।

ਸੂਬੇ ਦੇ ਉਚ ਸਿਖਿਆ ਮੰਤਰੀ ਅਮਰੀਕ ਸਿੰਘ ਵਿਰਕ ਨੇ ਕਿਹਾ ਕਿ-"ਮੈਂ 45 ਸਾਲ ਪਹਿਲਾਂ ਕਨੇਡਾ ਵਿੱਚ ਆਇਆ ਸਾਂ। ਭਾਵੇਂ ਮੇਰਾ ਪਿਛੋਕੜ ਪੰਜਾਬ ਦਾ ਹੈ ਪਰ ਮੈਂ ਪਹਿਲਾਂ ਅੰਗਰੇਜ਼ੀ ਤੇ ਫਿਰ ਪੰਜਾਬੀ ਸਿੱਖੀ ਹੈ। ਮੈਨੂੰ ਪੰਜਾਬੀ ਹੋਣ ਦਾ ਮਾਣ ਹੈ ਤੇ ਮੈਂ ਚਾਹੁੰਦਾ ਹਾਂ ਕਿ ਸੂਬੇ ਵਿੱਚ ਤੁਹਾਡੀ ਵੱਧ ਤੋਂ ਵੱਧ ਸੇਵਾ ਕਰਾਂ। ਮੈਨੂੰ ਅੱਜ ਆਪਣੇ ਭਾਈਚਾਰੇ ਵਿੱਚ ਬੈਠ ਕੇ ਬੜੀ ਖੁਸ਼ੀ ਦਾ ਅਹਿਸਾਸ ਹੋ ਰਿਹਾ ਹੈ।" ਇਸੇ ਤਰ੍ਹਾਂ ਐਨ. ਡੀ. ਪੀ. ਦੇ ਮੈਂਬਰ ਪਾਰਲੀਮੈਂਟ ਜਸਬੀਰ ਸਿੰਘ ਸੰਧੂ ਨੇ ਕਿਹਾ- ਕਿ ਪੰਜਾਬੀ ਅਦਬੀ ਸੰਗਤ, ਮਾਂ ਬੋਲੀ ਪੰਜਾਬੀ ਲਈ ਸ਼ਲਾਘਾਯੋਗ ਕੰਮ ਕਰ ਰਹੀ ਹੈ, ਜਿਸ ਤੇ ਸਾਨੂੰ ਸਭ ਨੂੰ ਮਾਣ ਹੈ ਅਤੇ ਅਸੀਂ ਹਰ ਸਮੇਂ ਇਸ ਸੰਸਥਾ ਦੀ ਪਿੱਠ ਤੇ ਹਾਂ।

ਸਮਾਗਮ ਵਿੱਚ ਗਿਆਨ ਕੌਰ ਪਾਸਲਾ ਨੇ ਬੀਬੀ ਗੁਰਦੀਸ਼ ਗਰੇਵਾਲ ਦੇ ਕਾਵਿ ਸੰਗ੍ਰਹਿ "ਹਰਫ ਯਾਦਾਂ ਦੇ" ਵਿਚੋਂ ਗੀਤ "ਅਣਜੰਮੀ ਧੀ ਦੀ ਅਰਜੋਈ" ਬੜੀ ਸੁਰੀਲੀ ਆਵਾਜ਼ ਵਿੱਚ ਗਾ ਕੇ ਸਰੋਤਿਆਂ ਦੀ ਵਾਹ-ਵਾਹ ਖੱਟੀ। ਨਾਮਵਰ ਸਰੰਗੀ ਵਾਦਕ ਚਮਕੌਰ ਸਿੰਘ ਸੇਖੋਂ ਨੇ ਗਦਰ ਲਹਿਰ ਨੂੰ ਸਮਰਪਿਤ ਬੀਬੀ ਗੁਰਦੀਸ਼ ਦਾ ਲਿਖਿਆ ਗੀਤ "ਸੁਣ ਨੀ ਭੈਣ ਅਜ਼ਾਦੀਏ" ਇਕ ਨਿਵੇਕਲੇ ਅੰਦਾਜ਼ ਵਿੱਚ ਪੇਸ਼ ਕੀਤਾ। ਇਸੇ ਤਰ੍ਹਾਂ ਡਾ. ਸੱਤਪ੍ਰੀਤ ਸਿੰਘ ਗਰੇਵਾਲ ਨੇ ਗੁਰਦੀਸ਼ ਦੇ ਗੀਤ "ਉਦਾਸੇ ਪਿੰਡ ਦੀ ਗਾਥਾ" ਨੂੰ ਪੇਸ਼ ਕਰਕੇ ਸਮਾਗਮ ਵਿੱਚ ਨਵਾਂ ਰੰਗ ਭਰ ਦਿੱਤਾ।


ਰਵਿੰਦਰ ਰਵੀ ਨੂੰ ਜੈਤੇਗ ਸਿੰਘ ਅਨੰਤ ਲਹਿੰਦੇ ਤੇ ਚੜ੍ਹਦੇ ਪੰਜਾਬ ਦੀਆਂ ਪੁਸਤਕਾਂ ਦਾ ਸੈੱਟ ਭੇਟ ਕਰਕੇ ਸਨਮਾਨਿਤ ਕਰਦੇ ਹੋਏ, ਨਾਲ ਖੜ੍ਹੇ ਹਨ ਮਨਿਸਟਰ ਅਮਰੀਕ ਸਿੰਘ ਵਿਰਕ।

ਸ਼੍ਰੋਮਣੀ ਸਾਹਿਤਕਾਰ ਰਵਿੰਦਰ ਰਵੀ ਨੇ ਲੇਖਿਕਾ ਦੇ ਵਿਸ਼ਾ ਵਸਤੂ ਤੇ ਸੋਚ ਦੀ ਭਰਪੂਰ ਸ਼ਲਾਘਾ ਕਰਦੇ ਹੋਏ, ਸੰਸਥਾ ਦੇ ਖਿਦਮਤਦਾਰ ਜੈਤੇਗ ਸਿੰਘ ਅਨੰਤ ਨੂੰ ਲਹਿੰਦੇ ਪੰਜਾਬ ਵਿੱਚ ਚੜ੍ਹਦੇ ਪੰਜਾਬ ਦਾ ਇਕ ਵੱਡਾ ਅੰਬੈਸਡਰ ਦੱਸਦੇ ਹੋਏ ਕਿਹਾ ਕਿ ਇਹ ਦੋਸਤੀ ਦੇ ਇਕ ਅਜੇਹੇ ਪੁਲ ਦਾ ਕੰਮ ਕਰ ਰਿਹਾ ਹੈ ਜਿਸ ਨਾਲ ਦੋਹਾਂ ਦੇਸ਼ਾਂ ਦੀਆਂ ਲਿੱਪੀਆਂ ਦੀ ਅਦਬੀ ਸਾਂਝ ਵਿੱਚ ਭਰਪੂਰ ਵਾਧਾ ਹੋਏਗਾ। ਸਮਾਗਮ ਵਿੱਚ ਜੈਤੇਗ ਸਿੰਘ ਅਨੰਤ, ਅਮਰੀਕ ਸਿੰਘ ਵਿਰਕ ਤੇ ਰਵਿੰਦਰ ਰਵੀ ਨੇ ਤਾੜੀਆਂ ਦੀ ਗੂੰਜ ਵਿਚ ਪੁਸਤਕ ਦੀ ਘੁੰਡ ਚੁਕਾਈ ਕੀਤੀ। ਉਪਰੰਤ "ਸੋਚਾਂ ਦੇ ਸਿਰਨਾਵੇਂ" ਦੀ ਲੇਖਿਕਾ ਬੀਬੀ ਗੁਰਦੀਸ਼ ਕੌਰ ਗਰੇਵਾਲ ਅਤੇ ਉੱਚ ਸਿਖਿਆ ਮੰਤਰੀ ਅਮਰੀਕ ਸਿੰਘ ਵਿਰਕ ਨੂੰ, ਪੰਜਾਬੀ ਅਦਬੀ ਸੰਗਤ ਵਲੋਂ ਜੈਤੇਗ ਸਿੰਘ ਅਨੰਤ ਨੇ, ਇਕ ਸ਼ਾਲ, ਯਾਦਗਾਰੀ ਚਿਨ੍ਹ ਤੇ ਫੁਲਾਂ ਦੇ ਗੁਲਦਸਤੇ ਨਾਲ ਸਨਮਾਨਿਤ ਕੀਤਾ। ਸੱਤ ਸਮੁੰਦਰੋਂ ਪਾਰ ਪੰਜਾਬੀਅਤ ਦਾ ਵਗਦਾ ਛੇਵਾਂ ਦਰਿਆ ਰਵਿੰਦਰ ਰਵੀ ਨੂੰ, ਲਹਿੰਦੇ ਤੇ ਚੜ੍ਹਦੇ ਪੰਜਾਬ ਦੇ ਨਾਮਵਰ ਅਦੀਬਾਂ ਦੇ ਬਹੁਮੁੱਲੇ ਸਾਹਿਤ ਤੇ ਫੁੱਲਾਂ ਦੇ ਗੁਲਦਸਤੇ ਨਾਲ ਸਨਮਾਨਿਤ ਕੀਤਾ ਗਿਆ। ਮੈਂਬਰ ਪਾਰਲੀਮੈਂਟ ਜਸਬੀਰ ਸਿੰਘ ਸੰਧੂ ਨੇ, ਹਾਊਸ ਆਫ ਕਾਮਨਜ਼ ਵਲੋਂ, ਪ੍ਰਸ਼ੰਸਾ ਪੱਤਰ ਪ੍ਰਦਾਨ ਕਰਕੇ ਬੀਬੀ ਗੁਰਦੀਸ਼ ਕੌਰ ਦੀ ਹੌਸਲਾ ਹਫਜ਼ਾਈ ਕੀਤੀ।

ਸਮਾਗਮ ਦੇ ਅੰਤ ਵਿੱਚ ਲੇਖਿਕਾ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ ਅਤੇ ਪੁਸਤਕ ਦੀ ਰੂਪ ਰੇਖਾ ਤੇ ਸੋਚ ਉਡਾਰੀ ਤੇ ਪੰਛੀ ਝਾਤ ਪੁਆਈ। ਉਪਰੰਤ ਜੈਤੇਗ ਸਿੰਘ ਅਨੰਤ ਨੇ ਆਏ ਮਹਿਮਾਨਾਂ ਨੂੰ ਸੂਚਿਤ ਕੀਤਾ ਕਿ 18 ਅਗਸਤ 2013 ਨੂੰ ਨਿਊਟਨ ਲਾਇਬ੍ਰੇਰੀ ਵਿਖੇ ਹੀ, ਸਿੱਖ ਕੌਮ ਦੇ ਨਾਮਵਰ ਵਿਦਵਾਨ ਤੇ ਫਖ਼ਰੇ ਕੌਮ ਸਿਰਦਾਰ ਕਪੂਰ ਸਿੰਘ ਜੀ ਦੀ 27ਵੀਂ ਬਰਸੀ ਬੜੀ ਧੂਮ ਧਾਮ ਨਾਲ ਮਨਾਈ ਜਾਏਗੀ।ਢਾਈ ਘੰਟੇ ਚੱਲੇ ਨਿਰੰਤਰ ਸਮਾਗਮ ਵਿੱਚ- ਮਿੰਨੀ ਕਹਾਣੀਕਾਰ ਡਾ. ਬਲਦੇਵ ਸਿੰਘ ਖਹਿਰਾ, ਕੇਹਰ ਸਿੰਘ ਧਮੜੈਤ, ਸ਼ਿੰਗਾਰ ਸਿੰਘ ਸੰਧੂ, ਕੇਵਲ ਸਿੰਘ ਧਾਲੀਵਾਲ, ਸੁਤੇ ਪ੍ਰਕਾਸ਼ ਅਹੀਰ, ਡਾ. ਪੂਰਨ ਸਿੰਘ ਗਿੱਲ, ਪ੍ਰਿੰ. ਸਰਵਨ ਸਿੰਘ ਔਜਲਾ, ਬਿੱਕਰ ਸਿੰਘ ਖੋਸਾ, ਮਨਜੀਤ ਮੀਤ, ਕਹਾਣੀਕਾਰ ਅਨਮੋਲ ਕੌਰ, ਇੰਦਰਜੀਤ ਸਿੱਧੂ, ਅਜੀਤ ਕੰਗ, ਰੁਪਿੰਦਰ ਰੂਪੀ, ਜਸਵੀਰ ਮਾਨ, ਇਸ਼ਪ੍ਰੀਤ ਗਰੇਵਾਲ, ਪਵਿੱਤਰ ਕੌਰ ਬਰਾੜ, ਪਲਵਿੰਦਰ ਸਿੰਘ ਰੰਧਾਵਾ, ਸੁਰਜੀਤ ਮਾਧੋਪੁਰੀ, ਗੀਤਕਾਰ ਨਿਰਵੈਲ ਸਿੰਘ ਮਾਲੂਪੁਰੀ, ਗੁਰਚਰਨ ਟੱਲੇਵਾਲੀਆ, ਬੀਬੀ ਪਰਮਿੰਦਰ, ਪਰਮਜੀਤ ਸਿੰਘ ਗਾਂਧਰੀ ਤੋਂ ਇਲਾਵਾ, ਪੰਜਾਬੀ ਮਾਂ ਬੋਲੀ ਨੂੰ ਪਿਆਰ ਕਰਨ ਵਾਲੇ ਸੁਹਿਰਦ ਪਾਠਕਾਂ ਨੇ ਵੀ ਵੱਡੀ ਗਿਣਤੀ ਵਿੱਚ ਸ਼ਿਰਕਤ ਕੀਤੀ। ਸਿਰਦਾਰ ਕਪੂਰ ਸਿੰਘ ਆਈ.ਸੀ.ਐਸ ਦਾ ਭਾਣਜਾ ਜੋਗਿੰਦਰ ਸਿੰਘ ਗਰੇਵਾਲ, ਭਾਣਜੀਆਂ ਬੀਬੀ ਗੁਰਦੀਪ ਕੌਰ ਸਿੱਧੂ ਤੇ ਜੋਗਿੰਦਰ ਕੌਰ ਢੱਟ ਅਤੇ ਦਸ਼ਮੇਸ਼ ਦਰਬਾਰ ਦੇ ਸਾਬਕਾ ਪ੍ਰਧਾਨ ਕੁਲਦੀਪ ਸਿੰਘ ਜਗਪਾਲ ਇਸ ਮੌਕੇ ਵਿਸ਼ੇਸ਼ ਤੌਰ ਤੇ ਪੁੱਜੇ। ਇਹਨਾਂ ਯਾਦਗਾਰੀ ਪਲਾਂ ਨੂੰ ਸਾਂਭਣ ਲਈ, ਕਲਾਤਮਿਕ ਫਿਲਮਾਂ ਦੇ ਨਿਰਮਾਤਾ ਨਵਲਪ੍ਰੀਤ ਰੰਗੀ ਅਤੇ ਸੁਤੇ ਅਹੀਰ ਨੇ ਕੈਮਰੇ ਦੀ ਅੱਖ ਰਾਹੀਂ ਕੈਦ ਕਰਕੇ ਅਹਿਮ ਯੋਗਦਾਨ ਪਾਇਆ। "ਸੋਚਾਂ ਦੇ ਸਿਰਨਾਵੇਂ" ਦਾ ਇਹ ਸ਼ਾਨਦਾਰ ਸਮਾਗਮ ਆਪਣੇ ਨਿਵੇਕਲੇ ਰੰਗ ਰੂਪ ਤੇ ਸਿਰਜਣਾਤਮਿਕ ਛੋਹਾਂ ਰਾਹੀਂ ਆਏ ਮਹਿਮਾਨਾਂ ਤੇ ਆਪਣੀ ਅਮਿੱਟ ਛਾਪ ਛੱਡਦਾ ਸਮਾਪਤ ਹੋਇਆ।


ਪਿੰਡ ਮੋਰਾਂਵਾਲੀ, ਜ਼ਿਲ੍ਹਾ ਹੁਸ਼ਿਆਰਪੁਰ ਦੀ ਨਵੀਂ ਚੁਣੀ ਗਈ ਪੰਚਾਇਤ ਅਤੇ ਹੋਰ ਨਗਰ ਨਿਵਾਸੀ

# ਗ਼ਦਰ ਲਹਿਰ ਦੀ ਵਿਚਾਰਧਾਰਕ ਪ੍ਰਸੰਗਿਕਤਾ

ਡਾ. ਕਰਮਜੀਤ ਸਿੰਘ (91-99927-32006)

1857 ਈ. ਦੀ ਪਹਿਲੀ ਸੁਤੰਤਰਤਾ ਦੀ ਲੜਾਈ ਨੂੰ ਅੰਗਰੇਜ਼ਾਂ ਨੇ ਬਗਾਵਤ/ਵਿਦਰੋਹ (ਮਿਊਟਨੀ) ਦਾ ਨਾਂ ਦਿੱਤਾ ਜਿਸਦਾ ਅਰਥ ਗ਼ਦਰ ਵੀ ਹੈ। ਸਾਮਰਾਜ ਆਪਣੀ ਦ੍ਰਿਸ਼ਟੀ ਤੋਂ ਅਜਿਹਾ ਹੀ ਨਾਮ ਦੇ ਸਕਦਾ ਸੀ, ਜਿੱਥੇ ਅਰਥ ਨਾਂਹ ਵਾਚੀ ਸਨ। ਪ੍ਰੰਤੂ ਗ਼ਦਰੀ ਯੋਧਿਆਂ ਨੇ ਬਗਾਵਤ ਦੇ ਅਰਥਾਂ ਨੂੰ ਇਨਕਲਾਬ ਦੇ ਅਰਥਾਂ ਵਿਚ ਤਬਦੀਲ ਕਰ ਦਿੱਤਾ। ਮਿਊਟਨੀ ਤੋਂ ਰੈਵੋਲਿਊਸ਼ਨ ਤੱਕ ਦੇ ਹਾਂ ਵਾਚੀ ਅਰਥ ਦੇਣਾ ਗ਼ਦਰੀ ਯੋਧਿਆਂ ਦੀ ਸਭ ਤੋਂ ਵੱਡੀ ਪ੍ਰਾਪਤੀ ਹੈ ਜੋ ਉਹਨਾਂ ਨੇ ਆਪਣੀਆਂ ਲਿਖਤਾਂ ਰਾਹੀਂ ਅਤੇ ਅਥਾਹ ਕੁਰਬਾਨੀਆਂ ਦੇ ਕੇ ਪ੍ਰਾਪਤ ਕੀਤੀ ਸੀ। ਵਿਦਵਾਨਾਂ ਨੇ ਗ਼ਦਰ ਨੂੰ ਰੈਵੋਲਿਊਸ਼ਨ ਦੇ ਅਰਥਾਂ ਵਿਚ ਤਾਂ ਪੜ੍ਹਿਆ ਹੈ ਪਰ ਇਸਦੇ ਮਹੱਤਵ ਨੂੰ ਰੇਖਾਂਕਿਤ ਨਹੀਂ ਕੀਤਾ। ਗ਼ਦਰ ਲਹਿਰ, ਗ਼ਦਰ ਸਾਹਿਤ ਨਾਲ ਸਬੰਧਤ ਪਰਚਾ ਅਤੇ ਸੰਸਾਰ ਪੱਧਰ ਤੇ ਵਾਪਰਦੀਆਂ ਤਬਦੀਲੀਆਂ ਨੂੰ ਵੀ ਗ਼ਦਰੀ ਤਬਦੀਲੀਆਂ ਮੰਨਿਆ ਗਿਆ।

ਗ਼ਦਰ ਲਹਿਰ ਨੇ ਜਿਹਨਾਂ ਉਦੇਸ਼ਾਂ ਨੂੰ ਸਾਹਮਣੇ ਰੱਖਿਆ ਉਹ ਬੜੇ ਵਿਆਪਕ ਅਤੇ ਮਾਨਵਵਾਦੀ ਸਨ। ਇਨ੍ਹਾਂ ਵਿਚ ਸਭ ਤੋਂ ਪਹਿਲੇ ਥਾਂ ਤੇ ਸੀ ਭਾਰਤ ਦੀ ਪੂਰਨ ਆਜ਼ਾਦੀ, ਹਥਿਆਰ ਬੰਦ ਸੰਘਰਸ਼ ਤੋਂ ਬਾਅਦ ਹਾਸਲ ਕੀਤੀ ਆਜ਼ਾਦੀ। ਗ਼ਦਰ ਲਹਿਰ ਦੀ ਇਹ ਸਮਝ ਸੀ ਕਿ ਅੰਗਰੇਜ਼ ਸਰਕਾਰ ਲੋਕਾਂ ਨੂੰ ਲੁੱਟ ਰਹੀ ਹੈ ਜਿਸਦਾ ਅਰਥਿਕ ਵਿਸ਼ਲੇਸ਼ਣ ਵੀ ਕੀਤਾ ਗਿਆ। ਗ਼ਦਰ ਲਹਿਰ ਭਾਰਤ ਤੋਂ ਬਾਹਰ ਫੌਜੀਆਂ, ਪੁਲਸੀਆਂ ਅਤੇ ਮਜ਼ਦੂਰਾਂ ਨੂੰ ਗ਼ਦਰ ਲਹਿਰ ਵਿਚ ਸ਼ਾਮਲ ਕਰਨ ਲਈ ਉਤਸੁਕ ਸੀ ਜਿਸ ਲਈ ਗ਼ਦਰੀਆਂ ਨੇ ਅਣਥੱਕ ਯਤਲ ਵੀ ਕੀਤੇ ਅਤੇ ਜ਼ਿੰਦਗੀ ਦੇ ਭਿਆਨਕ ਜ਼ੋਖਮ ਵੀ ਉਠਾਏ। ਗ਼ਦਰ ਲਹਿਰ ਦੀ ਵਿਸ਼ਵ ਪੱਧਰ ਦੀਆਂ ਸਾਮਰਾਜ ਦੇ ਵਿਰੁੱਧ ਉੱਠੀਆਂ ਲਹਿਰਾਂ ਨਾਲ ਹਮਦਰਦੀ ਸੀ। ਉਹ ਆਪਣੀਆਂ ਲਿਖਤਾਂ ਵਿਚ ਸਾਮਰਾਜ ਦੇ ਜ਼ੁਲਮਾਂ ਨੂੰ ਨੰਗਿਆਂ ਕਰਦੇ ਸਨ ਅਤੇ ਗ਼ੁਲਾਮ ਲੋਕਾਂ ਨੂੰਇਕ ਕਰਨ ਲਈ ਯਤਨਸ਼ੀਲ ਰਹੇ। ਉਹਨਾਂ ਨੇ ਰੂਸ, ਚੀਨ ਅਤੇ ਮੌਕਸੀਕੋ ਆਦਿ ਦੀਆਂ ਸਾਮਰਾਜ ਵਿਰੋਧੀ ਲਹਿਰਾਂ ਨਾਲ ਏਕਤਾ ਸਥਾਪਤ ਕੀਤੀ। ਇਉਂ ਗਦਰ ਲਹਿਰ ਇਕ ਅੰਤਰ ਰਾਸ਼ਟਰੀ ਲਹਿਰ ਸੀ ਜੋ ਜ਼ੁਲਮਾਂ ਦੇ ਖਿਲਾਫ਼ ਸੀ ਅਤੇ ਮਜ਼ਲੂਮਾਂ ਦੇ ਹੱਕ ਵਿਚ।

ਗ਼ਦਰੀਆਂ ਨੇ ਆਪਣੀ ਰਾਜਨੀਤੀ ਵਿਚ ਆਜ਼ਾਦੀ, ਬਰਾਬਰੀ ਅਤੇ ਹੱਕਾਂ ਦੀ ਪੈਰਵੀ ਕੀਤੀ। ਉਹਨਾਂ ਅਨੁਸਾਰ ਇਹਨਾਂ ਦੀ ਪ੍ਰਾਪਤੀ ਤੋਂ ਬਾਅਦ ਗਿਆਨ, ਖੁਸ਼ੀ ਅਤੇ ਅਰੋਗਤਾ ਆਦਿ ਮਸਲਿਆਂ ਨੂੰ ਵੀ ਹੱਲ ਕੀਤਾ ਜਾ ਸਕਦਾ ਸੀ। ਗ਼ਦਰੀ ਕਿਸੇ ਵੀ ਮਸਲੇ ਦੀ ਤਹਿ ਤੱਕ ਜਾਂਦੇ ਸਨ। ਪੱਤੇ ਗਿਣਨ ਦੀ ਥਾਂ ਉਹ ਜੜ੍ਹਾਂ ਤੱਕ ਪਹੁੰਚਦੇ ਸਨ। ਇਸੇ ਲਈ ਉਹ ਗੁਲਾਮੀ ਖਿਲਾਫ਼ ਲੜਾਈ ਨੂੰ ਪਹਿਲ ਦੇ ਕੇ ਸਮਾਜ ਸੁਧਾਰ ਦੀਆਂ ਦੂਸਰੀਆਂ ਕੋਸ਼ਿਸ਼ਾਂ ਨੂੰ ਬਾਅਦ ਵਿਚ ਨਿੱਠ ਕੇ ਕਰਨ ਵਾਲਾ ਕਾਰਜ ਮੰਨਦੇ ਸਨ, ਭਾਵੇਂ ਉਹ ਇਨ੍ਹਾਂ ਨੂੰ ਪੂਰੀ ਤਰ੍ਹਾਂ ਅੱਖੋਂ ਓਹਲੇ ਵੀ ਨਹੀਂ ਸਨ ਕਰਦੇ। ਉਹਨਾਂ ਅਨੁਸਾਰ, "ਗ਼ੁਲਾਮੀ ਸਭ ਤੋਂ ਬੁਰਾ ਦਸਤੂਰ ਹੈ ਅਤੇ ਆਜ਼ਾਦੀ ਸਭ ਤੋਂ ਚੰਗਾ ਰਿਵਾਜ ਹੈ। ਦੂਸਰੇ ਦਸਤੂਰ ਵੀ ਬੁਰੇ ਹਨ, ਉਹਨਾਂ ਦੇ ਵਿਰੁੱਧ ਮਾਮੂਲੀ ਕੋਸ਼ਿਸ਼ ਕਰਨੀ ਹਰ ਇਕ ਆਦਮੀ ਦਾ ਫਰਜ਼ ਹੈ। ਪਰ ਉਹਨਾਂ ਨੂੰ ਜੀਵਨ ਦਾ ਸਭ ਤੋਂ ਉੱਚਾ ਆਦਰਸ਼ ਬਣਾਉਣਾ ਆਪਣੀ ਜ਼ਿੰਦਗੀ ਨੂੰ ਬਰਬਾਦ ਕਰਨਾ ਹੈ।'' (ਗਦਰ ਲਹਿਰ ਦੀ ਵਾਰਤਕ, ਪੰਨਾ- 662)। ਗਦਰੀਆਂ ਦੀ ਸਮਝ ਸਾਫ ਸੀ ਕਿ ਕਿਹੜੇ ਕੰਮਾਂ ਨੂੰ ਪਹਿਲ ਦਿੱਤੀ ਜਾਣੀ ਚਾਹੀਦੀ ਹੈ ਅਤੇ ਕਿਹੜੇ ਕਾਰਜ ਬਾਅਦ ਵਿਚ ਨਜਿੱਠੇ ਜਾਣੇ ਚਾਹੀਦੇ ਹਨ। ਸੁਧਾਰਾਂ ਨਾਲੋਂ ਪਹਿਲ ਉਹ ਅੰਗਰੇਜੀ ਸਾਮਰਾਜ ਤੋਂ ਆਜ਼ਾਦੀ ਨੂੰ ਦਿੰਦੇ ਸਨ। ਨਸ਼ਿਆਂ ਵਿਰੁੱਧ ਪ੍ਰਚਾਰ ਕਰਨਾ ਪਰ ਨਸ਼ੇ ਫੈਲਾਉਣ ਵਾਲੀ ਅੰਗਰੇਜ਼ ਹਕੂਮਤ ਵਿਰੁੱਧ ਇਕ ਵੀ ਸ਼ਬਦ ਨਾ ਬੋਲਣਾ ਉਹਨਾਂ ਨੂੰ ਸਵੀਕਾਰ ਨਹੀਂ ਸੀ।

ਗ਼ਦਰੀ ਯੋਧੇ ਧਰਮਾਂ, ਜਾਤਾਂ, ਫਿਰਕਿਆਂ ਤੋਂ ਉਪਰ ਸਨ। ਜੇ ਅਸੀਂ ਉਹਨਾਂ ਦੇ ਮੂਲ ਵਿਚਾਰਾਂ ਨੂੰ ਸਮਝ ਲਈਏ ਤਾਂ ਉਹਨਾਂ ਨੂੰ ਕਿਸੇ ਇਕ ਧਰਮ ਵਿਸ਼ੇਸ਼ ਨਾਲ ਜੋੜਨ ਦੀ ਜ਼ਰੂਰਤ ਨਹੀਂ ਰਹਿੰਦੀ। ਉਹ ਲਿਖਦੇ ਹਨ, "ਭਾਰਤ ਮਾਤਾ ਦੇ ਪਿਆਰੇ ਬੱਚੇ ਜਗਤ ਦੇ ਉਧਾਰਕ ਸਭ ਮੱਤਾਂ ਅਤੇ ਸਮਾਜਾਂ ਵਿਚੋਂ ਲਏ ਗਏ ਹਨ। ਸਾਰਿਆਂ ਦਰੱਖਤਾਂ ਦੇ ਫੁੱਲ ਚੁਣ ਕੇ ਇਹ ਗੁਲਦਸਤਾ ਬਣਾਇਆ ਗਿਆ ਹੈ। ਇਹ ਸਾਰੇ ਧਰਮ, ਵਿਦਿਆ, ਸੁੱਖ ਅਤੇ ਆਜ਼ਾਦੀ ਦੀ ਤਲਾਸ਼ ਵਿਚ ਲੱਗੇ ਹੋਏ ਹਨ।'' ਗ਼ਦਰੀਆਂ ਲਈ ਰਾਜਨੀਤੀ, ਵਿਦਿਆ, ਧਰਮ (ਮਤ ਜਾਂ ਸੰਪ੍ਰਦਾਇ ਨਹੀਂ) ਸੁੱਖ ਅਤੇ ਏਕਤਾ ਹਰ ਮਨੁੱਖ ਮਾਤਰ ਵਾਸਤੇ ਸਮਾਨ ਹੋਣੇ ਚਾਹੀਦੇ ਹਨ। ਸਮੁੱਚੀ ਲੁਕਾਈ ਦੀ ਖੁਸ਼ਹਾਲੀ ਉਨ੍ਹਾਂ ਦਾ ਆਦਰਸ਼ ਸੀ। "ਇਸ ਵਿਚ ਮੱਤ ਮਤਾਂਤਰ ਦਾ ਝਗੜਾ ਨਹੀਂ ਹੈ, ਆਜ਼ਾਦੀ, ਸੁੱਖ, ਧਰਮ, ਵਿਦਿਆ ਵਾਸਤੇ ਇਸ ਤਰ੍ਹਾਂ ਹੈ, ਜਿਸ ਤਰ੍ਹਾਂ ਛੋਟੇ ਪੌਦੇ ਨੂੰ ਰੌਸ਼ਨੀ, ਜਾਂ ਆਦਮੀ ਵਾਸਤੇ ਹਵਾ, ਆਜ਼ਾਦੀ ਦੀ ਸਭ ਤੋਂ ਵੱਡੀ ਲੋੜ ਹੈ। ਇਸ ਲੋੜ ਦੇ ਸਾਹਮਣੇ ਹੋਰ ਸਾਰੀਆਂ ਲੋੜਾਂ ਤੁੱਛ ਹਨ।''

ਗ਼ਦਰੀਆਂ ਨੂੰ ਇਹ ਰੰਜ ਹੈ ਕਿ ਭਾਰਤੀ ਆਪਣੇ ਇਤਿਹਾਸ ਨਾਲ ਨਹੀਂ ਜੁੜੇ ਹੋਏ ਅਤੇ ਨਾ ਹੀ ਇਸ ਤੋਂ ਕੋਈ ਸੇਧ ਹੀ ਲੈਂਦੇ ਹਨ। ਉਹ ਭਾਰਤੀ ਦਰਸ਼ਨ ਦੇ ਲੋਕ ਪੱਖੀ ਰੁਝਾਨਾਂ ਨੂੰ ਖੂਬ ਸਰਾਹੁੰਦੇ ਹਨ। ਉਹ ਬੇਵਕੂਫ਼ ਦੋਸਤਾਂ ਨਾਲੋਂ ਸਿਆਣੇ ਦੁਸ਼ਮਣ ਤੋਂ ਬਹੁਤ ਕੁਝ ਸਿੱਖਦੇ ਹਨ। ਅਜਿਹਾ ਹੀ ਨਹੀਂ ਕਿ ਗ਼ਦਰੀ ਹਰ ਵੇਲੇ ਹਥਿਆਰਾਂ ਦੀ ਗੱਲ ਹੀ ਕਰਦੇ ਸਨ ਸਗੋਂ ਉਹਨਾਂ ਦਾ ਜੋਸ਼ ਖਾਸ ਵਿਚਾਰਾਂ ਦੀਸੇਧ ਵਿਚ ਅੱਗੇ ਵਧਣਾ ਚਾਹੁੰਦਾ ਸੀ। ਗ਼ੁਲਾਮੀ ਨੂੰ ਦੂਰ ਕਰਨ ਲਈ ਗ਼ਦਰੀ 'ਆਦਮੀ' ਪੈਦਾ ਕਰਨ ਦੇ ਹੱਕ ਵਿਚ ਸਨ ਜੋ ਹਰ ਤਰ੍ਹਾਂ ਦੇ ਦਕਿਆਨੂਸੀ ਵਿਚਾਰਾਂ ਤੋਂ ਸੁਤੰਤਰ ਹੋਵੇ ਅਤੇ ਹਰ ਤਰ੍ਹਾਂ ਦੀ ਗੁਲਾਮੀ ਦੇ ਖਿਲਾਫ ਹੋਵੇ। ਅਜੀਬ ਲੱਗ ਸਕਦਾ ਹੈ ਪਰ ਗ਼ਦਰੀ ਭਾਰਤੀਆਂ ਦੀ ਅਤਿ ਦੀ ਸ਼ਾਂਤੀ (ਅਕ੍ਰਿਆਸ਼ੀਲਤਾ) ਨੂੰ ਵੀ ਭੰਗ ਕਰਨਾ ਚਾਹੁੰਦੇ ਸਨ ਜੋ ਅਫ਼ੀਮ ਦੇ ਨਸ਼ੇ ਤੋਂ ਘੱਟ ਨਹੀਂ। "ਮਿਜਾਜ਼ ਵਿਚ ਜ਼ਰਾ ਗਰਮੀ ਅਤੇ ਅਸ਼ਾਂਤੀ ਦੀ ਜ਼ਰੂਰਤ ਹੈ। ਸ਼ਾਂਤੀ ਦੀ ਦਵਾ ਜਾਂਦੇ ਖੁਰਾਕ ਦਿਲ ਅਤੇ ਦਿਮਾਗ ਤੇ ਅਫੀਮ ਦਾ ਅਸਰ ਰੱਖਦੀ ਹੈ।'' ਉਹ ਬੁਰੇ ਦਸਤੂਰ ਦੀ ਤਹਿ ਵਿਚ ਝੂਠੇ ਆਦਰਸ਼ ਦੀ ਪਛਾਣ ਰੱਖਦੇ ਸਨ ਅਤੇ ਉਹਨਾਂ ਅਨੁਸਾਰ ਝੂਠੇ ਆਦਰਸ਼ ਦੇ ਆਧਾਰ 'ਤੇ ਉਨਤੀ ਨਹੀਂ ਕੀਤੀ ਜਾ ਸਕਦੀ। ਉਹ ਇਹ ਸਮਝਦੇ ਸਨ ਕਿ ਕੌਮੀ ਪ੍ਰੇਮ ਲਈ ਨਿੱਜੀ ਪ੍ਰੇਮ ਦਾ ਤਿਆਗ ਵੀ ਕਰਨਾ ਪੈਂਦਾ ਹੈ। ਦੇਸ਼ ਕਾਲ ਅਨੁਸਾਰ ਕੰਮ ਕਰਨਾ ਉਹਨਾਂ ਦੀ ਸਮਝਦਾਰੀ ਦਾ ਹਿੱਸਾ ਸੀ। ਗ਼ਦਰੀ ਇਸ ਤੱਥ ਨੂੰ ਜਾਣਦੇ ਹੋਏ ਵੀ ਆਪਣੇ ਆਪ ਨੂੰ ਕੁਰਬਾਨ ਕਰਨ ਲਈ ਤਿਆਰ ਸਨ ਕਿ ਪਿਛਲੀਆਂ ਕੁਰਬਾਨੀਆਂ ਨੂੰ ਲੋਕ ਭੁਲਾ ਦਿੰਦੇ ਹਨ। ਉਹ ਡੇਢ ਸੌ ਕਰੋੜ ਲੋਕਾਂ ਲਈ ਕੁਰਬਾਨੀਆਂ ਕਰ ਰਹੇ ਸਨ।

ਦੁਨੀਆਂ ਦੀਆਂ ਮਿਸਾਲਾਂ ਤੋਂ ਉਹ ਭਲੀ ਭਾਂਤ ਜਾਣੂ ਸਨ ਕਿ ਆਜ਼ਾਦੀ ਹਮੇਸ਼ਾ ਕੁਰਬਾਨੀਆਂ ਨਾਲ ਆਉਂਦੀ ਹੈ, ਸੁਲਾਹ ਸਫਾਈਆਂ ਨਾਲ ਨਹੀਂ। ਸਰਕਾਰੀ ਜ਼ੁਲਮ ਦੀ ਇੰਤਹਾ ਇਨਕਲਾਬੀ ਵਿਰੋਧਾਂ ਨੂੰ ਜਨਮ ਦਿੰਦੀ ਹੈ। 'ਜਿੱਥੇ ਆਪਣੀ ਜ਼ਿੰਦਗੀ ਬੇਖਟਕ ਨਹੀਂ, ਉਥੇ ਆਜ਼ਾਦੀ ਵੀ ਬਗ਼ੈਰ ਖਟਕੇ ਦੇ ਨਹੀਂ।' ਗ਼ਦਰੀ ਆਪਣੇ ਸਮੇਂ ਦਿੱਤੇ ਜਾਂਦੇ ਇਨਾਮਾਂ, ਖਿਤਾਬਾਂ ਪ੍ਰਤੀ ਕਿੰਨੇ ਸੁਚੇਤ ਸਨ ਇਹ ਉਹਨਾਂ ਦੀ ਹੇਠ ਲਿਖੀ ਸੋਚ ਤੋਂ ਸਾਫ ਹੋ ਜਾਂਦਾ ਹੈ। "ਅੰਗਰੇਜ਼ਾਂ ਦੀਆਂ ਚਾਲਾਂ ਹਿੰਦੁਸਤਾਨ ਦੇ ਮਜ਼ਹਬਾਂ ਵਿਚ ਦਾਖਲ ਹੋ ਰਹੀਆਂ ਹਨ। ਭਾਈ ਜੀ, ਭਾਈ ਸਾਹਿਬ, ਖ਼ਾਨ ਬਹਾਦਰ, ਖਾਨ ਸਾਹਿਬ, ਰਾਇ ਸਾਹਿਬ, ਰਾਇ ਬਹਾਦਰ, ਸਰਦਾਰ ਸਾਹਿਬ ਅਤੇ ਸਰਦਾਰ ਬਹਾਦਰ ਆਦਿ ਸਾਰੇ ਲਫ਼ਜ਼ ਸਾਡੇ ਹਨ। ਇਨ੍ਹਾਂ ਲਫ਼ਜ਼ਾਂ ਨੂੰ ਮੁੱਦਤ ਤੋਂ ਵਰਤਦੇ ਆਏ ਹਾਂ। ਲੇਕਿਨ ਬੜੀ ਹੈਰਾਨੀ ਦੀ ਗੱਲ ਹੈ ਕਿ ਅੱਜ ਅੰਗਰੇਜ਼ਾਂ ਉਹੀ ਲਫਜ਼ ਕਹਿ ਕੇ ਸਾਡੇ ਹੀ ਦੇਸੀ ਆਦਮੀਆਂ ਨੂੰ ਰਾਇ ਖਾਨ ਅਤੇ ਸਰਦਾਰ ਬਹਾਦਰ ਬਣਾ ਰੱਖਿਆ ਹੈ।'' ਭਾਈ ਵੀਰ ਸਿੰਘ ਲਈ 'ਭਾਈ ਸਾਹਿਬ ਭਾਈ' ਦਾ ਖਿਤਾਬ ਅੰਗਰੇਜ਼ਾਂ ਦਾ ਹੀ ਦਿੱਤਾ ਹੋਇਆ ਸੀ। ਅੱਜ ਦੀਆਂ ਸਰਕਾਰਾਂ ਵੀ ਉਹੋ ਕੁਝ ਕਰ ਰਹੀਆਂ ਹਨ ਅਤੇ ਅਜੋਕੇ ਲੇਖਕ ਦੌੜਾਂ ਲਾ ਰਹੇ ਹਨ। ਅਸੀਂ ਗ਼ਦਰੀਆਂ ਦੀ ਵਿਚਾਰਧਾਰਾ ਨੂੰ ਕਿੰਨਾ ਕੁ ਅਪਣਾਇਆ ਹੈ?

ਅੰਗਰੇਜ਼ ਭਾਰਤ ਨੂੰ ਸਭਿਅਕ ਬਣਾਉਣ ਦਾ ਭਾਰ ਚੁੱਕੀ ਫਿਰਦੇ ਸਨ। ਗ਼ਦਰੀ ਹੋਕਾ ਦੇ ਰਹੇ ਸਨ ਕਿ, "ਗ਼ਦਰ ਕਰਕੇ ਅੰਗਰੇਜ਼ਾਂ ਦੇ ਸਿਰ ਤੋਂ ਜ਼ਿੰਮੇਵਾਰੀ ਦਾ ਭਾਰ ਉਤਾਰ ਦਿਓ।' ਇਸਾਈ ਧਰਮ ਪਰਿਵਰਤਨ ਕਰਕੇ ਬਹੁਤੇ ਮਾਨਵੀ ਬਣਨ ਦਾ ਦੰਭ ਭਰਦੇ ਸਨ ਪ੍ਰੰਤੂ ਗ਼ਦਰੀ ਉਹਨਾਂ ਦੀ ਅਸਲੀਅਤ ਵੀ ਜਾਣਦੇ ਸਨ। 'ਈਸਾਈਆਂ ਨਾਲ ਵਾਸਤਾ ਪੈਣ 'ਤੇ ਸਾਬਤ ਹੋ ਗਿਆ ਹੈ ਕਿ ਉਹ ਵੀ ਗ਼ੈਰ ਈਸਾਈ ਤੋਂ ਉਤਨੀ ਹੀ ਨਫਰਤ ਕਰਦੇ ਹਨ, ਜਿਤਨੀ ਕਿ ਇਹ ਹਿੰਦੂ ਅਛੂਤ ਜਾਤੀਆਂ ਤੋਂ।'

ਗ਼ਦਰੀਆਂ ਦੀ ਰਾਜਨੀਤਿਕ ਅਤੇ ਸਮਾਜਿਕ ਵਿਚਾਰਧਾਰਾ ਵਿਚ ਕਿਸੇ ਤਰ੍ਹਾਂ ਦਾ ਕੋਈ ਧੁੰਧਲਕਾ ਨਹੀਂ ਸੀ। ਅੰਗਰੇਜ਼ੀ ਰਾਜਨੀਤੀ ਨੇ ਮਾਤਹਿਤ ਕੌਮ ਦੇ ਸਾਰੇ ਕਾਰੋਬਾਰਾਂ ਨੂੰ ਆਪਣੇ ਹੱਥਾਂ ਵਿਚ ਲੈ ਲਿਆ ਸੀ। ਸਮਾਜਿਕ ਅਗਵਾਈ ਕਰਕੇ ਉਹਨਾਂ ਨੇ ਲੋਕਾਂ ਵਿਚ ਰੋਅਬ ਦਾਅਬ ਬਣਾਇਆ ਸੀ। ਉਹ ਅਜਿਹੇ ਪਲੇਟਫਾਰਮ ਬਣਾ ਰਹੇ ਸਨ, ਜਿੱਥੇ ਅੰਗਰੇਜ਼ ਤੇ ਹਿੰਦੁਸਤਾਨੀ ਨਾ-ਬਰਾਬਰੀ ਦੇ ਅਸੂਲ 'ਤੇ ਇਕੱਠੇ ਹੋ ਸਕਣ। ਅੰਗਰੇਜ਼ਾਂ ਨੇ ਹਾਰੇ ਲੋਕਾਂ ਦੀ ਅਜਿਹੀ ਜਮਾਤ ਤਿਆਰ ਕਰ ਲਈ ਸੀ ਜੋ ਉਹਨਾਂ ਨੂੰ ਸਲਾਮਾਂ ਕਰਦੀ ਮਿਲਦੀ ਸੀ। ਗ਼ਦਰੀ ਇਸ ਸਭ ਕੁਝ ਬਾਰੇ ਸੁਚੇਤ ਸਨ। ਭਾਰਤੀ ਸੰਦਰਭ ਵਿਚ ਜਾਤੀ ਗ਼ੁਲਾਮੀ ਨੂੰ ਵੀ ਗ਼ਦਰੀ ਭਾਰਤੀਆਂ ਦੇ ਅਵਚੇਤਨ ਦਾ ਹਿੱਸਾ ਮੰਨਦੇ ਸਨ। ਉਹ ਉਦਾਹਰਣ ਦਿੰਦੇ ਹਨ, "ਬ੍ਰਾਹਮਣ ਪਾਸ ਕੋਈ ਹਥਿਆਰ ਨਹੀਂ ਹੁੰਦੇ। ਉਹ ਜਿਸਮਾਨੀ ਤੌਰ 'ਤੇ ਕਮਜ਼ੋਰ ਇਕ ਪੜ੍ਹਿਆ ਲਿਖਿਆ ਆਦਮੀ ਹੁੰਦਾ ਹੈ। ਜਿਸਨੂੰ ਹੱਥੋਂ ਤੇ ਫ਼ਸਾਦ ਵਿਚ ਅਛੂਤ ਨਜ਼ਾਰਾ ਦੇਖਦੇ ਹਾਂ ਕਿ ਸੈਂਕੜੇ ਅਛੂਤ ਚੰਗੀ ਜਿਸਮਾਨੀ ਤਾਕਤ ਰੱਖਦੇ ਹੋਏ ਬਾਜ਼ਾਰ ਵਿਚ ਬ੍ਰਾਹਮਣ ਨੂੰ ਝੁਕ ਝੁਕ ਕੇ ਪ੍ਰਣਾਮ ਕਰਦੇ ਹਨ। ਜਦੋਂ ਕਿ ਕੋਈ ਕਾਨੂੰਨ ਉਹਨਾਂ ਨੂੰ ਐਸਾ ਕਰਨ ਵਾਸਤੇ ਮਜ਼ਬੂਰ ਨਹੀਂ ਕਰਦਾ।''

ਇਸ ਸਭ ਕੁਝ ਦੇ ਬਾਵਜੂਦ ਗ਼ਦਰੀ ਇਹ ਵਿਸ਼ਵਾਸ ਰੱਖਦੇ ਸਨ ਕਿ 'ਰਾਜਸੀ ਫਤਿਹ ਕੌਮ ਨੂੰ ਕੈਦ ਕਰ ਸਕਦੀ ਹੈ ਪਰ ਉਸਨੂੰ ਨਿਵਾ ਨਹੀਂ ਸਕਦੀ।' ਇਸ ਲਈ ਗ਼ਦਰੀ ਚਾਹੁੰਦੇ ਸਨ ਕਿ "ਇਖ਼ਲਾਕ ਦੇ ਛੋਟੇ ਜਿਹੇ ਚੰਗਿਆੜੇ ਨੂੰ ਕਿਸੇ ਤਰ੍ਹਾਂ ਕਾਇਮ ਰੱਖਿਆ ਜਾਵੇ ਜੋ ਕੌਮ ਦੇ ਦਿਲ ਵਿਚ ਮੌਜੂਦ ਹੈ ਅਤੇ ਕਿਸੇ ਤਰ੍ਹਾਂ ਉਸਨੂੰ ਕੌਮ ਦੀ ਸ਼ਕਤੀ ਅਨੁਸਾਰ ਵਧਾਇਆ ਜਾਵੇ।'' ਜੇਤੂ ਅੰਗਰੇਜ਼ ਹੋਰ ਕੀ ਕਰ ਸਕਦੇ ਹਨ ਉਸਦੀ ਨਿਸ਼ਾਨਦੇਹੀ ਵੀ ਗ਼ਦਰੀ ਚੰਗੀ ਤਰ੍ਹਾਂ ਕਰ ਰਹੇ ਸਨ। ਉਹ ਸਮਝਦੇ ਸਨ ਕਿ ਅੰਗਰੇਜ਼ ਭਾਰਤੀਆਂ ਨੂੰ ਸਿਖਾਉਣਗੇ ਕਿ ਉਹ ਘਟੀਆ ਕੌਮ ਹੈ। ਇਸ ਝੂਠ ਨੂੰ ਕਾਨੂੰਨ ਅਤੇ ਹਕੂਮਤ ਦੇ ਤਰੀਕਿਆਂ ਰਾਹੀਂ ਲੋਕਾਂ ਦੇ ਦਿਲਾਂ ਤੱਕ ਪਹੁੰਚਾਉਂਦੇ ਹਨ।' ਪਰ ਭਾਰਤੀਆਂ ਨੂੰ ਇਸ ਪ੍ਰਤੀ ਸੁਚੇਤ ਰਹਿਣ ਦੀ ਲੋੜ ਹੈ। ਸਵੈਮਾਣ ਅਤੇ ਸ਼ਾਨ ਦੇ ਜਜ਼ਬੇ ਨੂੰ ਬਚਾ ਕੇ ਰੱਖ ਸਕਣ ਵਾਲੀ ਕੌਮ 'ਆਪਣੇ ਪੈਦਾਇਸ਼ੀ ਹੱਕ ਆਜ਼ਾਦੀ ਨੂੰ ਹਾਸਲ ਕਰ ਲਵੇਗੀ।'

ਤਾਕਤ ਕਿਵੇਂ ਹਾਸਲ ਕੀਤੀ ਜਾਂਦੀ ਹੈ? ਗ਼ਦਰੀਆਂ ਕੋਲ ਇਸ ਦਾ ਸਪਸ਼ਟ ਉੱਤਰ ਹੈ ਕਿ ਫੌਜੀ ਤਾਕਤ ਅਤੇ ਚਤੁਰਾਈ (ਕੂਟਨੀਤੀ) ਨਾਲ। ਅਜਿਹੀ ਹਕੂਮਤ ਨੂੰ ਹਥਿਆਰਾਂ ਦੀ ਮਦਦ ਨਾਲ ਕਾਇਮ ਰੱਖਿਆ ਜਾਂਦਾ ਹੈ, ਪ੍ਰੰਤੂ ਸਮਾਜਿਕ ਜਿੱਤ ਇੱਕਦਮ ਪ੍ਰਾਪਤ ਨਹੀਂ ਹੁੰਦੀ। 'ਕਵਾਇਦ ਦਾਨ ਫੌਜ਼ਾਂ ਤੇ ਬੜੀਆਂ ਤੋਪਾਂ ਇਸ ਨੂੰ ਹਾਸਲ ਨਹੀਂ ਕਰ ਸਕਦੀਆਂ।' ਗ਼ਦਰੀ ਸਰਕਾਰੀ ਨੀਤੀ ਨੂੰ ਤਿੱਖੀ ਨਜ਼ਰ ਨਾਲ ਦੇਖਦੇ ਸਨ। ਉਹਨਾਂ ਅਨੁਸਾਰ ਜਿਸ ਕਾਰਵਾਈ ਦੀ ਉਹ ਵਿਰੋਧਤਾ ਨਹੀਂ ਕਰਦੀ ਉਹ ਸ਼ੱਕੀ ਹੈ। ਗ਼ਦਰੀ ਬਾਹਰੀ ਮਦਦ ਨਾਲ ਪ੍ਰਾਪਤ ਕੀਤੀ ਆਜ਼ਾਦੀ ਨੂੰ ਚਿਰਸਥਾਈ ਨਹੀਂ ਸਨ ਮੰਨਦੇ। ਹਰ ਦੇਸ਼ ਦੇ ਲੋਕਾਂ ਨੂੰ ਆਪਣੀ ਆਜ਼ਾਦੀ ਆਪ ਪ੍ਰਾਪਤ ਕਰਨੀ ਚਾਹੀਦੀ ਹੈ। "ਕੋਈ ਕੌਮ ਕਿਸੇ ਦੇ ਭਰੋਸੇ 'ਤੇ ਤਰੱਕੀ ਨਹੀਂ ਕਰ ਸਕਦੀ, ਕਿਸੇ ਦੀ ਮਦਦ ਨਾਲ ਗ਼ੁਲਾਮ ਕੌਮ ਆਜ਼ਾਦ ਨਹੀਂ ਹੋ ਸਕਦੀ, ਬੱਸ ਹਰ ਇਕ ਕੌਮ ਨੂੰ ਆਪਣੀ ਆਜ਼ਾਦੀ ਹਾਸਲ ਕਰਨ ਵਾਸਤੇ ਖੁਦ ਮਿਹਨਤ ਕਰਨੀ ਚਾਹੀਦੀ ਹੈ। ਖ਼ੁਦ ਹਿੰਮਤ ਕਰਨੀ ਚਾਹੀਦੀ ਹੈ।'' ਗ਼ਦਰੀ ਆਜ਼ਾਦੀ ਤਾਂ ਚਾਹੁੰਦੇ ਸਨ ਪਰ ਅਰਾਜਕਤਾ ਤੋਂ ਉਹ ਬਚ ਕੇ ਚਲਦੇ ਸਨ। ਇਸੇ ਲਈ ਉਹ ਇਨਕਲਾਬੀ ਹਨ। ਆਜ਼ਾਦੀ ਦਾ ਅਰਥ 'ਮਨ ਆਈ ਖੁੱਲ੍ਹ' ਨੂੰ ਉਹਨਾਂ ਨੇ ਰੱਦ ਕੀਤਾ। ਇਕ ਥਾਂ ਉਹ ਲਿਖਦੇ ਹਨ, "ਕਈ ਆਦਮੀ ਆਜ਼ਾਦੀ ਦਾ ਮਤਲਬ ਇਹ ਸਮਝਦੇ ਹਨ ਕਿ ਹਰ ਇਕ ਇਨਸਾਨ ਨੂੰ ਹਰ ਇਕ ਕੰਮ ਕਰਨ ਵਿਚ ਮਨ ਆਈ ਕਰਨ ਦੀ ਖੁੱਲ੍ਹ ਹੋਣੀ ਚਾਹੀਦੀ ਹੈ, ਇਹ ਖ਼ਿਆਲ ਸਰਾਸਰ ਬੇਬੁਨਿਆਦ ਹੈ।'' ਇਨ੍ਹਾਂ ਉਪਰੋਕਤ ਵਿਚਾਰਧਾਰਕ ਆਧਾਰਾਂ 'ਤੇ ਗ਼ਦਰੀਆਂ ਵੱਲੋਂ ਵਿਭਿੰਨ ਮੁੱਦਿਆਂ ਉਪਰ ਕੀਤੀ ਵਿਚਾਰ ਨੂੰ ਸਮਝਿਆ ਜਾ ਸਕਦਾ ਹੈ।

ਗ਼ਦਰੀ ਵਿਚਾਰਵਾਨ ਰਾਜਨੀਤਿਕ ਆਰਥਿਕਤਾ ਬਾਰੇ ਵੀ ਆਪਣੇ ਵਿਚਾਰ ਸਪਸ਼ਟ ਰੂਪ ਵਿਚ ਲੋਕਾਂ ਸਾਹਮਣੇ ਰੱਖ ਰਹੇ ਸਨ। ਆਰਥਿਕਤਾ 'ਖ਼ਾਤਰ ਇਕ ਮੁਲਕ ਦਿਆਂ ਕਿਰਤੀਆਂ ਤੇ ਸਰਮਾਏਦਾਰਾਂ ਦੇ ਦਰਮਿਆਨ ਲੜਾਈ ਹੈ, ਇਸੇ ਖਾਤਰ ਇਕ ਮੁਲਕ ਦਿਆਂ ਦੁਕਾਨਦਾਰਾਂ ਦੀ ਆਪਸ ਵਿਚ ਲੜਾਈ ਹੈ।' ਅਸੀਂ ਅੱਜ ਸੰਸਾਰ ਨੂੰ ਇਕ 'ਗਲੋਬਲ ਪਿੰਡ' ਬਣਦਾ ਕਹਿ ਰਹੇ ਹਾਂ, ਜਿਵੇਂ ਸਰਮਾਏਦਾਰ ਤੇ ਬਹੁ-ਕੌਮੀ ਕਾਰਪੋਰੇਸ਼ਨਾਂ ਕਹਿ ਰਹੀਆਂ ਹਨ ਪਰ ਗ਼ਦਰੀ ਵਿਚਾਰਵਾਨ ਇਹ ਗੱਲ 1913 ਈ. ਦੇ ਆਸ ਪਾਸ ਕਹਿ ਰਹੇ ਸਨ। "ਅੱਜਕਲ੍ਹ ਰੇਲਾਂ, ਤਾਰਾਂ, ਹਵਾਈ ਜਹਾਜ਼ਾਂ ਨੇ ਦੁਨੀਆਂ ਨੂੰ ਇਕੱਠਾ ਕਰਕੇ ਇਕ ਬੜੇ ਸ਼ਹਿਰ ਵਾਂਗ ਬਣਾ ਦਿੱਤਾ ਹੈ।'' (ਗਦਰ ਲਹਿਰ ਦੀ ਵਾਰਤਕ, ਪੰਨਾ 673)। ਗਦਰੀਆਂ ਵੱਲੋਂ ਅਸਲੀ ਆਰਥਿਕ ਆਜ਼ਾਦੀ ਦੇ ਮਾਇਨੇ ਬਿਨਾਂ ਕਿਸੇ ਦੇ ਅਧੀਨ ਹੋਏ ਜ਼ਿੰਦਗੀ ਦੀਆਂ ਲੋੜਾਂ ਕਮਾਉਣ ਦੇ ਯੋਗ ਹੋਣਾ ਹੀ ਹੈ। ਇਸੇ ਨੂੰ ਸਹੀ ਆਜ਼ਾਦੀ ਮੰਨਿਆ ਗਿਆ ਹੈ। ਭਾਵ ਅੰਗਰੇਜ਼ਾਂ ਦੀ ਗ਼ੁਲਾਮੀ ਤੋਂ ਪਾਰ ਹੀ ਅਜਿਹਾ ਸੁਪਨਾ ਸਾਕਾਰ ਹੋਣ ਦੀ ਸੰਭਾਵਨਾ ਸੀ। ਆਪਣੇ ਸਮੇਂ ਬਸਤੀਵਾਦੀ ਨਿਜ਼ਾਮ ਨੂੰ ਧਿਆਨ ਵਿਚ ਰੱਖ ਕੇ ਹੀ ਗ਼ਦਰੀਆਂ ਦੀ ਇਹ ਸੋਚ ਬਣੀ ਸੀ ਕਿ "ਦੁਨੀਆਂ ਵਿਚ ਸਰਮਾਏ ਵਾਲੇ ਆਰਥਿਕ ਤੌਰ 'ਤੇ ਆਜ਼ਾਦ ਬਹੁਤ ਥੋੜ੍ਹੇ ਆਦਮੀ ਹਨ। ਜੋ ਆਰਥਿਕ ਤੌਰ 'ਤੇ ਆਜ਼ਾਦ ਹਜ਼ਾਰਾਂ ਦੀ ਗਿਣਤੀ ਵਿਚ ਹਨ ਤਾਂ ਆਰਥਿਕ ਗ਼ੁਲਾਮ ਕਰੋੜਾਂ ਦੀ ਗਿਣਤੀ ਵਿਚ ਹਨ। ਸਾਰੀ ਦੁਨੀਆਂ ਦੇ ਕਿਰਤੀ ਕਿਸਾਨ ਆਰਥਿਕ ਗ਼ੁਲਾਮ ਮਿੱਥੇ ਜਾਂਦੇ ਹਨ।'' ਗ਼ਦਰੀਆਂ ਦੀ ਸੋਚ ਉਪਰ ਮਾਰਕਸਵਾਦੀ ਪ੍ਰਭਾਵ ਹੋਰ ਵੀ ਸਪਸ਼ਟ ਹੋ ਜਾਂਦਾ ਹੈ ਜਦੋਂ ਉਹ ਕਹਿੰਦੇ ਹਨ ਕਿ ਦੁਨੀਆਂ ਵਿਚ ਅੱਸੀ ਡਾਲਰ ਵੀਹਾਂ ਆਦਮੀਆਂ ਵਿਚ ਵੰਡੇ ਹੋਏ ਹਨ ਅਤੇ ਬਾਕੀ ਵੀਹ ਡਾਲਰ ਅੱਸੀਆਂ ਵਿਅਕਤੀਆਂ ਵਿਚ ਤਕਸੀਮ ਹੋਏ ਹਨ। ਦਿਨ ਬ ਦਿਨ ਅਮੀਰ ਹੋਰ ਅਮੀਰ ਹੋ ਰਿਹਾ ਹੈ ਅਤੇ ਗਰੀਬ ਹੋਰ ਗਰੀਬ। ਅਮਰੀਕਾ ਆਦਿ ਰਾਜਨੀਤਿਕ ਆਜ਼ਾਦੀ ਵਾਲੇ ਦੇਸ਼ਾਂ ਵਿਚ ਵੀ ਲੋਕਾਂ ਦੀ ਬਹੁ-ਗਿਣਤੀ ਆਰਥਿਕ ਪੱਖੋਂ ਗ਼ੁਲਾਮ ਹੀ ਹੈ। ਆਰਥਿਕ ਆਜ਼ਾਦੀ ਆਮ ਜਨਤਾ ਲਈ ਸਭ ਤੋਂ ਪ੍ਰਮੁੱਖ ਹੈ ਜਿਸ ਨੂੰ ਗ਼ਦਰੀ ਵਿਚਾਰਵਾਨ ਚੰਗੀ ਤਰ੍ਹਾਂ ਸਮਝਦੇ ਸਨ। ਉਹ ਮੰਨਦੇ ਹਨ ਕਿ "ਆਰਥਿਕ ਆਜ਼ਾਦੀ ਤੋਂ ਬਿਨਾਂ ਆਮ ਜਨਤਾ ਸੁਖੀ ਨਹੀਂ ਹੋ ਸਕਦੀ। ਸਾਰੀ ਦੁਨੀਆਂ ਦੇ ਆਰਥਿਕ ਗੁਲਾਮ ਆਜ਼ਾਦੀ ਲਈ ਜੰਗ ਕਰ ਰਹੇ ਹਨ। ਹਿੰਦੁਸਤਾਨੀਆਂ ਦੀ ਆਜ਼ਾਦੀ ਦੀ ਜੰਗ ਦੁਨੀਆਂ ਦੇ ਇਸ ਮਹਾਂਜੰਗ ਦਾ ਇਕ ਹਿੱਸਾ ਹੈ।''

ਗ਼ਦਰੀ ਭਾਰਤ ਦੀ ਜਾਗੀਰਦਾਰੀ ਬਣਤਰ ਨੂੰ ਸਮਝਦੇ ਸਨ ਇਸ ਲਈ ਉਸ ਵਿਰੁੱਧ ਵੀ ਵਿਚਾਰਧਾਰਕ ਲੜਾਈ ਲੜ ਰਹੇ ਸਨ ਤੇ ਨਾਲ ਹੀ ਡੈਮੋਕਰੇਸੀ ਦੀ ਸਥਾਪਨਾ ਲਈ ਯਤਨਸ਼ੀਲ ਸਨ। ਉਹ ਭਵਿੱਖ ਵਿਚ ਰਿਆ-ਸਤਾਂ ਦੇ ਰੋਲ ਨੂੰ ਵੀ ਦੇਖ ਰਹੇ ਸਨ। ਇਕ ਥਾਂ ਉਹ ਲਿਖਦੇ ਹਨ ਕਿ 680 ਭਾਰਤੀ ਰਾਜਿਆਂ ਨੇ ਡੈਮੋਕਰੇਸੀ ਵਿਚ ਆਪਣਾ ਘਟੀਆ ਰੋਲ ਨਿਭਾਉਂਦਿਆਂ ਆਮ ਆਦਮੀ ਨੂੰ ਰਾਸ਼ਟਰਪਤੀ ਨਹੀਂ ਬਣਨ ਦੇਣਾ, ਇਸ ਲਈ ਉਹਨਾਂ ਨੂੰ ਲਾਂਭੇ ਕਰ ਦੇਣਾ ਚਾਹੀਦਾ ਹੈ। ਗ਼ਦਰੀਆਂ ਸਾਹਮਣੇ ਰਾਸ਼ਟਰਪਤੀ ਪ੍ਰਣਾਲੀ ਦੀ ਕਲਪਨਾ ਹੀ ਸੀ। ਉਹ ਉਸਨੂੰ ਪੰਚਾਇਤੀ ਰਾਜ ਨਾਲ ਜੋੜਦੇ ਸਨ, ਜਿਸ ਦੀਆਂ ਜੜ੍ਹਾਂ ਕਬੀਲਿਆਂ ਦੇ ਸਭਿਆਚਾਰ ਵਿਚ ਦੇਖੀਆਂ ਜਾ ਸਕਦੀਆਂ ਹਨ। ਉਹਨਾਂ ਦੀ ਸਮਝ ਸੀ ਕਿ, 'ਹਿੰਦੁਸਤਾਨ ਦੇ ਲੋਕਾਂ ਵਾਸਤੇ ਪਰਜਾ ਰਾਜ ਕੋਈ ਨਵੀਂ ਬਾਤ ਨਹੀਂ ਹੈ, ਸਗੋਂ ਪੰਚਾਇਤੀ ਰਾਜ ਹਿੰਦੁਸਤਾਨ ਵਿਚ ਬਹੁਤੀ ਦੇਰ ਤੋਂ ਫਲ ਫੁੱਲ ਚੁੱਕਾ ਹੈ। ਜਿਸ ਦੇ ਨਿਸ਼ਾਨ ਅੱਜ ਵੀ ਸਾਂਸੀਆਂ, ਭੀਲਾਂ ਅਤੇ ਕੀਕਨਾਂ ਵਿਚ ਪਾਏ ਜਾਂਦੇ ਹਨ, ਜੋ ਆਪਣੇ ਆਪਣੇ ਫੈਸਲੇ ਆਪਣੇ ਘਰ ਦੇ ਕੋਰਟਾਂ ਵਿਚ ਕਰ ਲੈਂਦੇ ਹਨ।'' ਉਹ ਮੰਨਦੇ ਸਨ ਕਿ ਰਾਜੇ ਦੇ ਰਾਜ ਨਾਲੋਂ ਪਰਜਾ ਰਾਜ (ਲੋਕ ਰਾਜ) ਵਿਚ ਵਧੇਰੇ ਕਾਮਯਾਬੀ ਹੈ ਕਿਉਂਕਿ ਇਯ ਨਾਲ ਲੋਕਾਂ ਨੂੰ ਹੱਕ ਪ੍ਰਾਪਤ ਹੁੰਦੇ ਹਨ। ਗ਼ਦਰੀ ਫਰਾਂਸ ਦੀ ਕ੍ਰਾਂਤੀ ਅਤੇ ਰੂਸੀ ਕ੍ਰਾਂਤੀ ਦੇ ਤਜਰਬਿਆਂ ਨੂੰ ਆਤਮਸਾਤ ਕਰਕੇ ਅਗਾਂਹ ਤੁਰਨ ਲਈ ਆਪਣੇ ਆਪ ਨੂੰ ਤਿਆਰ ਕਰ ਰਹੇ ਹਨ। ਇਹੀ ਅਸਲ ਸਮਝਦਾਰੀ ਦਾ ਤਕਾਜ਼ਾ ਵੀ ਸੀ। ਇਉਂ ਲੱਗਦਾ ਹੈ ਕਿ ਫਰਾਂਸ ਦੀ ਕ੍ਰਾਂਤੀ ਦਾ ਵਿਸ਼ਲੇਸ਼ਣ ਕਰਨ ਸਮੇਂ ਗ਼ਦਰੀ ਵਿਦਵਾਨਾਂ ਨੇ ਕਾਰਲ ਮਾਰਕਸ ਦੀ ਫਰਾਂਸ ਦੀ ਕ੍ਰਾਂਤੀ ਬਾਰੇ ਸਮਝ ਨੂੰ ਧਿਆਨ ਵਿਚ ਰੱਖਿਆ ਹੈ ਤਾਂ ਹੀ ਉਹ ਜਮਾਤੀ ਦ੍ਰਿਸ਼ਟੀ ਤੋਂ ਬੜੀ ਬਾਰੀਕੀ ਵਿਚ ਜਾ ਕੇ ਇਸ ਤੋਂ ਸਾਰਥਕ ਸਿੱਟੇ ਕੱਢਦੇ ਹਨ। ਇੱਥੇ ਜਾਗੀਰਦਾਰੀ ਦੀ ਹਾਰ ਤੇ ਸਰਮਾਏਦਾਰੀ ਦੀ ਜਿੱਤ ਹੁੰਦੀ ਹੈ। ਥੋੜ੍ਹੀ ਦੇਰ ਲਈ ਕਿਰਤੀ ਸੱਤਾ 'ਤੇ ਕਾਬਜ ਰਹਿੰਦੇ ਹਨ। ਕਿਰਤੀਆਂ ਦੀ ਹਾਰ ਦੇ ਕਾਰਨਾਂ ਨੂੰ ਵੀ ਵਿਸਤਾਰ ਵਿਚ ਵਿਚਾਰਿਆ ਗਿਆ ਹੈ। ਇਸ ਦੌਰਾਨ ਇਨਕਲਾਬੀਆਂ ਵੱਲੋਂ ਚਰਚ ਨਾਲ ਹੋਈ ਵਿਰੋਧਤਾ ਦਾ ਵੀ ਮੁਲਾਂਕਣ ਕੀਤਾ ਗਿਆ ਹੈ। ਇਨਕਲਾਬੀਆਂ ਨੇ ਤਰਕ ਨਾਲ ਚਰਚ ਦੀ ਪੋਲ ਖੋਲ੍ਹੀ, ਜੋ ਸੱਤਾ ਨਾਲ ਮਿਲਿਆ ਹੋਇਆ ਸੀ। ਫਰਾਂਸ ਵਿਚ ਨਵੀਂ ਸਰਕਾਰ ਨੇ ਕਿਰਤੀਆਂ ਵੱਲੋਂ ਹੜਤਾਲ ਕਰਨ ਉਪਰ ਪਾਬੰਦੀ ਲਾ ਦਿੱਤੀ। ਕਿਸਾਨਾਂ ਨੂੰ ਮੁਫ਼ਤ ਜ਼ਮੀਨ ਨਹੀਂ ਮਿਲੀ ਤੇ ਕਾਰਖਾਨੇ ਕਿਰਤੀਆਂ ਨੂੰ ਨਹੀਂ ਸੌਂਪੇ ਗਏ। ਮੁੱਲ ਜ਼ਮੀਨਾਂ ਲੈ ਕੇ ਕਿਸਾਨ ਸ਼ਾਂਤ ਹੋ ਗਏ। ਅਖੀਰ ਰਾਜਾ ਮੁੜ ਸਥਾਪਤ ਹੋਇਆ ਜਿਸ ਨੇ ਇਹ ਪ੍ਰਣ ਕੀਤਾ ਕਿ ਉਹ ਸਰਮਾਏਦਾਰਾਂ ਨੂੰ ਰਾਜਿਆਂ ਅਤੇ ਕਿਰਤੀਆਂ ਦੋਹਾਂ ਤੋਂ ਬਚਾਏਗਾ। ਗ਼ਦਰੀ ਸਮਝਦੇ ਸਨ ਕਿ ਰੂਸ ਵਿਚ ਅਗਵਾਈ ਕਿਉਂਕਿ ਕਿਰਤੀਆਂ ਕੋਲ ਸੀ ਇਸ ਲਈ ਉਹਨਾਂ ਦੇ ਸਰਮਾਏਦਾਰੀ ਵੱਲ ਮੁੜਨ ਦਾ ਕੋਈ ਕਾਰਨ ਨਹੀਂ ਹੈ। ਫਰਾਂਸ ਦੀ ਕ੍ਰਾਂਤੀ ਦੇ ਸਬਕ ਵੀ ਰੂਸੀਆਂ ਸਾਹਮਣੇ ਸਨ। 'ਇਸੇ ਕਰਕੇ ਸੋਵੀਅਤ ਦੇ ਕਿਰਤੀ, ਸੋਸ਼ਲਿਜ਼ਮ ਦੀ ਰਾਖੀ ਲਈ ਜ਼ਿਆਦਾ ਜੋਸ਼ ਨਾਲ ਲੜ ਸਕਦੇ ਹਨ।' ਗ਼ਦਰੀ ਰੂਸ ਦੇ ਸਿਧਾਂਤਾਂ ਅਤੇ ਵਿਹਾਰ ਨੂੰ ਬੜੀ ਉਤਸੁਕਤਾ ਅਤੇ ਆਸ਼ਾਵਾਦੀ ਦ੍ਰਿਸ਼ਟੀ ਤੋਂ ਦੇਖਦੇ ਸਨ। ਉਹ ਲਿਖਦੇ ਹਨ, "ਰੂਸ ਵਾਸੀਆਂ ਨੇ ਮਾਨੁਸ਼ ਦੀ ਜਾਤੀ ਦੇ ਆਧਾਰ ਹਿੱਤ (ਉਧਾਰ) ਨਵੇਂ ਖ਼ਿਆਲਾਤ, ਨਵੇਂ ਤਰੀਕੇ, ਨਵੇਂ ਅਸੂਲ, ਨਵੀਆਂ ਮੁਰਾਦਾਂ ਅਤੇ ਨਵੇਂ ਮਨਸੂਬੇ ਪੈਦਾ ਕਰ ਦਿੱਤੇ ਹਨ, ਉਨੀਵੀਂ ਸਦੀ ਵਿਚ ਮੁਲਕ ਰੂਸ ਵਿਚ ਅੰਧੇਰੇ ਜਗਤ ਵਿਚ ਰੌਸ਼ਨ ਚਿਰਾਗ ਦੀ ਤਰ੍ਹਾਂ ਚਮਕਦਾ ਹੈ।' ਗ਼ਦਰੀ ਲਿਖਤਾਂ ਵਿਚ ਉਨ੍ਹਾਂ ਦੇਸ਼ ਭਗਤਾਂ ਦੇ ਜੀਵਨ ਸਮਾਚਾਰ ਵਿਸ਼ੇਸ਼ ਤੌਰ 'ਤੇ ਮਿਲਦੇ ਹਨ ਜਿਹਨਾਂ ਤੋਂ ਗ਼ਦਰ ਲਹਿਰ ਵਿਚ ਉਤਸ਼ਾਹ ਮਿਲੇ। ਮਿਸਟਰ ਵਲਡ ਮਰ ਥੌਜੂਫ਼, ਸੂਫੀ ਪੀਰੂ ਸਕੀਆ, ਜ਼ਨੀਦਾ ਵਸੀਲੋਨਾ ਆਦਿ ਨਾਲ ਜੁੜੇ ਪ੍ਰੇਰਕ ਪ੍ਰਸੰਗਾਂ ਨੂੰ ਪ੍ਰਚਾਰਿਆ ਪ੍ਰਸਾਰਿਆ ਗਿਆ। ਜ਼ਨੀਦਾ ਵਸੀਲੋਨਾ ਉਸ ਸਰਕਾਰ ਦੇ ਨੁਮਾਇੰਦੇ ਰੂਸੀ ਜਰਨੈਲ ਦਾ ਕਤਲ ਕਰਦੀ ਹੈ ਜੋ ਗਰੀਬ ਬੱਚਿਆਂ ਨੂੰ ਉਹਨਾਂ ਦੀ ਮਾਂ ਬੋਲੀ ਤੋਂ ਵੀ ਵਾਂਝਿਆਂ ਕਰਦੀ ਹੈ। ਉਹ ਆਪ ਫਾਂਸੀ ਚੜ੍ਹਦੀ ਹੈ। ਉਸਦੇ ਅੰਤਿਮ ਸ਼ਬਦ ਭਾਵੁਕ ਕਰਨ ਵਾਲੇ ਹਨ ਕਿ, "ਮੇਰੇ ਪਾਸ ਇਸ ਵੇਲੇ ਸਿਰਫ ਇਕ ਜਾਨ ਹੀ ਹੈ, ਬੱਸ ਇਹੀ ਇਕ ਜਾਨ ਆਪਣੇ ਦੇਸ਼ ਹਿੱਤ ਕੁਰਬਾਨ ਕਰਦੀ ਹਾਂ।'' ਗ਼ਦਰੀਆਂ ਦੇ ਧਰਮ ਬਾਰੇ ਵਿਚਾਰਾਂ ਦਾ ਅਧਿਐਨ ਆਪਣੇ ਆਪ ਵਿਚ ਦਿਲਚਸਪ ਹੈ। ਉਹ ਸਭ ਤੋਂ ਪਹਿਲਾਂ ਧਰਮ ਅਤੇ ਮਜ਼ਹਬ ਵਿਚ ਅੰਤਰ ਕਰਨ ਉਪਰ ਜ਼ੋਰ ਦਿੰਦੇ ਹਨ। ਉਹਨਾਂ ਅਨੁਸਾਰ ਧਰਮ ਸਦਾਚਾਰਕ ਉਨਤੀ ਦਾ ਕਾਰਨ ਬਣ ਸਕਦਾ ਹੈ ਪਰ ਇਸ ਨਾਲ ਗਿਆਨ ਦਾ ਹੋਣਾ ਵੀ ਜ਼ਰੂਰੀ ਹੈ। ਗਿਆਨ ਦਾ ਮਜ਼ਹਬ (ਸੰਪ੍ਰਦਾਇਕਤਾ) ਨਾਲ ਕੋਈ ਵਾਸਤਾ ਨਹੀਂ। ਕਿੰਨੇ ਵੀ ਮਜ਼ਹਬ ਵਿਚ ਗਿਆਨੀ ਹੋਣ ਜੇ ਉਹ ਇੰਜੀਨੀਅਰਿੰਗ ਅਤੇ ਰਾਜਨੀਤੀ ਨਹੀਂ ਜਾਣਦੇ ਭਾਵ ਗਿਆਨੀ ਨਹੀਂ ਤਾਂ ਸਭ ਕੁਝ ਵਿਅਰਥ ਹੈ। ਸਾਰੇ ਮਹਾਤਮਾ ਧਰਮ ਅਤੇ ਸਦਾਚਾਰ ਉਪਰ ਬਰਾਬਰੀ ਜ਼ੋਰ ਦਿੰਦੇ ਹਨ, ਪ੍ਰੰਤੂ ਮਤ ਜਾਂ ਮਜ਼ਹਬ ਇਕ ਨਹੀਂ ਹੋ ਸਕਦੇ। ਹਿੰਦੁਸਤਾਨ ਵਿਚ ਧਰਮ ਅਤੇ ਮਜ਼ਹਬ ਵਿਚ ਹਮੇਸ਼ਾ ਅੰਤਰ ਮੰਨਿਆ ਗਿਆ ਹੈ। ਧਰਮ ਸਦਾਚਾਰ ਹੈ ਪਰ ਮਜ਼ਹਬ ਮੰਤਰਾਂ ਆਦਿ ਉਪਰ ਆਧਾਰਿਤ ਹੈ। ਗ਼ਦਰੀਆਂ ਦਾ ਆਪਣੇ ਵੇਲੇ ਦੇ ਅਨੇਕ ਸੰਪ੍ਰਦਾਵਾਂ ਨਾਲ ਵਿਰੋਧ ਰਿਹਾ ਹੈ। ਦੇਸ਼ ਪ੍ਰੇਮ ਲਈ ਵੇਦਾਂਤ ਦਾ ਸਹਾਰਾ ਲਿਆ ਗਿਆ, ਗਾਇਤ੍ਰੀ ਜਾਪ ਨੂੰ ਸਹਾਰਾ ਬਣਾਇਆ ਗਿਆ, ਕੋਈ ਪੱਛਮੀ ਸਾਹਿਤ ਨਾਲ ਭਰਪੂਰ ਹੈ, ਕੋਈ ਰਸਮਾ ਰਿਵਾਜ਼ਾਂ ਨੂੰ ਹੀ ਦੇਸ਼ ਪ੍ਰੇਮ ਮੰਨਦਾ ਹੈ। ਕੋਈ ਗਣੇਸ਼ ਜਾਂ ਕਾਲੀ ਦਾ ਭਗਤ ਹੈ। ਉਨੀਵੀਂ ਸਦੀ ਵਿਚ ਅਜਿਹੀਆਂ ਲਹਿਰਾਂ ਨਾਲ ਜੁੜੇ ਲੋਕ ਸਾਰੇ ਦੇਸ਼

(ਬਾਕੀ ਅਗਲੇ ਅੰਕ ਵਿਚ)

# ਗਦਰ ਲਹਿਰ ਦੀ ਵਿਚਾਰਧਾਰਕ ਪ੍ਰਸੰਗਿਕਤਾ

ਵਿਚ ਫੈਲੇ ਹੋਏ ਸਨ। ਗ਼ਦਰੀ ਇਨ੍ਹਾਂ ਸਾਰੇ ਮੱਤਾਂ ਨਾਲ ਸਹਿਮਤੀ ਨਹੀਂ ਰੱਖਦੇ। ਉਨ੍ਹਾਂ ਲਈ ਇਹ, 'ਸਭ ਦੇਸ਼ ਭਗਤ ਬਣੇ ਫਿਰਦੇ ਹਨ। ਪਰ ਆਦਮੀ ਪਹਿਲੇ ਬਹੁਤ ਘੱਟ ਬਣਦੇ ਹਨ। ਝੂਠ ਨਾਲ ਧਰਮ ਸਿੱਧ ਕਰਨਾ, ਇਹਨਾਂ ਜਾਚੇ ਇਹਨਾਂ ਅਕਲਮੰਦ ਹਿੰਦੀਆਂ ਨੂੰ ਸੁੱਝੀ ਹੈ। ਸਿੱਧਾ ਰਸਤਾ ਬੜਾ ਟੇਢਾ ਮਾਲੂਮ ਹੁੰਦਾ ਹੈ ਅਤੇ ਚਾਲਬਾਜ਼ੀ ਇਹਨਾਂ ਨੂੰ ਮੁਕਤੀ ਦੇਣ ਵਾਸਤੇ ਅਤਿਅੰਤ ਜ਼ਰੂਰੀ ਮਾਲੂਮ ਹੁੰਦੀ ਹੈ।'

ਮਜ਼ਹਬ ਜਾਂ ਮਤ ਦੀ ਇਕ ਵਿਸ਼ੇਸ਼ਤਾ ਇਹ ਹੁੰਦੀ ਹੈ ਕਿ ਉਹ ਆਪਣੇ ਮਤ ਨੂੰ ਅੰਤਿਮ ਅਤੇ ਮੁਕਤੀ ਦਾ ਦਸੇਰਾ ਮੰਨਦਾ ਹੈ ਪਰ ਗ਼ਦਰੀ ਯਥਾਰਥਵਾਦੀ ਹਨ। ਉਹਨਾਂ ਅਨੁਸਾਰ ਹਰ ਮਜ਼ਹਬ ਤੇ ਫਿਰਕੇ ਵਿਚ ਚੰਗੇ ਵਿਅਕਤੀ ਵੀ ਹੋ ਸਕਦੇ ਹਨ ਅਤੇ ਮੰਦੇ ਵੀ। ਉਹਨਾਂ ਅਨੁਸਾਰ ਕਿਸੇ ਇਕ ਮਜ਼ਹਬ ਜਾਂ ਮਤ ਨੇ ਪ੍ਰੇਮ ਅਤੇ ਸੱਚਾਈ ਦਾ ਠੇਕਾ ਨਹੀਂ ਲਿਆ ਹੋਇਆ। "ਸੱਚੇ ਆਦਮੀ ਅਸੀਂ ਸਭ ਜਗ੍ਹਾ ਡਿੱਠੇ ਹਨ ਅਤੇ ਬੁਰੇ ਝੂਠੇ ਵੀ ਸਾਰੇ ਮਜ਼ਹਬਾਂ ਵਿਚ ਦੇਖੇ ਗਏ ਹਨ। ਇਮਾਨਦਾਰੀ ਵੀ ਸਾਰੇ ਸਮਾਜਾਂ ਵਿਚ ਮਿਲੀ ਅਤੇ ਬੇਈਮਾਨੀ ਵੀ। ਉਪਕਾਰ ਕਰਨ ਵਾਲੇ ਆਦਮੀ ਵੀ ਸਾਰੇ ਪੰਥਾਂ ਵਿਚ ਮੌਜੂਦ ਹਨ। ਪਰ ਦੂਸਰੇ ਨੂੰ ਦੇਖ ਕੇ ਸੜਨ ਵਾਲੇ ਖੁਦਗਰਜ਼ ਕਮੀਨੇ ਲੀਡਰ (ਪੜਪੈਂਚ) ਵੀ ਸਾਰਿਆਂ ਮਤਾਂ ਵਿਚ ਰਹਿੰਦੇ ਹਨ। ਪ੍ਰੇਮੀ ਤੇ ਦਾਤਾ, ਜ਼ਿਆਦਾ ਬੋਲਣ ਵਾਲੇ ਜਥੇਦਾਰ ਵੀ ਸਾਰੇ ਪੰਥਾਂ ਵਿਚ ਦਿਸਦੇ ਹਨ।'' ਇਹਨਾਂ ਕਥਨਾਂ ਵਿਚ ਗ਼ਦਰੀਆਂ ਦਾ ਅੰਤਰ ਰਾਸ਼ਟਰੀ ਅਨੁਭਵ ਬੋਲਦਾ ਹੈ ਜੋ ਖੂਹ ਦੇ ਡੱਡੂਆਂ ਨੂੰ ਕਦੇ ਵੀ ਰਾਸ ਨਹੀਂ ਸੀ ਆ ਸਕਦਾ। ਗ਼ਦਰੀ ਲੰਬੀ ਸੋਚ ਵਿਚਾਰ ਬਾਅਦ ਇਕ ਨਤੀਜੇ ਤੇ ਪਹੁੰਚਦੇ ਹਨ ਕਿ 'ਮਤ ਵਰਗੀ ਬੋਡੀ ਖੋਖਲੀ ਅਤੇ ਬਦਲਣ ਵਾਲੀ ਦਜ਼ਰਦੀ (?) ਪਰ ਸਮਾਜਿਕ ਸੁਖ ਅਤੇ ਏਕਾ ਵੀ ਕਦੀ ਕਾਇਮ ਨਹੀਂ ਹੋ ਸਕਦਾ।' ਇਸੇ ਲਈ ਕਿਸੇ ਵੀ ਤਰ੍ਹਾਂ ਦੇ ਮਜ਼ਹਬੀ ਕਾਰਜਾਂ ਨੂੰ ਗ਼ਦਰੀ ਪ੍ਰਵਾਨ ਨਹੀਂ ਕਰਦੇ। ਮਜ਼ਹਬ ਜਾਂ ਮਤ ਨੂੰ ਨਿੱਜੀ ਮਸਲਾ ਮੰਨ ਕੇ ਤੱਤ ਕੱਢਿਆ ਹੈ ਕਿ, "ਮਤ ਜਾਂ ਮਜ਼ਹਬ ਨੂੰ ਕਦੇ ਵੀ ਜ਼ਰੂਰੀ ਜਾਂ ਵੱਡੀ ਚੀਜ਼ ਖਿਆਲ ਨਹੀਂ ਕਰਨਾ ਚਾਹੀਦਾ। ਮਤ ਦੇ ਵਾਸਤੇ ਸਭ ਜਾਂ ਸਮਾਜ ਬਣਾਉਣੀ ਬੜੀ ਭਾਰੀ ਬੇਵਕੂਫੀ ਹੈ।''

ਗ਼ਦਰੀਆਂ ਨੇ ਧਰਮ ਪਰਿਵਰਤਨ ਉਪਰ ਵੀ ਆਪਣੇ ਵਿਚਾਰ ਦਿੱਤੇ ਹਨ। ਅਜਿਹੇ ਪਰਿਵਰਤਨ ਨੂੰ ਗ਼ਦਰੀ ਵਿਚਾਰਵਾਨ ਕਰੜੇ ਸ਼ਬਦਾਂ ਵਿਚ ਨਿੰਦਦੇ ਹਨ। ਅਗਰ ਇਕ ਆਦਮੀ ਆਪਣੇ ਮਜ਼ਹਬ ਵਿਚੋਂ ਨਿਕਲ ਕੇ ਦੂਜੇ ਮਤ ਵਿਚ ਦਾਖਲ ਹੋ ਜਾਵੇ ਤਾਂ ਕੀ ਉਹ ਵੱਡਾ ਰਿਸ਼ੀ ਮੁਨੀ ਡਾਕਟਰ ਬਣ ਸਕਦਾ ਹੈ? ਕੀ ਕਾਲ, ਪਲੇਗ, ਮਲੇਰੀਆ, ਗਰੀਬੀ ਨੂੰ ਦੂਰ ਕਰ ਸਕਦਾ ਹੈ? ਮਗਰ ਮਤ ਦੇ ਅੰਨ੍ਹੇ ਆਦਮੀ ਨੂੰ ਉਲਟਾ ਹੀ ਨਜ਼ਰ ਆਉਂਦਾ ਹੈ।'' ਗਊ ਹੱਤਿਆ ਦੇ ਵਿਰੋਧ ਵਿਚ ਕੀਤੇ ਯਤਨਾਂ ਨੂੰ ਵੀ ਗ਼ਦਰੀ ਬਹੁਤਾ ਮਹੱਤਵ ਨਹੀਂ ਦਿੰਦੇ ਕਿਉਂਕਿ ਉਹਨਾਂ ਅਨੁਸਾਰ, "ਹਿੰਦੂਆਂ ਵਿਚ ਤਾਂ ਗਊ ਹੱਤਿਆ ਹੁੰਦੀ ਹੀ ਨਹੀਂ। ਦੂਜੀਆਂ ਕੌਮਾਂ ਤੇ ਇਹਨਾਂ ਦਾ ਕੋਈ ਜ਼ੋਰ ਨਹੀਂ ਚੱਲ ਸਕਦਾ।'' ਇਹਨਾਂ ਯਤਨਾਂ ਦੀ ਥਾਂ ਪਹਿਲ ਮਨੁੱਖੀ ਹੱਕਾਂ ਨੂੰ ਮਿਲਣੀ ਚਾਹੀਦੀ ਹੈ। ਇਉਂ ਹਿੰਦੂਆਂ ਦੀ ਲੜਾਈ ਅੰਗਰੇਜ਼ਾਂ ਦੇ ਖ਼ਿਲਾਫ਼ ਸੇਧਿਤ ਹੋਣ ਦੀ ਬਜਾਏ ਮੁਸਲਮਾਨਾਂ ਵੱਲ ਸੇਧਿਤ ਹੋ ਜਾਂਦੀ ਹੈ। ਆਪਣਿਆਂ ਵੱਲ। "ਜੋ ਅੰਗਰੇਜ਼ ਹਿੰਦੁਸਤਾਨ ਵਿਚੋਂ ਗਊ ਦਾ ਮਾਸ 9 ਕਰੋੜ72 ਲੱਖ ਰੁਪਏ (ਅੰਕੜਾ ਇਕ ਸਦੀ ਪਹਿਲਾਂ ਦਾ ਹੈ, ਅੱਜ ਇਹ ਕੀਮਤ ਅਰਬਾਂ ਵਿਚ ਬਣੇਗੀ) ਇਕ ਸਾਲ ਦਾ ਵਿਦੇਸ਼ਾਂ ਵਿਚ ਵੱਢ ਕੇ ਲੈ ਜਾਂਦੇ ਹਨ ਉਸਦੇ ਵਿਰੁੱਧ ਕੋਈ ਚੂੰ ਤੱਕ ਨਹੀਂ ਕਰਦਾ। ਹਰ ਰੋਜ਼ ਗਊ ਅਤੇ ਸੂਰ ਦੇ ਝਗੜੇ ਪਿੱਛੇ ਹਜ਼ਾਰਾਂ ਹਿੰਦੂ ਮੁਸਲਮਾਨ ਕੱਟ ਕੱਟ ਕੇ ਮਰ ਰਹੇ ਹਨ।''

ਗ਼ਦਰੀ ਕੌਮੀ ਸ਼ਹੀਦਾਂ ਨੂੰ ਸਮੁੱਚੀ ਕੌਮ ਦਾ ਸਰਮਾਇਆ ਮੰਨਦੇ ਹਨ ਕਿਉਂਕਿ ਉਹਨਾਂ ਨੇ ਸਾਰੀ ਹਿੰਦੁਸਤਾਨੀ ਕੌਮ ਲਈ ਕੁਰਬਾਨੀ ਕੀਤੀ ਹੈ। ਆਪਣੇ ਜਾਤੀ ਫਾਇਦੇ ਲਈ ਇਹ ਕੁਰਬਾਨੀ ਨਹੀਂ ਕੀਤੀ ਹੈ।'' ਅੰਗਰੇਜ਼ਾਂ ਦੁਆਰਾ ਕੀਤੀਆਂ ਗਈਆਂ ਕਾਨਫਰੰਸਾਂ ਵਿਚ ਜਿਵੇਂ ਫਿਰਕਿਆਂ ਦੇ ਆਧਾਰ ਤੇ ਹਿੱਸਾ ਲੈਣ ਵਾਲਿਆਂ ਦੀ ਚੋਣ ਕੀਤੀ ਜਾਂਦੀ ਸੀ, ਉਸਨੂੰ ਸੰਪ੍ਰਦਾਇਕ ਹੋਣ ਕਾਰਨ ਗ਼ਦਰੀ ਵਿਅੰਗ ਨਾਲ ਵੇਖਦੇ ਸਨ, ਕਿਉਂਕਿ ਉਹ ਸਮਝਦੇ ਸਨ ਕਿ ਇਸ ਤਰ੍ਹਾਂ ਫਿਰਕਿਆਂ ਵਿਚ ਹੋਰ ਝਗੜੇ ਵਧਣਗੇ। "ਇਹ (ਹਿੱਸਾ ਲੈਣ ਵਾਲੇ) ਸਾਰੇ ਹੀ ਝੋਲੀ ਚੁੱਕ ਫਿਰਕਿਆਂ ਤੇ ਇਲਾਕਿਆਂ ਦੇ ਫ਼ਰਕਾਂ ਨਾਲ ਇਸ ਤਰ੍ਹਾਂ ਛਾਂਟੇ ਹਨ ਕਿ ਉਮੀਦ ਇਹ ਹੈ ਕਿ ਫਿਰਕੇਬਾਜ਼ੀਆਂ ਵਿਚ ਸਿੰਗ ਫਸਾ ਕੇ ਦੁਨੀਆਂ ਤੋਂ ਹਿੰਦ ਨੂੰ ਟਿੱਚਰਾਂ ਕਰਾਉਣ ਜਾਣਗੇ ਅਤੇ ਇਸ ਤਰ੍ਹਾਂ ਅੰਗਰੇਜ਼ ਦਾ ਬੁੱਥਾ ਸਾੜਨਗੇ।'' ਗ਼ਦਰੀਆਂ ਦੀ ਸਮਝ ਸਾਫ ਸੀ ਕਿ ਹਕੂਮਤ ਗ਼ੁਲਾਮਾਂ ਦੇ ਮਜ਼ਹਬ ਨੂੰ ਆਪਣੇ ਮਤਲਬ ਲਈ ਵਰਤਦੀ ਹੈ। ਮਹਾਂ ਯੁੱਧ ਵਿਚ ਅੰਗਰੇਜ਼ਾਂ ਨੇ ਸਾਰੇ ਹਿੰਦੁਸਤਾਨੀ ਮਜ਼ਹਬਾਂ ਦੇ ਪੁਜਾਰੀਆਂ ਪਾਸੋਂ 'ਗੁੱਝੇ ਜ਼ੋਰ' ਨਾਲ ਅਰਦਾਸਾਂ ਕਰਵਾ ਲਈਆਂ ਸਨ। ਗ਼ਦਰੀਆਂ ਦੇ ਧਾਰਮਿਕ ਅਸੂਲ ਗਰੀਬ ਪੱਖੀ ਅਤੇ ਗਿਆਨ ਪੱਖੀ ਦਿਸ ਆਉਂਦੇ ਹਨ ਜਦੋਂ ਉਹ ਕਹਿੰਦੇ ਹਨ, "ਅਗਰ ਇਕ ਅਮੀਰ ਇਕ ਲੱਖ ਰੁਪਿਆ ਦਾਨ ਕਰਦਾ ਹੈ ਅਤੇ ਇਕ ਗਰੀਬ ਵਿਦਵਾਨ ਇਕ ਪੁਰਸ਼ ਨੂੰ ਇਕ (ਆਜ਼ਾਦੀ ਦਾ) ਅਸੂਲ ਸਮਝਾ ਦਿੰਦਾ ਹੈ ਤਾਂ ਗਰੀਬ ਬੜਾ ਦਾਨੀ ਹੈ। ਇਨ੍ਹਾਂ ਮਹਾਨ ਤੱਛਾਂ ਦੀ ਇਹ ਮਹਾਨ ਉਪਮਾ ਹੈ।''

ਗ਼ਦਰੀ ਜਦੋਂ ਆਤਮਾ ਜਗਾਉਣ ਦੀ ਗੱਲ ਕਰਦੇ ਹਨ ਤਾਂ ਉਹ ਇਕ ਅਜਿਹੀ ਸ਼ਕਤੀ ਨੂੰ ਜਗਾਉਣ ਦੀ ਗੱਲ ਕਰਦੇ ਹਨ ਜੋ ਧਰਮ ਅਤੇ ਅਧਰਮ ਵਿਚ ਅੰਤਰ ਕਰ ਸਕਦੀ ਹੈ। ਇਸ ਸ਼ਕਤੀ ਨੂੰ ਰਾਜ, ਹਾਕਮ, ਸਿਪਾਹੀ ਅਤੇ ਜਾਸੂਸ ਦਾ ਡਰ ਮਾਰਦਾ ਹੈ। ਸਰਕਾਰ ਦਾ ਡਰ ਇਸਨੂੰ ਕੁਚਲਦਾ ਹੈ। ਗ਼ਦਰੀ ਇਸ ਤਰ੍ਹਾਂ ਦੇ ਸਾਰੇ ਡਰਾਂ ਤੋਂ ਆਤਮਾ ਨੂੰ ਆਜ਼ਾਦ ਕਰਨਾ ਚਾਹੁੰਦੇ ਸਨ ਤਾਂ ਕਿ ਨਿਡਰ ਹੋ ਕੇ ਅੰਗਰੇਜ਼ ਸਰਕਾਰ ਨਾਲ ਸੰਘਰਸ਼ ਕੀਤਾ ਜਾ ਸਕੇ। ਬਗੈਰ ਗਿਆਨ ਦੇ ਅਜਿਹੀ ਸ਼ਕਤੀ ਦੁਚਿੱਤੀ ਵਿਚ ਰਹਿੰਦੀ ਹੈ। ਗਿਆਨ ਸੋਚ ਅਤੇ ਆਤਮਿਕ ਤਾਕਤ ਮਨੁੱਖ ਨੂੰ ਉਨਤੀ ਵੱਲ ਲਿਜਾ ਸਕਦੀ ਹੈ।

ਆਜ਼ਾਦੀ ਦੀ ਲੜਾਈ ਸਮੇਂ ਸਿੱਖ ਰਾਜਿਆਂ ਨੂੰ ਆਦਰਸ਼ਿਆ ਕੇ ਪੇਸ਼ ਕੀਤਾ ਜਾਂਦਾ ਸੀ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਨੂੰ ਵੀ ਸਿੱਖ ਆਪਣਾ ਰਾਜ ਕਹਿ ਕੇ ਬੀਤੇ ਦੀ ਹਾਰ ਨੂੰ ਭੁਲਾਉਣ ਦਾ ਯਤਨ ਕਰਦੇ ਸਨ। ਗ਼ਦਰੀ ਵਿਚਾਰਧਾਰਾ ਰਾਜਿਆਂ ਜਾਗੀਰਦਾਰਾਂ ਦਾ ਲਗਾਤਾਰ ਵਿਰੋਧ ਕਰਦੀ ਸੀ। ਗ਼ਦਰੀ, ਸਿੱਖ ਸਿਧਾਂਤ ਵਿਚ ਰਾਜੇ ਤੇ ਬ੍ਰਾਹਮਣ ਦੀ ਮਾਨਤਾ ਨੂੰ ਹੀ ਪ੍ਰਵਾਨ ਨਹੀਂ ਸਨ ਕਰਦੇ, ਉਹਨਾਂ ਅਨੁਸਾਰ ਤਾਂ, "ਸਿੱਖ ਇਹ ਨਹੀਂ ਸਮਝਦੇ ਕਿ ਸਿੱਖ ਰਾਜੇ ਇਕ ਬੇਮਾਅਨੀ ਸ਼ਬਦ ਹੈ। ਸਿੱਖ ਧਰਮ ਵਿਚ ਰਾਜਾ ਅਤੇ ਬ੍ਰਾਹਮਣ ਦੋਵੇਂ ਹੀ ਨਾਮੁਮਕਿਨ ਹਨ। ਮੁਲਕੀ ਅਤੇ ਮਜ਼ਹਬੀ ਗੁਰੂਡਮ ਦੋਹਾਂ ਦੇ ਵਿਰੁੱਧ ਗੁਰੂ ਗੋਬਿੰਦ ਸਿੰਘ ਜੀ ਨੇ ਜ਼ਬਰਦਸਤ ਤਹਿਰੀਕ ਜਾਰੀ ਕੀਤੀ, ਮਜ਼ਹਬੀ ਖਿਆਲ ਦੇ ਲਿਹਾਜ਼ ਨਾਲ ਥੋੜ੍ਹੀ ਬਹੁਤ ਕਾਮਯਾਬੀ ਹੋਈ ਮਗਰ ਗੁਰੂਡਮ ਨਾ ਨਿਕਲੀ ਅਤੇ ਮਹਾਰਾਜਾ ਰਣਜੀਤ ਸਿੰਘ ਨੇ ਦਰਸ਼ਨ ਆ ਦਿੱਤੇ।'' ਰਿਆਸਤ, ਪੰਥ ਅਤੇ ਸੰਪ੍ਰਦਾਇ ਵਿਚ ਗ਼ਦਰੀਆਂ ਅਨੁਸਾਰ , 'ਗੁਲਾਮੀ ਦੇ ਅਸੂਲ ਸਿਰ ਮੱਥੇ ਨਾਲ ਮੰਨੇ ਜਾਂਦੇ ਹਨ' ਅਤੇ ਗ਼ਦਰੀ ਗੁਲਾਮੀ ਨੂੰ ਬੇਹੱਦ ਨਫ਼ਰਤ ਕਰਦੇ ਸਨ। ਗਦਰੀ 'ਗੁਰੂ ਬਿਨ ਗਤਿ ਨਹੀਂ' ਦੇ ਵਿਚਾਰ ਨੂੰ ਵੀ ਖ਼ਤਰਨਾਕ ਮੰਨਦੇ ਸਨ ਕਿਉਂਕਿ ਗੁਰੂ ਆਪਣੇ ਹੁਕਮ ਉਪਰ ਬਿਨਾਂ ਸੋਚੇ ਸਮਝੇ ਅਮਲ ਕਰਨ ਦੀ ਮੰਗ ਕਰਦਾ ਹੈ। ਗ਼ਦਰੀ ਦਸਤਾਵੇਜ਼ਾਂ ਵਿਚ ਭਾਸ਼ਾ ਦੇ ਮਸਲੇ ਉਪਰ ਵੀ ਵਿਚਾਰ ਕੀਤਾ ਗਿਆ ਹੈ। ਗ਼ਦਰੀਆਂ ਦੀ ਸਮੁੱਚੀ ਸਮਝ ਇਹ ਸੀ ਕਿ ਲੋਕਾਂ ਤੱਕ ਪਹੁੰਚ ਕਰਨ ਲਈ ਉਹਨਾਂ ਦੀ ਭਾਸ਼ਾ ਨੂੰ ਹੀ ਅਪਣਾਉਣਾ ਪਵੇਗਾ। ਇਸੇ ਲਈ ਉਹਨਾਂ ਵੱਲੋਂ ਗਦਰ ਅਖ਼ਬਾਰ ਗੁਰਮੁਖੀ, ਉਰਦੂ ਅਤੇ ਅੰਗਰੇਜ਼ੀ ਆਦਿ ਵਿਚ ਕੱਢਿਆ ਗਿਆ। ਜਦੋਂ ਪਰਚੇ ਨੇ ਪੰਜਾਬੀ ਬੋਲੀ ਅਤੇ ਗੁਰਮੁਖੀ ਉਪਰ ਜ਼ੋਰ ਦਿੱਤਾ ਤਾਂ ਕੈਨੇਡਾ, ਅਮਰੀਕਾ ਦੇ ਗੁਰਦੁਆਰਿਆਂ ਵੱਲੋਂ ਗ਼ਦਰ ਅਖ਼ਬਾਰ ਪੜ੍ਹਨ ਦਾ ਹੁਕਮਨਾਮਾ ਜਾਰੀ ਕੀਤਾ ਗਿਆ। 'ਪੰਜਾਬੀ ਹਿੰਦੂਆਂ ਅਤੇ ਮੁਸਲਮਾਨਾਂ ਨੇ ਵੀ 'ਗ਼ਦਰ' ਪੜ੍ਹਨ ਲਈ ਪੰਜਾਬੀ ਸਿੱਖੀ।' ਗ਼ਦਰੀ ਇਸ ਸੱਚ ਨੂੰ ਜਾਣਦੇ ਸਨ ਕਿ ਜਿਸ ਦਾ ਰਾਜ ਹੁੰਦਾ ਹੈ ਭਾਸ਼ਾ ਵੀ ਉਸੇ ਦੀ ਹੀ ਹੁੰਦੀ ਹੈ। ਹਿੰਦੂ ਅਤੇ ਮੁਸਲਮਾਨਾਂ ਦੇ ਹਿੰਦੀ ਅਤੇ ਉਰਦੂ ਭਾਸ਼ਾ ਦੇ ਵਿਵਾਦ ਨੂੰ ਇਸੇ ਲਈ ਗ਼ਦਰੀਆਂ ਨੇ ਫਾਲਤੂ ਕਰਾਰ ਦਿੱਤਾ ਕਿਉਂਕਿ ਇਹ ਦੋਵੇਂ ਫਿਰਕੇ ਸਾਂਝੀ ਦੁਸ਼ਮਣ ਭਾਸ਼ਾ ਅੰਗਰੇਜ਼ੀ ਉਪਰ ਉਂਗਲੀ ਤੱਥ ਨਹੀਂ ਸੀ ਉਠਾਉਂਦੇ। ਗ਼ਦਰੀ ਕਿਸੇ ਭਾਸ਼ਾ ਵਿਚ ਲਿਖ ਰਹੇ ਸਨ ਉਹਨਾਂ ਦਾ ਬਲ ਆਜ਼ਾਦੀ ਅਤੇ ਬਰਾਬਰੀ ਉਪਰ ਹੀ ਸੀ। ਉਹਨਾਂ ਦਾ ਨਾਅਰਾ ਸੀ ਕਿ 'ਅਗਰ ਹਿੰਦੀ ਉਰਦੂ ਨਾਲ ਪ੍ਰੇਮ ਕਰਨਾ ਚਾਹੁੰਦੇ ਹੋ ਤਾਂ ਗ਼ਦਰੀ ਪਾਰਟੀ ਨਾਲ ਮਿਲ ਜਾਓ।'

ਗ਼ਦਰੀ ਸੰਪ੍ਰਦਾਇਕ ਵਖਰੇਵਿਆਂ ਦੇ ਨਾਲ ਨਾਲ ਹਰ ਤਰ੍ਹਾਂ ਦੇ ਉਨ੍ਹਾਂ ਕਾਰਜਾਂ ਨਾਲ ਵੀ ਸਹਿਮਤ ਨਹੀਂ ਸਨ ਜੋ ਆਜ਼ਾਦੀ ਦੇ ਰਾਹ ਵਿਚ ਰੋੜੇ ਅਟਕਾਉਂਦੇ ਸਨ। ਉਹਨਾਂ ਦਾ ਹਿੰਦੁਸਤਾਨ ਦੇ ਬੱਤੀ ਕਰੋੜ ਲੋਕਾਂ ਲਈ ਇਹ ਹੋਕਾ ਹੈ ਕਿ "ਸਾਰੀਆਂ, ਨਿੱਕੀਆਂ ਮੋਟੀਆਂ ਸਭਾ ਸੁਸਾਇਟੀਆਂ, ਸਮਾਜਾਂ, ਅੰਜਮਨਾਂ, ਲੀਗ ਸਭਾਵਾਂ, ਝਗੜੇ-ਬਖੇੜੇ, ਸ਼ਾਸਤਰ, ਗ੍ਰੰਥ, ਸ਼ਾਸਤਰਾਰਥ ਧਰਮ, ਧਰਮ ਉਪਦੇਸ਼ਕ, ਪੰਡਿਤ, ਮੌਲਵੀ, ਗ੍ਰੰਥੀ, ਬੈਰਾਗੀ, ਸੰਨਿਆਸੀ ਨੂੰ ਛੱਡ ਕੇ'' ਇਨਕਲਾਬੀ ਕਾਰਜਾਂ ਨਾਲ ਜੁੜੋ। ਉਹਨਾਂ ਦੇ ਇਸ ਹੋਕੇ ਵਿਚ ਉਨੀਵੀਂ ਸਦੀ ਦੇ ਆਰੰਭ ਦੀ ਪੰਜਾਬ ਦੀ ਤਸਵੀਰ ਵੀ ਸਾਹਮਣੇ ਹੈ, ਜਿਸ ਵਿਚ ਆਪਾ-ਧਾਪੀ, ਲਹਿਰਾਂ ਦੀ ਖਹਿਬਾਜ਼ੀ ਸਭ ਕੁਝ ਸ਼ਾਮਲ ਹੈ। ਨਾਲ ਹੀ ਗ਼ਦਰੀ ਕਿਸੇ ਇਕ ਫਿਰਕੇ ਨੂੰ ਸੰਬੋਧਿਤ ਨਹੀਂ ਸਨ। ਉਹ ਹਿੰਦੂ ਮੁਸਲਿਮ ਅਤੇ ਸਿੱਖਾਂ ਦੁਆਰਾ ਚਲਾਈਆਂ ਲਹਿਰਾਂ ਨੂੰ ਸੰਬੋਧਿਤ ਸਨ। ਇਹ ਗੱਲ ਹਮੇਸ਼ਾ ਯਾਦ ਰੱਖਣ ਵਾਲੀ ਹੈ।

ਗ਼ਦਰੀਆਂ ਵੱਲੋਂ ਲਿਖੇ 'ਨਵਾਂ ਜ਼ਮਾਨਾ' ਨਾਮ ਦੇ ਕਿਤਾਬਚੇ ਵਿਚ ਰਾਜਨੀਤਿਕ ਅਤੇ ਸੁਧਾਰਕ ਲਹਿਰਾਂ ਦਾ ਵਿਸ਼ਲੇਸ਼ਣ ਹੈ। ਖ਼ਾਸ ਤੌਰ 'ਤੇ ਉਹਨਾਂ ਦਾ ਅੰਗਰੇਜ਼ ਭਗਤ ਅਤੇ ਅੰਗਰੇਜ਼ਾਂ ਨੂੰ ਫਾਇਦਾ ਪਹੁੰਚਾਉਣ ਵਾਲੇ ਰੂਪ ਦਾ ਬੜੀ ਬਰੀਕ ਦ੍ਰਿਸ਼ਟੀ ਨਾਲ ਅਧਿਐਨ ਕਰਕੇ ਨਤੀਜੇ ਕੱਢੇ ਗਏ ਹਨ। ਇਹ ਹਨ ਕਾਂਗਰਸ, ਹਿੰਦੂ ਕਾਲਜ, ਮਜ਼ਹਬੀ ਜਥੇ, ਟੈਂਪਰੇਸ (ਨਸ਼ੇ ਨਾਸ਼ਕ ਸੁਸਾਇਟੀ), ਹਿੰਦੂ ਸਭਾ, ਗਊ ਰੱਖਿਆ, ਵਿਦਿਆ, ਰੀਤ ਰਸਮ ਸੁਧਾਰ ਆਦਿ। ਇਹ ਸੁਸਾਇਟੀਆਂ ਏਕਾ ਕਰਨ ਦਾ ਉਦੇਸ਼ ਦੱਸਦੀਆਂ ਹਨ, ਪਰ ਅਸਲ ਵਿਚ ਇਹ ਲੋਕਾਂ ਨੂੰ ਪਾੜਦੀਆਂ ਸਨ। ਗ਼ਦਰੀਆਂ ਅਨੁਸਾਰ 'ਅਗਰ ਭਜਨ ਗਾਉਣ ਨਾਲ ਜਾਂ ਤਿਉਹਾਰ ਮਨਾਉਣ ਨਾਲ ਹੀ ਹਿੰਦੁਸਤਾਨ ਦੀ ਮੁਰਦਾ ਲੋਥ ਵਿਚ ਜਾਨ ਆ ਸਕਦੀ ਹੈ, ਤਾਂ ਅੱਜ ਨੂੰ ਕਦੋਂ ਦਾ ਉਠ ਖੜ੍ਹਾ ਹੁੰਦਾ' ਕਿਉਂਕਿ ਅਜਿਹਾ ਤਾਂ ਸਦੀਆਂ ਤੋਂ ਹੁੰਦਾ ਆਇਆ ਹੈ। ਕਾਂਗਰਸ, ਹਿੰਦੂ ਸਭਾਵਾਂ ਅਤੇ ਖਾਲਸਾ ਕਾਲਜਾਂ ਆਦਿ ਦੇ ਜਦੋਂ ਪਹਿਲੇ ਪ੍ਰਧਾਨ/ਪ੍ਰਿੰਸੀਪਲ ਅੰਗਰੇਜ਼ ਬਣਦੇ ਹਨ ਤਾਂ ਗ਼ਦਰੀਆਂ ਦੀ ਸੋਚ ਸਹੀ ਸਾਬਤ ਹੁੰਦੀ ਹੈ ਕਿ ਉਹ ਸੱਤਾ ਦੇ ਹੱਕ ਵਿਚ ਭੁਗਤਣਗੇ। ਗ਼ਦਰੀਆਂ ਦਾ ਤਰਕ ਹੈ ਕਿ 'ਅਗਰ ਸਾਰੇ ਆਦਮੀ ਅਜਿਹੀਆਂ ਸਭਾਵਾਂ ਵਿਚ ਫਸ ਜਾਣਗੇ ਤਾਂ ਆਜ਼ਾਦੀ ਬਰਾਬਰੀ ਅਤੇ ਹੱਕਾਂ ਦੀ ਰਾਖੀ ਦੇ ਪਵਿੱਤਰ ਉਪਦੇਸ਼ ਨੂੰ ਭੁੱਲ ਜਾਣਗੇ।' ਦੂਜੇ ਪਾਸੇ ਗ਼ਦਰੀ ਅਸੂਲਾਂ/ਵਿਚਾਰਾਂ ਦੇ ਆਧਾਰ 'ਤੇ ਏਕਾ ਕਰਨ ਦੇ ਹੱਕ ਵਿਚ ਸਨ। ਅਜਿਹਾ ਏਕਾ ਸਭਾ ਸੁਸਾਇਟੀਆਂ ਦੇ ਏਕੇ ਤੋਂ ਕਿਤੇ ਵਧੇਰੇ ਪਾਇਦਾਰ ਹੋਵੇਗਾ।

ਕਾਂਗਰਸੀ, ਸਰਕਾਰੀ ਕੌਂਸਲਾਂ ਦੇ ਮੈਂਬਰ ਸਨ, ਖਿਤਾਬਾਂ ਵਾਲੀ ਕਮੇਟੀ ਦੇ ਪ੍ਰੈਜ਼ੀਡੈਂਟ ਸਨ। ਇਹ ਲੋਕ ਅੰਗਰੇਜ਼ਾਂ ਦੇ ਖ਼ਿਲਾਫ਼ ਨਹੀਂ ਸਨ ਜਾ ਸਕਦੇ। ਇਸੇ ਲਈ ਗ਼ਦਰੀ ਇਸ ਨਤੀਜੇ 'ਤੇ ਪਹੁੰਚੇ ਕਿ, "ਕਾਂਗਰਸ ਦੇ ਆਦਮੀ ਖੁਸ਼ਾਮਦੀ ਅਤੇ ਡਰਪੋਕ ਹਨ। ਇਹਨਾਂ ਵਿਚ ਕੂੜਾ ਕਰਕਟ ਕੁੱਟ ਕੁੱਟ ਕੇ ਭਰਿਆ ਪਿਆ ਹੈ। ਅਜਿਹੇ ਲੋਕ ਮੁਲਕੀ ਭਲਾਈ ਤੱਕ ਨਹੀਂ ਪਹੁੰਚ ਸਕਦੇ।'' ਮਿਸਿਜ਼ ਬਸੰਤ (ਐਨੀ ਬੇਸੈਂਟ) ਵੱਲੋਂ ਲੋਕਾਂ ਨੂੰ ਹਿੰਦੂ ਧਰਮ ਬਾਰੇ ਲੈਕਚਰ ਦੇਣ ਅਤੇ ਹਿੰਦੂ ਕਾਲਜ ਖੋਲ੍ਹੇ ਜਾਣ ਉਪਰ ਗ਼ਦਰੀ ਕਟਾਕਸ਼ ਕਰਦੇ ਹਨ "ਖੂਬ! ਅੱਜ ਹਿੰਦੂ ਧਰਮ ਦੇ ਸਿਖਾਉਣ ਵਾਸਤੇ ਮੇਮ ਸਾਹਿਬ ਸੱਤ ਹਜ਼ਾਰ ਮੀਲ ਤੋਂ ਤੁਰ ਕੇ ਆਈ ਹੈ, ਮਿਸਿਜ਼ ਬਸੰਤ ਹੁਣ ਤਾਂ ਸਾਫ ਕਹਿੰਦੀ ਹੈ ਕਿ ਉਹ ਮੁਲਕ ਦੀ ਤਰੱਕੀ ਨੂੰ ਰੋਕਣਾ ਚਾਹੁੰਦੀ ਹੈ। ਹੁਣ ਤਾਂ ਧਰਮ ਦਾ ਬੁਰਕਾ ਉਤਾਰ ਦਿੱਤਾ ਹੈ।'' ਆਪਣੇ ਵਿਸ਼ਵ ਪੱਧਰ ਦੇ ਗ਼ਦਰੀ ਅਨੁਭਵ ਕਾਰਨ ਅਤੇ ਸੋਵੀਅਤ ਵਿਚਾਰਾਂ ਦੇ ਪ੍ਰਭਾਵ ਕਾਰਨ ਗ਼ਦਰੀ ਜੋ ਕਹਿ ਰਹੇ ਸਨ ਉਹ ਬਿਲਕੁਲ ਸਹੀ ਸੀ, ਪ੍ਰੰਤੂ ਸੰਪ੍ਰਦਾਇਕ ਹਿੱਤ ਇਨ੍ਹਾਂ ਵਿਚਾਰਾਂ ਨੂੰ ਕਦੇ ਵੀ ਪਚਾ ਨਹੀਂ ਸਨ ਸਕੇ, ਇਸੇ ਲਈ ਇਹ ਵਿਚਾਰ ਹੇਠਾਂ ਲੋਕਾਂ ਤੱਕ ਨਹੀਂ ਪਹੁੰਚ ਸਕੇ। ਅੱਜ ਦੇ ਚਿੰਤਕ ਵੀ ਗ਼ਦਰੀਆਂ ਦੇ ਇਨ੍ਹਾਂ ਵਿਚਾਰਾਂ ਤੋਂ ਜਾਣੂ ਨਹੀਂ, ਜਿਹਨਾਂ ਦੇ ਆਧਾਰ 'ਤੇ ਹੀ ਗ਼ਦਰ ਲਹਿਰ ਦਾ ਸਹੀ ਮੁਲਾਂਕਣ ਕੀਤਾ ਜਾ ਸਕਦਾ ਹੈ।

ਵਿਦਿਅਕ ਸੰਸਥਾਵਾਂ ਬਾਰੇ ਗ਼ਦਰੀ ਵਿਚਾਰਵਾਨਾਂ ਨੇ ਬੜਾ ਤਿੱਖਾ ਵਿਰੋਧ ਕੀਤਾ ਹੈ ਕਿਉਂਕਿ ਉਨ੍ਹਾਂ ਅਨੁਸਾਰ ਅੰਗਰੇਜ਼ ਭਗਤੀ ਸਿਖਾਉਣੀ ਇਨ੍ਹਾਂ ਦਾ ਮੁੱਖ ਕਾਰਜ ਸੀ। ਦੋ ਵੱਖ ਵੱਖ ਦ੍ਰਿਸ਼ਟੀਕੋਣ ਨਾਲ ਨਾਲ ਨਹੀਂ ਚੱਲ ਸਕਦੇ। ਅੰਗਰੇਜ਼ਾਂ ਨੇ ਉਹਨਾਂ ਸੰਸਥਾਵਾਂ ਨੂੰ ਹੀ ਜਾਰੀ ਰਹਿਣ ਦਿੱਤਾ ਜੋ ਉਹਨਾਂ ਦੇ ਅਨੁਸਾਰੀ ਸਨ। ਦੇਸ਼ ਭਗਤਾਂ ਵੱਲੋਂ ਕਲਕੱਤੇ ਵਿਚ ਕਾਇਮ ਕੀਤੇ ਕਾਲਜ ਨੂੰ ਬੰਦ ਕਰਨਾ ਪਿਆ। ਗ਼ਦਰੀ ਵਿਚਾਰਵਾਨ ਇਹ ਮੰਨਦੇ ਸਨ ਕਿ ਸੱਚੀ ਸਿੱਖਿਆ ਆਜ਼ਾਦੀ ਤੋਂ ਬਾਅਦ ਹੀ ਸੰਭਵ ਹੋ ਸਕਦੀ ਸੀ। ਫਿਰ ਇਨ੍ਹਾਂ ਸੰਸਥਾਵਾਂ ਵਿਚ 'ਸ਼ਖਸੀ ਆਜ਼ਾਦੀ' ਦੀ ਸਿੱਖਿਆ ਨਹੀਂ ਦਿੱਤੀ ਜਾਂਦੀ। ਉਨ੍ਹਾਂ ਦੀ ਸੋਚ ਸੀ ਕਿ, 'ਸਾਰੇ ਸਕੂਲ, ਕਾਲਜ, ਵਿਦਿਆਲੇ ਗ਼ੁਲਾਮੀ ਦਾ ਘਰ ਬਣ ਜਾਣਗੇ, ਉਹਨਾਂ ਦੇ ਚਲਾਉਣ ਵਾਲੇ ਭਾਵੇਂ ਕਿਤਨੇ ਵੀ ਨੇਕ ਅਤੇ ਪਰਜਾ ਭਗਤ ਹੋਣ। ਪਰ ਜਿਸਦਾ ਰਾਜ, ਉਸਦਾ ਕਾਜ।' ਇਨ੍ਹਾਂ ਸੰਸਥਾਵਾਂ ਵਿਚ ਪੜ੍ਹੇ ਲੋਕ ਫਿਰ ਸਰਕਾਰੀ ਨੌਕਰੀਆਂ ਵਿਚ ਹੀ ਪਹੁੰਚਦੇ ਸਨ। ਗ਼ਦਰੀ ਹਰ ਤਰ੍ਹਾਂ ਦੇ ਕਾਲਜਾਂ ਬਾਰੇ ਆਪਣੀ ਰਾਇ ਦਿੰਦੇ ਹਨ। ਉਹਨਾਂ ਦਾ ਵਿਚਾਰ ਸੀ ਕਿ, 'ਸਾਡੇ ਮੁਲਕ ਵਿਚ ਵੀ ਅਲੀਗੜ੍ਹ ਕਾਲਜ, ਡੀ ਏ ਵੀ ਕਾਲਜ, ਖ਼ਾਲਸਾ ਕਾਲਜ, ਗੁਰੂ ਕੁੱਲ ਕਾਲਜ ਆਦਿ ਪਰਜਾ ਦੇ ਪੈਸੇ ਨਾਲ ਬਣਾਏ ਹੋਏ ਹਨ, ਪਰ ਸਾਰਿਆਂ ਨੂੰ ਸਰਕਾਰੀ ਕਾਇਦਿਆਂ 'ਤੇ ਚੱਲਣਾ ਪੈਂਦਾ ਹੈ, ਕਿਸੇ ਵੀ ਢੰਗ ਨਾਲ ਬਚ ਨਹੀਂ ਸਕਦੇ।'' ਸਮੁੱਚੇ ਤੌਰ 'ਤੇ ਗ਼ਦਰੀਆਂ ਦੀ ਸਮਝ ਸੀ ਕਿ ਅੰਗਰੇਜ਼ ਜਿਹੜੀ ਵਿਦਿਆ ਲੋਕਾਂ ਨੂੰ ਦਿੰਦੇ ਹਨ, ਉਹ 'ਚੰਗੇ ਵਫ਼ਾਦਾਰ ਗ਼ੁਲਾਮ' ਪੈਦਾ ਕਰਨ ਲਈ ਹੀ ਦਿੱਤੀ ਜਾਂਦੀ ਹੈ।

ਗ਼ਦਰੀ ਸੁਚੇਤ ਜਾਂ ਅਚੇਤ ਇਹ ਸਮਝ ਰੱਖਦੇ ਸਨ ਕਿ ਪੁਰਾਤਨ ਸਾਹਿਤ- ਵੇਦ- ਪੁਰਾਣ- ਸ਼ਾਸਤਰ- ਰਮਾਇਣ- ਮਹਾਂਭਾਰਤ- ਲੋਕ ਮਨਾਂ ਨੂੰ ਜਕੜੀ ਰੱਖ ਕੇ ਗ਼ੁਲਾਮੀ ਦੀਆਂ ਕਦਰਾਂ ਕੀਮਤਾਂ ਸਿਖਾਉਂਦੇ ਸਨ। ਵਿਸ਼ੇਸ਼ ਤੌਰ ਤੇ ਉਹਨਾਂ ਨੇ ਸ਼ਖ਼ਸੀ ਆਜ਼ਾਦੀ ਬੱਚਿਆਂ ਅਤੇ ਔਰਤਾਂ ਦੀ ਆਜ਼ਾਦੀ ਨਾਲ ਇਸ ਨੂੰ ਜੋੜਿਆ। ਪੱਛਮੀ ਜੀਵਨ ਵਿਚ ਵਿਅਕਤੀਗਤ ਸੁਤੰਤਰਤਾ ਦੇ ਵਿਚਾਰਾਂ ਤੋਂ ਇਹ ਪ੍ਰਭਾਵਿਤ ਸਨ। ਉਹ ਇਸ ਸੁਤੰਤਰਤਾ ਦੇ ਹਾਂ-ਪੱਖਾਂ ਦੀ ਪੈਰਵੀ ਕਰਦੇ ਹਨ। ਉਹ ਭਾਰਤੀ ਇਤਿਹਾਸ ਨੂੰ ਰਾਜਿਆਂ ਮਹਾਰਾਜਿਆਂ ਦਾ ਇਤਿਹਾਸ ਕਹਿੰਦੇ ਹਨ ਅਤੇ ਉਹਨਾਂ ਨੂੰ ਇਉਂ ਪ੍ਰਤੀਤ ਹੁੰਦਾ ਹੈ ਕਿ ਆਮ ਲੋਕਾਂ ਦੀ ਹੋਂਦ ਨੂੰ ਸਵੀਕਾਰ ਹੀ ਨਹੀਂ ਕੀਤਾ ਗਿਆ। ਇਸੇ ਦ੍ਰਿਸ਼ਟੀ ਤੋਂ ਉਹ ਰਮਾਇਣ ਦਾ ਮਨੋਰਥ ਨਿਸ਼ਚਿਤ ਕਰਦੇ ਹਨ ਜਿਸ ਅਨੁਸਾਰ, "ਰਮਾਇਣ ਦਾ ਅਸਲੀ ਮਨੋਰਥ ਇਹੀ ਹੈ ਕਿ ਪਰਜਾ ਰਾਜੇ ਦੀ ਗ਼ੁਲਾਮ ਰਹੇ, ਬੇਟੇ ਪਿਤਾ ਦੇ ਗ਼ੁਲਾਮ ਰਹਿਣ ਅਤੇ ਇਸਤਰੀ ਪਤੀ ਦੀ ਗ਼ੁਲਾਮ ਰਹੇ।++ ਇਨ੍ਹਾਂ ਵਿਚਾਰਾਂ ਨੂੰ ਲਾਲਾ ਹਰਦਿਆਲ ਨੇ ਬਹੁਤ ਵਿਸਤਾਰ ਵਿਚ ਸਪਸ਼ਟ ਕੀਤਾ ਹੈ। ਮਨੁੱਖ ਵਿਚ ਗ਼ਦਰੀ ਸਾਰੀਆਂ ਸ਼ਕਤੀਆਂ ਦੇ ਵਿਕਾਸ ਨੂੰ ਵੇਖਣਾ ਚਾਹੁੰਦੇ ਹਨ ਤਾਂ ਕਿ ਉਹ ਸਮਾਜ ਦੀ ਸੇਵਾ ਕਰ ਸਕੇ। ਉਹ ਰਮਾਇਣ/ਰਾਮ ਦੀ ਪੂਜਾ ਨੂੰ ਗ਼ੁਲਾਮੀ ਮੰਨਦੇ ਹਨ। "ਕਿਸੇ ਕੌਮ ਦੀ ਧੌਣ ਹਮੇਸ਼ਾ ਰਾਜਾ ਰਾਣੀ ਅੱਗੇ ਝੁਕੀ ਰਹਿੰਦੀ ਹੈ ਅਤੇ ਦੋਵੇਂ ਹੱਥ ਰਾਜ ਪੂਜਾ ਵਿਚ ਬੱਧੇ ਰਹਿੰਦੇ ਹਨ, ਉਸ ਵਿਚ ਆਜ਼ਾਦ, ਮਜ਼ਾਹ (ਧਰਮੀ) ਅਤੇ ਦਲੇਰ ਆਦਮੀ ਪੈਦਾ ਨਹੀਂ ਹੋ ਸਕਦੇ।'' ਇਸੇ ਕਾਰਨ ਰਾਮ ਵੱਲੋਂ ਪਿਤਾ ਦੇ ਹੁਕਮ ਦਾ ਪਾਲਣ, ਸੀਤਾ ਦਾ ਤਿਆਗ ਆਦਿ ਘਟਨਾਵਾਂ ਨੂੰ ਗ਼ੁਲਾਮ ਜ਼ਹਿਨੀਅਤ ਦਾ ਪ੍ਰਗਟਾਵਾ ਮੰਨਿਆ ਗਿਆ ਹੈ। ਗ਼ਦਰੀ ਛੱਤਰੀ ਰਾਜਿਆਂ ਅਤੇ ਬ੍ਰਾਹਮਣ ਦੋਹਾਂ ਨੂੰ ਕੌਮ ਦੇ ਦੁਸ਼ਮਣ ਮੰਨਦੇ ਹਨ। ਰਾਮ ਨੂੰ ਰਾਜਾ ਮੰਨ ਦੇ ਗ਼ਦਰੀ ਸੁਆਲ ਕਰਦੇ ਹਨ ਕਿ 'ਜੋ ਪੁਰਸ਼ ਆਪਣੀ ਕਮਾਈ ਨਾਲ ਧਨ ਨਹੀਂ ਕਮਾਉਂਦਾ ਅਤੇ ਦੂਜਿਆਂ ਦੇ ਪੈਸੇ 'ਤੇ ਐਸ਼ ਲੁੱਟਦਾ ਹੈ, ਉਹ ਕਿਵੇਂ ਪ੍ਰਮਾਤਮਾ ਹੋ ਸਕਦਾ ਹੈ?' ਗਦਰੀਆਂ ਨੇ ਰਾਜ-ਰਿਸ਼ੀ ਸ਼ਬਦ ਉਪਰ ਵੀ ਵਿਅੰਗ ਕੀਤਾ ਹੈ। ਸਵਾਲ ਹੈ, ਕੀ ਰਾਜਾ ਕਦੇ ਰਿਸ਼ੀ ਹੋ ਸਕਦਾ ਹੈ?

ਭਾਰਤ ਵਿਚ ਔਰਤ ਦੀ ਭੈੜੀ ਸਥਿਤੀ ਉਪਰ ਤਾਂ ਲਗਾਤਾਰ ਚਰਚਾ ਹੁੰਦੀ ਰਹੀ ਹੈ ਪਰ ਬੱਚੇ ਵੀ ਮਾਂ-ਬਾਪ ਦੇ ਗ਼ੁਲਾਮ ਹਨ- ਇਹ ਵਿਚਾਰ ਪਹਿਲੀ ਵਾਰ ਤੇ ਆਖ਼ਰੀ ਵਾਰ ਗ਼ਦਰੀ ਵਿਚਾਰਕਾਂ ਨੇ ਹੀ ਉਠਾਇਆ। ਗ਼ਦਰ ਲਹਿਰ ਬਾਰੇ ਵਿਚਾਰ ਕਰਨ ਵਾਲੇ ਵਿਦਵਾਨਾਂ ਦਾ ਵੀ ਇਸ ਪਾਸੇ ਧਿਆਨ ਨਹੀਂ ਗਿਆ। ਅੰਗਰੇਜ਼ ਰਾਜ ਵਿਚ ਲੋਕ ਗ਼ੁਲਾਮਾਂ ਦੇ ਵੀ ਗ਼ੁਲਾਮ ਹਨ। ਇਹ ਗੱਲ ਗ਼ਦਰੀ ਹੀ ਸਮਝ ਸਕਦੇ ਹਨ। "ਹਿੰਦੁਸਤਾਨ ਵਿਚ ਬੱਚੇ, ਮਾਤਾ, ਪਿਤਾ, ਇਸਤਰੀਆਂ ਪਤੀਆਂ ਦੀਆਂ; ਛੋਟੇ ਹਾਕਮ ਵੱਡੇ ਹਾਕਮਾਂ ਦੇ ਤੇ ਨੌਕਰ ਮਾਲਕਾਂ ਦੇ ਗ਼ੁਲਾਮ ਹਨ। ਅਰਥਾਤ ਸਾਰੇ ਦੇ ਸਾਰੇ ਹਿੰਦੁਸਤਾਨੀ ਵਿਦੇਸ਼ੀ ਗੌਰਮਿੰਟ ਅਤੇ ਰੱਦੀ ਤਰੀਕੇ ਦੇ ਰਾਜ ਹੋਣ ਦੇ ਦੁੱਖ ਉਠਾ ਰਹੇ ਹਨ।'' ਔਰਤ ਦੇ ਦੂਸਰੇ ਵਿਆਹ ਦੀ ਮਨਾਹੀ ਅਤੇ ਸਤੀ ਹੋਣ ਨੂੰ ਗ਼ਦਰੀ ਆਪਣੇ ਦ੍ਰਿਸ਼ਟੀਕੋਣ ਤੋਂ ਦੇਖਦੇ ਹਨ। "ਇਸਤਰੀ ਜਾਇਦਾਦ ਵਾਂਗ ਪਤੀ ਮਰਨੇ ਦੇ ਪਿੱਛੋਂ ਦੂਜੇ ਮਾਲਕ ਨੂੰ ਨਹੀਂ ਦਿੱਤੀ ਜਾ ਸਕਦੀ। ਮਰਨੇ ਦੇ ਪਿੱਛੋਂ ਵੀ ਮਰਦ ਦਾ ਹੱਕ ਮਲਕੀਅਤ ਬਰਾਬਰ ਰਹਿੰਦਾ ਹੈ।'' ਗ਼ਦਰੀ ਪਤੀ ਪੂਜਾ ਨੂੰ ਮੂਰਤੀ ਪੂਜਾ ਤੋਂ ਵੀ ਖ਼ਤਰਨਾਕ ਮੰਨਦੇ ਸਨ। ਬੱਚਿਆਂ ਦੀ ਗ਼ੁਲਾਮੀ ਨੂੰ ਉਨਤੀ ਦੀ ਵਿਨਾਸ਼ਕ ਮੰਨਿਆ ਗਿਆ ਹੈ। ਅਠਾਰਾਂ ਸਾਲ ਤੱਕ ਦੀ ਆਗਿਅਕਾਰੀ ਹੋਣ ਦੇ ਅਰਥ ਮੰਨੇ ਗਏ ਹਨ, 'ਮਗਰ 18 ਬਰਸ ਤੋਂ ਪਿੱਛੋਂ ਜਾਂ ਕੁਝ ਪਹਿਲੇ ਹੀ ਹਰ ਇਕ ਨੌਜਵਾਨ ਅਤੇ ਹਰ ਇਕ ਇਸਤਰੀ ਨੂੰ ਆਜ਼ਾਦ ਰਹਿ ਕੇ ਆਪਣੀ ਜ਼ਿੰਦਗੀ ਗੁਜ਼ਾਰਨੀ ਚਾਹੀਦੀ ਹੈ।' ਅੱਜ ਅਸੀਂ ਸੌ ਸਾਲ ਬਾਅਦ ਵੀ ਗ਼ਦਰੀ ਸੋਚਵਾਨਾਂ ਦੇ ਬਰਾਬਰ ਨਹੀਂ ਹੋ ਸਕੇ। ਗ਼ਦਰੀ ਪੀੜ੍ਹੀ ਦਰ ਪੀੜ੍ਹੀ ਆਗਿਆਕਾਰੀ ਹੋਣ ਨੂੰ ਕਿਵੇਂ ਲੈਂਦੇ ਸਨ ਉਹ ਇਨ੍ਹਾਂ ਸ਼ਬਦਾਂ ਤੋਂ ਵੇਖਿਆ ਜਾ ਸਕਦਾ ਹੈ ਕਿ "ਜਦੋਂ ਆਗਿਆਕਾਰੀ ਨੂੰ ਸਭ ਤੋਂ ਵੱਡਾ ਫਰਜ਼ ਸਮਝਿਆ ਜਾਵੇ ਤਾਂ ਪਿਤਾ ਅਤੇ ਪੜਪੋਤੇ ਅਤੇ ਪੜੋਤੇ ਊਠਾਂ ਦਾ ਕਾਫ਼ਲਾ ਬਣ ਜਾਂਦਾ ਹੈ, ਜਿਹਨਾਂ ਸਾਰਿਆਂ ਦੇ ਨੱਕ ਵਿਚ ਇਕੋ ਹੀ ਨਕੇਲ ਹੈ, ਫਿਰ ਖ਼ਿਆਲ ਸਾਰੇ ਹੀ ਦੱਬ ਜਾਂਦੇ ਹਨ।'' ਗ਼ਦਰੀਆਂ ਨੂੰ ਬੇ ਅਸੂਲ ਕਬੀਲਾ ਪਾਲਕ ਅਤੇ ਥੋਥੇ ਨੌਜਵਾਨ ਦੀ ਕੋਈ ਲੋੜ' ਨਹੀਂ ਸੀ। ਗ਼ਦਰੀ ਲਹਿਰ ਦੀਆਂ ਦਸਤਾਵੇਜ਼ਾਂ ਦਾ ਅਧਿਐਨ ਸੱਚਮੁਚ ਹੀ ਅੱਖਾਂ ਖੋਲ੍ਹ ਦੇਣ ਵਾਲਾ ਹੈ। ਇਨ੍ਹਾਂ ਦਸਤਾਵੇਜ਼ਾਂ ਦੇ ਅਧਿਐਨ ਤੋਂ ਬਗੈਰ ਨਾ ਤਾਂ ਅਸੀਂ ਆਪ ਹੀ ਸਜਾਖੇ ਹੋ ਸਕਾਂਗੇ ਅਤੇ ਨਾ ਫਾਲਤੂ ਕਿਸਮ ਦੇ ਉਠਾਏ ਜਾਂਦੇ ਸਵਾਲਾਂ ਦੇ ਜਵਾਬ ਹੀ ਸਹੀ ਤਰੀਕੇ ਨਾਲ ਦੇ ਸਕਦੇ ਹਾਂ। ਅਸੀਂ ਚਾਹਾਂਗੇ ਕਿ ਸਹੀ ਸੋਚ ਨਾਲ ਜੁੜੇ ਹਰ ਵਿਅਕਤੀ ਨੂੰ ਗ਼ਦਰੀ ਵਿਚਾਰਵਾਨਾਂ ਦੀਆਂ ਲਿਖਤਾਂ ਦਾ ਅਧਿਐਨ ਕਰਨਾ ਚਾਹੀਦਾ ਹੈ, ਜੋ ਹੁਣ ਆਮ ਉਪਲਬਧ ਹੋ ਗਈਆਂ ਹਨ।

# ਸਰਬ ਸੰਮਤੀ ਨਾਲ ਜੱਬੋਵਾਲ ਦਾ ਸਰਪੰਚ ਚੁਣਿਆ ਗਿਆ

(ਇਕਬਾਲ ਜੱਬੋਵਾਲੀਆ)-ਹੁਸਨ ਲਾਲ 'ਕਾਲਾ' ਸਰਬਸੰਮਤੀ ਨਾਲ ਜੱਬੋਵਾਲ ਦਾ ਦੂਜੀ ਵਾਰ ਸਰਪੰਚ ਚੁਣਿਆ ਗਿਆ ਹੈ। ਇਸ ਤੋਂ ਪਹਿਲਾਂ ਅਵਤਾਰ ਸਿੰਘ ਤਾਰੀ ਖਾਲਸਾ ਸਰਪੰਚ ਸਨ। ਅਵਤਾਰ ਸਿੰਘ ਤੋਂ ਪਹਿਲਾਂ ਹੁਸਨ ਲਾਲਾ ਕਾਲਾ ਸਨ।ਪਿਛਲੇ ਸਮੇਂ ਦੇ ਉਸਾਰੀ ਕਾਰਜ਼ਾਂ ਨੂੰ ਵੇਖਦੇ ਅਤੇ ਪਾਰਟੀਬਾਜ਼ੀ ਤੋਂ ਉਪਰ ਉਠ ਕੇ ਚੰਗੇ ਕੰਮਾਂ ਨੂੰ ਨਿਹਾਰਦੇ ਸਮੂਹ ਨਗਰ ਨੇ ਇਹ ਫ਼ੈਸਲਾ ਲਿਆ ਹੈ। ਇਥੇ ਇਹ ਦੱਸਣਾ ਵੀ ਜਰੂਰੀ ਹੈ ਕਿ ਜੱਬੋਵਾਲ ਦੇ ਸ਼੍ਰੀ ਗੁਰੂ ਰਵਿਦਾਸ ਗੁਰੂ-ਘਰ ਦੀ ਉਸਾਰੀ ਵਿੱਚ ਹੁਸਨ ਲਾਲ ਕਾਲੇ ਦਾ ਬਹੁਤ ਵੱਡਾ ਰੋਲ ਹੈ। ਉਸ ਨੇ ਬੰਗਾ, ਨਵਾਂ-ਸ਼ਹਿਰ ਅਤੇ ਆਲੇ-ਦੁਆਲੇ ਦੇ ਹੋਰ ਇਲਾਕੇ ਵਿੱਚ ਘੁੰਮ ਕੇ 80-85 ਲੱਖ ਰੁਪਿਆ ਇਕੱਠਾ ਕਰਕੇ ਇਸ ਗੁਰੂ-ਘਰ ਦੀ ਚਲਦੀ ਸੇਵਾ ਵਿੱਚ ਹਿੱਸਾ ਪਾਇਆ। ਇਲਾਕੇ ਵਿੱਚ ਇਸ ਗੁਰੂ-ਘਰ ਦੀ ਵੱਖਰੀ ਪਹਿਚਾਣ ਹੈ।



# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੀ ਪ੍ਰਬੰਧਕ ਕਮੇਟੀ ਵੱਲੋਂ ਨਵੇਂ ਪਾਰਕਿੰਗ ਲਾਟ ਲਈ ਜੰਗੀ ਪੱਧਰ ਤੇ ਤਿਆਰੀਆਂ








ਯੂਬਾ ਸਿਟੀ (ਡੀ. ਡੀ. ਬੀ.)- ਕੈਲੇਫੋਰਨੀਆ ਵਿਚ ਪੰਜਾਬੀਆਂ ਦੀ ਸੰਘਣੀ ਵਸੋਂ ਵਾਲੇ ਸ਼ਹਿਰ ਯੂਬਾ ਸਿਟੀ, ਜਿਸਨੂੰ ਪੰਜਾਬੀ ਭਾਈਚਾਰਾ ਪੰਜਾਬੀਆਂ ਦੀ ਸੰਘਣੀ ਵਸੋਂ ਦੇ ਲਿਹਾਜ਼ ਨਾਲ ਨਵੇਂ ਵਿਅਕਤੀ ਨਾਲ ਗੱਲਬਾਤ ਕਰਦਿਆਂ ਇਸਨੂੰ "ਮਿੰਨੀ ਪੰਜਾਬ'' ਵਜੋਂ ਵੀ ਪੇਸ਼ ਕਰਦਾ ਹੈ। ਇੱਥੇ ਵੱਸ ਰਹੇ ਪੰਜਾਬੀਆਂ ਨੂੰ ਜਿੱਥੇ ਆਪਣੀ ਬਹੁਗਿਣਤੀ ਦਾ ਮਾਣ ਹੈ, ਉਥੇ ਪੰਜਾਬ ਤੋਂ ਆਇਆ ਨਵਾਂ ਵਿਅਕਤੀ ਇਕ ਵਾਰ ਤਾਂ ਜ਼ਰੂਰ ਆਖਦਾ ਹੈ ਕਿ ਇਹ ਤਾਂ ਨਿਰਾ ਪੰਜਾਬ ਹੈ।

ਇੱਥੇ ਪੰਜਾਬੀਆਂ ਦੇ ਵਿਸ਼ੇਸ਼ ਤੌਰ ਤੇ ਛੇ ਧਾਰਮਿਕ ਸਥਾਨ ਹਨ, ਜਿਹਨਾਂ ਵਿਚੋਂ ਚਾਰ ਗੁਰਦੁਆਰਾ ਸਾਹਿਬ, ਇਥ ਭਗਵਾਨ ਵਾਲਮੀਕ ਮੰਦਰ ਤੇ ਇਕ ਹਿੰਦੂ ਮੰਦਰ ਸਥਾਪਤ ਹਨ। ਚਾਰ ਗੁਰਦੁਆਰਿਆਂ ਵਿਚੋਂ ਇਕ ਗੁਰਦੁਆਰਾ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੇ ਨਾਂ ਤੇ ਸਥਾਪਤ ਹੈ ਜੋ 2005 ਵਿਚ ਹੋਂਦ ਵਿਚ ਆਇਆ। ਸਾਲ 2005 ਤੋਂ ਲੈ ਕੇ ਹੁਣ ਤੱਕ ਇਸ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਨੇ ਆਪਸੀ ਇਤਫਾਕ ਅਤੇ ਸਮੂਹ ਸੰਗਤ ਦੇ ਸਹਿਯੋਗ ਨਾਲ ਜਿੱਥੇ ਭਾਈਚਾਰਕ ਸਾਂਝ ਦਾ ਸਬੂਤ ਦਿੱਤਾ ਹੈ, ਉਥੇ ਇਸ ਸਾਂਝ ਅਤੇ ਇਤਫਾਕ ਨੇ ਸੰਗਤ ਨੂੰ ਗੁਰੂ ਘਰ ਦੀ ਸੇਵਾ ਵਿਚ ਆਪਣੀ ਵਿੱਤ ਅਨੁਸਾਰ ਬਣਦਾ ਸਹਿਯੋਗ ਕਰਨ ਲਈ ਪ੍ਰੇਰਿਤ ਕੀਤਾ।

ਇਹੀ ਵਜ੍ਹਾ ਹੈ ਕਿ ਗੁਰੂ ਘਰ ਵਿਚ ਬਿਜਲੀ ਦੀ ਸਪਲਾਈ, ਪਾਣੀ ਦੀ ਸਪਲਾਈ ਅਤੇ ਸੀਵਰੇਜ਼ 'ਚ ਸੁਧਾਰ ਲਿਆਂਦਾ ਅਤੇ ਇਸ ਤੋਂ ਇਲਾਵਾ 2010 ਵਿਚ ਪੱਕਾ ਪਾਰਕਿੰਗ ਲਾਟ ਬਣਾਇਆ ਜੋ ਗੁਰੂ ਘਰ ਦੇ ਨਾਲ ਹੈ ਤੇ ਇਸ ਤੋਂ ਇਲਾਵਾ ਪਾਰਕਿੰਗ ਲਾਟ ਪਾਰਟ (1) ਅਤੇ ਪਾਰਟ (2) ਜੋ ਨਾਲੋ ਨਾਲ ਹਨ, 2013 ਵਿਚ ਖਰੀਦੇ ਗਏ। ਗੁਰੂ ਘਰ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ ਅਤੇ ਕੈਸ਼ੀਅਰ ਸ੍ਰੀ ਦਲਵਿੰਦਰ ਰੱਲ੍ਹ ਨੇ "ਅੰਬੇਦਕਰ ਟਾਈਮਜ਼'' ਅਤੇ "ਦੇਸ਼ ਦੁਆਬਾ'' ਦੇ ਮੁੱਖ ਸੰਪਾਦਕ ਸ੍ਰੀ ਪ੍ਰੇਮ ਕੁਮਾਰ ਚੁੰਬਰ ਜੀ ਨੂੰ ਉਪਰੋਕਤ ਜਾਣਕਾਰੀ ਮੁਹੱਈਆ ਕਰਵਾਉਂਦਿਆਂ ਦੱਸਿਆ ਕਿ ਸ੍ਰੀ ਗੁਰੂ ਸਾਹਿਬਾਨ ਦੀ ਅਪਾਰ ਕਿਰਪਾ ਸਦਕਾ ਸੰਗਤਾਂ ਦਾ ਪੂਰਾ ਸਾਥ ਹੈ ਅਤੇ ਅਸੀਂ ਸਮੂਹ ਪ੍ਰਬੰਧਕ ਕਮੇਟੀ ਮੈਂਬਰ ਸਾਹਿਬਾਨ ਤੋਂ ਇਲਾਵਾ ਬਾਕੀ ਸਭ ਬੋਰਡ ਆਫ ਡਾਇਰੈਕਟਰਜ਼, ਸੰਗਤਾਂ ਦੀ ਦਸਾਂ ਨਹੁੰਆਂ ਦੀ ਕਿਰਤ ਵਿਚੋਂ ਆਈ ਮਾਇਆ ਨੂੰ ਗੁਰੂ ਘਰ ਦੀ ਹਰ ਪ੍ਰਕਾਰ ਦੀ ਡਿਵੈਲਪਮੈਂਟ ਲਈ ਲਗਾਉਣਗੇ। ਹੁਣ ਅਸੀਂ ਸਮੂਹ ਸਾਧ ਸੰਗਤ ਇਕ ਵਾਰ ਫਿਰ ਸਨਿਮਰ ਬੇਨਤੀ ਕਰਦੇ ਹਾਂ ਕਿ ਨਵੇਂ ਖਰੀਦੇ ਪਾਰਕਿੰਗ ਲਾਟ ਨੂੰ ਪੱਕਾ ਕਰਨ ਲਈ ਸਹਿਯੋਗ ਕਰਨ। ਉਹਨਾਂ ਦੇ ਸਹਿਯੋਗ ਬਿਨਾਂ ਕੋਈ ਕਾਰਜ ਸਫਲ ਹੋਣਾ ਸੰਭਵ ਨਹੀਂ।

ਇਸ ਨੇਕ ਕੰਮ ਵਿਚ ਕੋਈ ਵੀ ਵਿਅਕਤੀ ਆਪਣੀ ਵਿੱਤ ਅਨੁਸਾਰ ਮਾਇਆ ਦੀ ਸੇਵਾ ਕਰ ਸਕਦਾ ਹੈ।

ਹੋਰ ਵਧੇਰੇ ਜਾਣਕਾਰੀ ਲਈ ਗੁਰੂ ਘਰ ਦੇ ਫੋਨ ਨੰਬਰ 530-674-2564 ਤੇ ਸੰਪਰਕ ਕੀਤਾ ਜਾ ਸਕਦਾ ਹੈ ਜਾਂ ਫਿਰ ਸ਼ਿੰਗਾਰਾ ਸਿੰਘ ਰੱਲ੍ਹ (ਪ੍ਰਧਾਨ) 530-713-1823, ਦਲਵਿੰਦਰ ਰੱਲ੍ਹ (ਕੈਸ਼ੀਅਰ) 530-933-3938 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

ਗ੍ਰੰਥੀ ਸਾਹਿਬ ਲਈ ਨਵਾਂ ਕਮਰਾ, ਕੀਰਤਨ ਦਰਬਾਰ ਦੀ ਨਵੀਂ ਕਾਰਪਿਟ, ਲੰਗਰ ਹਾਲ ਦਾ ਨਵਾਂ ਫਰਸ਼, ਦੋ ਵਾਰ ਪੇਂਟ ਕਰਵਾਇਆ, ਨਵੀਂ ਛੱਤ ਅਤੇ ਕੈਮਰੇ ਲਗਵਾਏ ਗਏ।

---------------

ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ( ਕੈਲੇਫੋਰ-ਨੀਆ) ਦੇ ਬੋਰਡ ਆਫ ਡਾਇਰੈਕਟਸ ਜਿਹਨਾਂ ਵਿਚ ਪਰਸ਼ੋਤਮ ਸੂਦ, ਗੁਰਮੀਤ ਰਾਮ ਧੀਰ, ਦਲਵਿੰਦਰ ਰੱਲ੍ਹ, ਦਿਆਲ ਨਰ, ਸ਼ਿੰਗਾਰਾ ਸਿੰਘ, ਪ੍ਰੀਤਮ ਚੰਦ ਲੀਲ, ਗੁਰਨਾਮ ਸਿੰਘ ਭੰਡਾਲ, ਬੰਸੀ ਲਾਲ ਬੰਗੜ, ਮਹਿੰਦਰ ਸਿੰਘ ਰੱਤੂ, ਰਾਮ ਸੇਵਕ ਭਾਟੀਆ, ਗੁਰ-ਬਚਨ ਚੋਪੜਾ, ਲਖਬੀਰ ਸਿੰਘ ਸੂਦ, ਸੋਹਣ ਸਿੰਘ, ਦੇਵ ਰਾਜ ਲਲੀ, ਸ਼ਾਮ ਪਾਲ, ਤਰਸੇਮ ਸਿੰਘ, ਅਵਤਾਰ ਸਿੰਘ ਬਿਰਦੀ, ਜਸਵਿੰਦਰ ਸਿੰਘ ਮਲਹਾਰ, ਬਲਬੀਰ ਸੁੰਮਣ, ਪਲਵਿੰਦਰ ਮਾਹੀ, ਵਿਜੇ ਕੁਮਾਰ ਸਰੋਆ। ਜਿਹਨਾਂ ਵਿਚ ਪਰਸੋਤਮ ਸੂਦ ਚੇਅਰਮੈਨ, ਤਰਸੇਮ ਸਿੰਘ ਵਾਈਸ ਚੇਅਰਮੈਨ, ਮਹਿੰਦਰ ਸਿੰਘ ਰੱਤੂ ਵਾਈਸ ਚੇਅਰਮੈਨ, ਸ਼ਿੰਗਾਰਾ ਸਿੰਘ ਰੱਲ੍ਹ ਪ੍ਰਧਾਨ, ਗੁਰਨਾਮ ਸਿੰਘ ਭੰਡਾਲ ਸੀਨੀਅਰ ਮੀਤ ਪ੍ਰਧਾਨ, ਦਿਆਲ ਰਾਮ ਨਰ ਵਾਈਸ ਪ੍ਰਧਾਨ, ਦਲਵਿੰਦਰ ਰੱਲ੍ਹ ਖਜਾਨਚੀ, ਰਾਮ ਸੇਵਕ ਭਾਟੀਆ ਸੀਨੀਅਰ ਖਜਾਨਚੀ, ਪ੍ਰੀਤਮ ਚੰਦ ਵਾਈਸ ਖਜਾਨਚੀ, ਗੁਰਮੀਤ ਰਾਮ ਧੀਰ ਜਨਰਲ ਸਕੱਤਰ, ਬੰਸੀ ਲਾਲ ਬੰਗੜ ਪ੍ਰੈਸ ਸਕੱਤਰ, ਅਵਤਾਰ ਸਿੰਘ ਵਿਰਦੀ ਉਪ ਜਨਰਲ ਸਕੱਤਰ ਗੁਰਬਚਨ ਚੋਪੜਾ ਸਟੇਜ ਸੈਕਟਰੀ, ਜਸਵਿੰਦਰ ਸਿੰਘ ਸਹਾਇਕ ਸਟੇਜ ਸੈਕਟਰੀ, ਸ਼ਾਮ ਪਾਲ ਵਾਈਸ ਸੈਕਟਰੀ ਚੁਣੇ ਗਏ।

# ਇੰਡੀਅਨ ਨੈਸ਼ਨਲ ਕਾਂਗਰਸ (ਵੈਸਟ ਕੋਸਟ ਕਮੇਟੀ) ਵੱਲੋਂ ਦਿੱਲੀ ਦਰਬਾਰ ਵਿਚ ਉਠਾਏ ਗਏ ਲੋਕ ਮਸਲੇ



ਸ. ਗੁਰਵੰਤ ਸਿੰਘ ਪੰਨੂੰ ਵਿਦੇਸ਼ ਰਾਜ ਮੰਤਰੀ ਮਹਾਰਾਣੀ ਪ੍ਰਨੀਤ ਕੌਰ ਨੂੰ ਮੈਮੋਰੰਡਮ ਦਿੰਦੇ ਹੋਏ।

ਸਟਾਕਟਨ (ਬਿਊਰੋ) ਪਿਛਲੇ ਕਈ ਸਾਲਾਂ ਤੋਂ ਅਮਰੀਕਾ ਵਿਚ ਰਹਿੰਦੇ ਇੰਡੀਅਨ ਲੋਕਾਂ ਦੀਆਂ ਪਾਸਪੋਰਟ ਅਤੇ ਹੋਰ ਇੰਡੀਅਨ ਕੌਂਸਲੇਟ ਨਾਲ ਸਬੰਧਤ ਸਮੱਸਿਆਵਾਂ ਦਾ ਅਮਰੀਕਾ ਦੀ ਇੰਡੀਅਨ ਨੈਸ਼ਨਲ ਕਾਂਗਰਸ ਦੀ ਵੈਸਟ ਕੋਸਟ ਕਮੇਟੀ ਨੇ ਹੱਲ ਕਰਨ ਦਾ ਬੀੜਾ ਚੁੱਕ ਰੱਖਿਆ ਸੀ ਅਤੇ ਸਮੇਂ ਸਮੇਂ ਤੇ ਰਲ ਬੈਠ ਕੇ ਹੱਲ ਕੀਤਾ ਵੀ ਗਿਆ ਪਰ ਕੁਝ ਗੰਭੀਰ ਮਸਲਿਆਂ ਦਾ ਕੋਈ ਹੱਲ ਨਾ ਹੋਣ ਤੇ ਇੰਡੀਅਨ ਨੈਸ਼ਨਲ ਕਾਂਗਰਸ, ਵੈਸਟ ਕੋਸਟ ਕਮੇਟੀ ਨੇ ਹੱਲ ਕਰਨ ਦਾ ਬੀੜਾ ਚੁੱਕ ਰੱਖਿਆ ਸੀ ਅਤੇ ਸਮੇਂ ਸਮੇਂ ਤੇ ਰਲ ਬੈਠ ਕੇ ਹੱਲ ਕੀਤਾ ਵੀ ਗਿਆ ਪਰ ਕੁਝ ਗੰਭੀਰ ਮਸਲਿਆਂ ਦਾ ਕੋਈ ਹੱਲ ਨਾ ਹੋਣ ਤੇ ਇੰਡੀਅਨ ਨੈਸ਼ਨਲ ਕਾਂਗਰਸ, ਵੈਸਟ ਕੋਸਟ ਕਮੇਟੀ ਦੇ ਹੈਡ ਅਤੇ ਮੀਤ ਪ੍ਰਧਾਨ ਗੁਰਵੰਤ ਸਿੰਘ ਪੰਨੂ (ਪੰਨੂ ਲੀਗਲ ਸਰਵਿਸ) ਵੱਲੋਂ ਇੰਡੀਆ ਦਿੱਲੀ ਦਰਬਾਰ ਵਿਚ ਵਿਦੇਸ਼ ਮੰਤਰੀ ਮਹਾਰਾਣੀ ਪ੍ਰਨੀਤ ਕੌਰ ਨਾਲ ਮੁਲਾਕਾਤ ਕੀਤੀ ਗਈ।

ਮਹਾਰਾਣੀ ਪ੍ਰਨੀਤ ਕੌਰ ਵੱਲੋਂ ਸਾਰੇ ਮਾਮਲਿਆਂ ਤੇ ਗੰਭੀਰ ਵਿਚਾਰਾਂ ਕੀਤੀਆਂ ਗਈਆਂ ਅਤੇ ਛੇਤੀ ਹੀ ਐਕਸ਼ਨ ਲੈਣ ਦਾ ਭਰੋਸਾ ਦਿੱਤਾ ਗਿਆ।



ਸ. ਗੁਰਵੰਤ ਸਿੰਘ ਪੰਨੂੰ ਵਿਦੇਸ਼ ਰਾਜ ਮੰਤਰੀ ਮਹਾਰਾਣੀ ਪ੍ਰਨੀਤ ਕੌਰ ਨਾਲ ਕਿਸੇ ਮਸਲੇ 'ਤੇ ਗੱਲਬਾਤ ਕਰਦੇ ਹੋਏ।



'ਸਾਉਣ ਦਾ ਮਹੀਨਾ ਮਾਹੀ ਆ ਗਿਆ ਗੱਡੀ ਜੋੜ ਕੇ, ਮੈ ਨੀ ਜਾਣਾ ਸਹੁਰੇ ਗੱਡੀ ਲੈ ਜਾ ਖਾਲੀ ਮੋੜ ਕੇ'

**Entry Free** **Entry Free**

# PUNJABI CULTURAL SOCIETY SACRAMENTO (U.S.A.)

ਵਲੋਂ ਪੇਸ਼ ਹੈ 14ਵੀਆਂ

# ਤੀਆਂ

# TEEYAN



## On Sunday, the 11th AUGUST 2013 At 1.00 P. M.

## AT S.E.S. Hall

**10427 E. STOCKTON BLVD. ELK GROVE, CA 95624**

**Featuring : Songs, Gidha, Dances, Skits, D.J. and Much More**

## ALL LADIES AND GIRLS ARE INVITED

**ORGANIZING COMMITTEE**

Baldev Kaur, Rashpal Kaur, Harpreet Sahota, Aman Rangi, Rajwinder Pooni, Pardeep Pooni, Kamal Dhillon, Bhavandeep Kaur, Rajbir Kaur, Balbir Pooni, Jaswinder Chohan, Jasvir Gill, Harinder Kaur, Laddi Thandi (Henna Beauty Parlour), Balwinder Garcha, Sonia Dhillon, Rani Sarhadi, Rupinder Kaur, Tajinder Kaur, Harminder Kaur, Parmjit Kaur, Inderpal Kahlon, Parmjit Aulakh, Harpreet Kaur, Rupinder Malhi & Mandeep Pharwala

**For Participation & Stalls Please Call :**

Mandeep Pharwala @ 916-682-7321, Rashpal Parhar @ 730-7191, Baldev Kaur @ 996-2010, Email: palpharwala@yahoo.com

ਇਸ ਮੌਕੇ ਤੇ ਕਪੜੇ ਅਤੇ ਗਹਿਣਿਆਂ ਦੇ ਸਟਾਲ ਵੀ ਲਾਏ ਜਾਣਗੇ ।

ਐਂਟਰੀ ਬਿਲਕੁਲ ਮੁਫ਼ਤ **No Cameras Will Be Allowed Inside The Hall** ਵੱਲੋਂ : ਪ੍ਰਬੰਧਕ ਕਮੇਟੀ

Printer : Barapind Printing Press, Email: barapindpress@gmail.com